@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Tuesday, 7 October 2025

Punjabi National Daily
Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 7 ਅਕਤੂਬਰ 2025, 23 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 328, qpatrika@gmail.com ਫੋਨ : 9971359517 www.qaumipatrika.org

# ਮਹਾਰਿਸ਼ੀ ਵਾਲਮੀਕਿ ਦੇ ਆਦਰਸ਼ ਅੱਜ ਵੀ ਪ੍ਰਸੰਗਿਕ ਹਨ: ਰੇਖਾ ਗੁਪਤਾ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ, 6 ਅਕਤੂਬਰ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਹੈ ਕਿ ਮਹਾਰਿਸ਼ੀ ਵਾਲਮੀਕਿ ਨੇ ਰਾਮਾਇਣ ਰਾਹੀਂ ਸਮਾਜ ਨੂੰ ਆਦਰਸ਼ਾਂ, ਮਾਣ ਅਤੇ ਮਨੁੱਖਤਾ ਦਾ ਰਸਤਾ ਦਿਖਾਇਆ। ਉਨ੍ਹਾਂ ਦਾ ਜੀਵਨ ਇਸ ਗੱਲ ਦਾ ਪ੍ਰਤੀਕ ਹੈ ਕਿ ਸਮਾਜ ਦੇ ਹਰ ਵਰਗ ਨੂੰ ਬਿਨਾਂ ਕਿਸੇ ਭੇਦਭਾਵ ਦੇ ਇਕੱਠੇ ਤਰੱਕੀ ਕਰਨੀ ਚਾਹੀਦੀ ਹੈ, ਅਤੇ ਹਰ ਵਿਅਕਤੀ ਨੂੰ ਸਨਮਾਨ ਨਾਲ ਜੀਵਨ ਜਿਊਣ ਦਾ ਮੌਕਾ ਮਿਲਣਾ ਚਾਹੀਦਾ ਹੈ। ਮਹਾਰਿਸ਼ੀ ਵਾਲਮੀਕਿ ਜਯੰਤੀ ਦੇ ਮੌਕੇ 'ਤੇ ਮੁੱਖ ਮੰਤਰੀ ਨੇ ਕੱਲ੍ਹ ਤਿੰਨ ਵੱਡੇ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ ਅਤੇ ਇਹ ਵੀ ਕਿਹਾ ਕਿ ਦਿੱਲੀ ਸਰਕਾਰ ਦਾ ਉਦੇਸ਼ ਸਮਾਜ ਦੇ ਆਖਰੀ ਵਿਅਕਤੀ ਨੂੰ ਸਿੱਖਿਆ, ਸਿਹਤ, ਰਿਹਾਇਸ਼ ਅਤੇ ਰੁਜ਼ਗਾਰ ਵਰਗੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਹੈ ਤਾਂ ਜੋ ਕੋਈ ਵੀ ਨਾਗਰਿਕ ਪਿੱਛੇ ਨਾ ਰਹੇ। ਉਨ੍ਹਾਂ ਕਿਹਾ ਕਿ ਦਿੱਲੀ ਦੀ ਤਰੱਕੀ ਤਾਂ ਹੀ ਸੰਭਵ ਹੈ ਜਦੋਂ ਹਰ ਵਰਗ ਨੂੰ ਬਰਾਬਰ ਉੱਚਾ ਚੁੱਕਿਆ ਜਾਵੇ। ਕੱਲ੍ਹ, ਮੁੱਖ ਮੰਤਰੀ ਨੇ ਦਿੱਲੀ ਸਕੱਤਰੇਤ, ਨਵੀਂ ਦਿੱਲੀ ਨਗਰ ਪ੍ਰੀਸ਼ਦ ਕਨਵੈਨਸ਼ਨ ਸੈਂਟਰ ਅਤੇ ਸ਼ਾਲੀਮਾਰ ਬਾਗ਼ ਹੈਦਰਪੁਰ ਖੇਤਰ ਵਿੱਚ ਮਹਾਰਿਸ਼ੀ ਵਾਲਮੀਕਿ ਜਯੰਤੀ ਨਾਲ ਸਬੰਧਤ ਤਿੰਨ ਵੱਡੇ ਸਮਾਗਮਾਂ ਵਿੱਚ ਹਿੱਸਾ ਲਿਆ ਅਤੇ ਲੋਕਾਂ ਨੂੰ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਨ ਦਾ ਸੱਦਾ ਦਿੱਤਾ। ਦਿੱਲੀ ਸਕੱਤਰੇਤ ਸਮਾਗਮ ਵਿੱਚ ਦਿੱਲੀ ਸਰਕਾਰ ਦੇ ਕੈਬਨਿਟ ਮੰਤਰੀ ਸ਼੍ਰੀ ਰਵਿੰਦਰ ਇੰਦਰਰਾਜ ਸਿੰਘ ਅਤੇ ਸ਼੍ਰੀ ਕਪਿਲ ਮਿਸ਼ਰਾ ਦੇ ਨਾਲ-ਨਾਲ ਕਈ ਵਿਧਾਇਕ ਅਤੇ ਹੋਰ ਪਤਵੰਤੇ ਸ਼ਾਮਲ ਹੋਏ। ਐਨਡੀਐਮਸੀ ਸਮਾਗਮ ਵਿੱਚ ਕੌਂਸਲ ਦੇ ਚੇਅਰਮੈਨ ਕੇਸ਼ਵ ਚੰਦਰ, ਉਪ ਚੇਅਰਮੈਨ ਕੁਲਜੀਤ ਚਾਹਲ ਅਤੇ ਹੋਰ ਪਤਵੰਤੇ ਸ਼ਾਮਲ ਹੋਏ। ਹੈਦਰਪੁਰ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀ ਸ਼ਾਮਲ ਹੋਏ। ਇਸ ਮੌਕੇ 'ਤੇ, ਮੁੱਖ ਮੰਤਰੀ ਨੇ ਸਮਾਜ ਵਿੱਚ ਸਮਾਨਤਾ, ਸਦਭਾਵਨਾ ਅਤੇ ਨਿਆਂ ਦੇ ਆਦਰਸ਼ਾਂ 'ਤੇ ਅਧਾਰਤ ਮਹਾਰਿਸ਼ੀ ਵਾਲਮੀਕਿ ਦੀਆਂ ਸਿੱਖਿਆਵਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਕਿਹਾ ਕਿ ਦਿੱਲੀ ਸਰਕਾਰ ਹਰ ਧਰਮ ਅਤੇ ਸੱਭਿਆਚਾਰ ਦੇ ਤਿਉਹਾਰਾਂ ਨੂੰ ਬਰਾਬਰ ਸਤਿਕਾਰ ਅਤੇ ਸ਼ਾਨ ਨਾਲ ਮਨਾ ਰਹੀ ਹੈ। ਦਿੱਲੀ ਵਿੱਚ ਹੁਣ ਹਰ ਧਰਮ ਅਤੇ ਪਰੰਪਰਾ ਨੂੰ ਬਰਾਬਰ ਸਤਿਕਾਰ ਮਿਲਦਾ ਹੈ, ਅਤੇ ਇਹ ਇੱਕ ਸੱਚੇ ਰਾਮਰਾਜ ਦਾ ਦ੍ਰਿਸ਼ਟੀਕੋਣ ਹੈ। ਇਸ ਮੌਕੇ ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਹੁਣ ਤੋਂ ਹਰ ਸਾਲ ਦਿੱਲੀ ਵਿੱਚ ਮਹਾਰਿਸ਼ੀ ਵਾਲਮੀਕਿ ਜਯੰਤੀ 'ਤੇ ਜਨਤਕ ਛੁੱਟੀ ਰਹੇਗੀ, ਤਾਂ ਜੋ ਇਸ ਤਿਉਹਾਰ ਨੂੰ ਪੂਰੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਜਾ ਸਕੇ। ਮੁੱਖ ਮੰਤਰੀ ਨੇ ਦੱਸਿਆ ਕਿ ਇਸ ਸਾਲ ਦਿੱਲੀ ਸਰਕਾਰ ਨੇ ਵੱਡੀ ਗਿਣਤੀ ਵਿੱਚ ਸੰਗਠਨਾਂ ਨੂੰ ਸਹਾਇਤਾ ਪ੍ਰਦਾਨ ਕੀਤੀ ਹੈ, ਤਾਂ ਜੋ ਇਸ ਤਿਉਹਾਰ ਨੂੰ ਇਤਿਹਾਸਕ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾ ਸਕੇ। ਮੁੱਖ ਮੰਤਰੀ ਨੇ ਐਨਡੀਐਮਸੀ ਦੇ ਲਗਭਗ 4,500 ਕਰਮਚਾਰੀਆਂ ਨੂੰ ਨਿਯਮਤ ਕਰਨ ਦੇ ਫੈਸਲੇ ਦੀ ਸ਼ਲਾਘਾ ਕੀਤੀ ਅਤੇ ਇਸਨੂੰ ਸਮਾਨਤਾ ਅਤੇ ਸਤਿਕਾਰ ਦੇ ਸਿਧਾਂਤਾਂ ਨੂੰ ਮਜ਼ਬੂਤ ??ਕਰਨ ਵਾਲਾ ਕਦਮ ਦੱਸਿਆ। ਕੈਬਨਿਟ ਮੰਤਰੀ ਰਵਿੰਦਰ ਇੰਦਰਾਜ ਨੇ ਕਿਹਾ ਕਿ ਇਸ ਸਾਲ ਦਿੱਲੀ ਵਿੱਚ ਪੰਜਾਬ ਤੋਂ ਭਗਵਾਨ ਵਾਲਮੀਕਿ ਦੀ ਜੋਤ ਲਿਆਉਣ ਲਈ ਇੱਕ ਵਿਸ਼ੇਸ਼ ਪਹਿਲ ਕੀਤੀ ਗਈ ਸੀ, ਜੋ ਕਿ ਦਿੱਲੀ ਦੀਆਂ ਸਾਰੀਆਂ ਰਾਮਲੀਲਾਵਾਂ ਵਿੱਚ ਸਥਾਪਿਤ ਕੀਤੀ ਗਈ ਹੈ। ਏਕਤਾ ਅਤੇ ਸਦਭਾਵਨਾ ਦਾ ਇਹ ਪ੍ਰਤੀਕ ਭਗਵਾਨ ਵਾਲਮੀਕਿ ਦੇ ਆਦਰਸ਼ਾਂ ਨੂੰ ਦਰਸਾਉਂਦਾ ਹੈ। ਇਹ ਸਦਭਾਵਨਾ ਅੱਜ ਦੇ ਸਮਾਜ ਵਿੱਚ ਸਭ ਤੋਂ ਵੱਡੀ ਪ੍ਰੇਰਨਾ ਹੈ। ਕੈਬਨਿਟ ਮੰਤਰੀ ਕਪਿਲ ਮਿਸ਼ਰਾ ਨੇ ਕਿਹਾ ਕਿ ਅਸੀਂ ਸਾਰੇ ਭਾਗਸ਼ਾਲੀ ਹਾਂ ਕਿ ਸਾਨੂੰ ਇਸ ਸਨਾਤਨ ਸੱਭਿਆਚਾਰ ਨੂੰ ਸਮਝਣ ਅਤੇ ਪ੍ਰਚਾਰ ਕਰਨ ਦਾ ਮੌਕਾ ਮਿਲਿਆ ਹੈ।




## ਵਿਧਾਨ ਸਭਾ ਚੋਣਾਂ ਦਾ ਹੋਇਆ ਐਲਾਨ: 2 ਗੇੜ 'ਚ 6 ਅਤੇ 11 ਨਵੰਬਰ ਨੂੰ ਪੈਣਗੀਆਂ ਵੋਟਾਂ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 6 ਅਕਤੂਬਰ। ਬਿਹਾਰ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦਾ ਐਲਾਨ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵਲੋਂ ਕਰ ਦਿੱਤਾ ਗਿਆ ਹੈ। ਬਿਹਾਰ ਵਿਚ 243 ਸੀਟਾਂ 'ਤੇ ਹੋਣ ਵਾਲੀਆਂ ਚੋਣਾਂ 2 ਪੜਾਵਾਂ ਵਿਚ 6 ਅਤੇ 11 ਨਵੰਬਰ ਨੂੰ ਹੋਣਗੀਆਂ। ਜਿਹਨਾਂ ਦੇ ਨਤੀਜੇ 14 ਨਵੰਬਰ ਨੂੰ ਆਉਣਗੇ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਕਿਹਾ ਕਿ ਬਿਹਾਰ ਵਿੱਚ ਪੰਜ ਸਾਲਾਂ ਬਾਅਦ ਚੋਣਾਂ ਹੋ ਰਹੀਆਂ ਹਨ। ਕਮਿਸ਼ਨ ਦਾ ਕੰਮ ਦੋ ਪੜਾਵਾਂ ਵਿੱਚ ਕੀਤਾ ਜਾਂਦਾ ਹੈ: ਪਹਿਲਾ ਪੜਾਅ ਵੋਟਰ ਸੂਚੀ ਤਿਆਰ



ਕਰਨਾ ਅਤੇ ਦੂਜਾ ਪੜਾਅ: ਚੋਣਾਂ ਕਰਵਾਉਣਾ ਹੈ। ਬਿਹਾਰ ਵਿਧਾਨ ਸਭਾ ਚੋਣਾਂ ਦੇ ਨਾਲ-ਨਾਲ ਜੰਮੂ-ਕਸ਼ਮੀਰ, ਓਡੀਸ਼ਾ, ਝਾਰਖੰਡ, ਮਿਜ਼ੋਰਮ, ਪੰਜਾਬ, ਤੇਲੰਗਾਨਾ ਅਤੇ ਰਾਜਸਥਾਨ ਦੀਆਂ ਕਈ ਸੀਟਾਂ ਲਈ ਉਪ-ਚੋਣਾਂ ਦਾ ਵੀ ਐਲਾਨ ਕੀਤਾ ਗਿਆ। ਇਨ੍ਹਾਂ ਸੱਤ ਰਾਜਾਂ ਦੀਆਂ ਅੱਠ ਸੀਟਾਂ ਲਈ ਉਪ-ਚੋਣਾਂ 11 ਨਵੰਬਰ ਨੂੰ ਹੋਣਗੀਆਂ। ਉਪ-ਚੋਣਾਂ ਤੋਂ ਬਾਅਦ 14 ਨਵੰਬਰ ਨੂੰ ਸਾਰੀਆਂ ਸੀਟਾਂ ਦੀ ਗਿਣਤੀ ਕੀਤੀ ਜਾਵੇਗੀ। ਜੰਮੂ-ਕਸ਼ਮੀਰ ਵਿੱਚ ਦੋ ਸੀਟਾਂ ਲਈ ਉਪ-ਚੋਣਾਂ ਹੋਣਗੀਆਂ, ਜਦੋਂ ਕਿ ਬਾਕੀ ਛੇ ਰਾਜਾਂ ਵਿੱਚ ਇੱਕ-ਇੱਕ ਸੀਟ ਲਈ ਉਪ-ਚੋਣਾਂ ਹੋਣਗੀਆਂ। ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਬਿਹਾਰ ਵਿੱਚ ਕੁੱਲ 7.43 ਕਰੋੜ ਵੋਟਰ ਹਨ। ਇਨ੍ਹਾਂ ਵਿੱਚ ਲਗਭਗ 3.92 ਕਰੋੜ ਪੁਰਸ਼, 3.50 ਕਰੋੜ ਔਰਤਾਂ ਅਤੇ 1,725 ??ਟ?ਰਾਂਸਜੈਂਡਰ ਵੋਟਰ ਸ਼ਾਮਲ ਹਨ। 7.2 ਲੱਖ ਦਿਵਿਆਂਗ ਵੋਟਰ ਅਤੇ 4.04 ਲੱਖ 85 ਸਾਲ ਤੋਂ ਵੱਧ ਉਮਰ ਦੇ ਸੀਨੀਅਰ ਨਾਗਰਿਕ ਵੀ ਵੋਟਰ ਸੂਚੀ ਵਿੱਚ ਹਨ। ਇਸ ਤੋਂ ਇਲਾਵਾ 14 ਹਜ਼ਾਰ ਸ਼ਤਾਬਦੀ ਵੋਟਰ, ਭਾਵ 100 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਨਾਗਰਿਕ ਵੀ ਵੋਟ ਪਾਉਣ ਦੇ ਯੋਗ ਹਨ। ਅੰਕੜਿਆਂ ਵਿੱਚ 1.63 ਲੱਖ ਸੇਵਾ ਵੋਟਰ, 1.63 ਕਰੋੜ ਨੌਜਵਾਨ ਵੋਟਰ (20-29 ਸਾਲ) ਅਤੇ ਲਗਭਗ 14.01 ਲੱਖ ਪਹਿਲੀ ਵਾਰ ਵੋਟਰ (18-19 ਸਾਲ) ਵੀ ਸ਼ਾਮਲ ਹਨ।

## ਚੀਫ਼ ਜਸਟਿਸ 'ਤੇ ਹਮਲਾ ਸੰਵਿਧਾਨ 'ਤੇ ਵੀ ਹਮਲਾ: ਸੋਨੀਆ ਗਾਂਧੀ

ਨਵੀਂ ਦਿੱਲੀ 6 ਅਕਤੂਬਰ। ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਸੋਮਵਾਰ ਨੂੰ ਕਿਹਾ ਕਿ ਚੀਫ਼ ਜਸਟਿਸ ਬੀ.ਆਰ. ਗਵਈ 'ਤੇ ਹਮਲਾ ਸਿਰਫ਼ ਉਨ੍ਹਾਂ 'ਤੇ ਹੀ ਨਹੀਂ, ਸਗੋਂ ਸੰਵਿਧਾਨ 'ਤੇ ਵੀ ਹਮਲਾ ਹੈ। ਸੋਨੀਆ ਗਾਂਧੀ ਨੇ ਇੱਕ ਬਿਆਨ ਵਿੱਚ ਕਿਹਾ, ਸੁਪਰੀਮ ਕੋਰਟ ਵਿੱਚ ਭਾਰਤ ਦੇ ਮਾਣਯੋਗ ਚੀਫ਼ ਜਸਟਿਸ 'ਤੇ ਹੋਏ ਹਮਲੇ ਦੀ ਨਿੰਦਾ ਕਰਨ ਲਈ ਕੋਈ ਸ਼ਬਦ ਕਾਫ਼ੀ ਨਹੀਂ ਹਨ। ਇਹ ਨਾ ਸਿਰਫ਼ ਉਨ੍ਹਾਂ (ਸੀਜੇਆਈ) 'ਤੇ, ਸਗੋਂ ਸਾਡੇ ਸੰਵਿਧਾਨ 'ਤੇ ਵੀ ਹਮਲਾ ਹੈ। ਕਾਂਗਰਸ ਦੀ ਸਾਬਕਾ ਪ੍ਰਧਾਨ ਨੇ ਕਿਹਾ, ਚੀਫ਼ ਜਸਟਿਸ ਗਵਈ ਬਹੁਤ ਹਮਦਰਦ ਹਨ ਪਰ ਦੇਸ਼ ਨੂੰ ਇੱਕਜੁੱਟ ਹੋ ਕੇ ਡੂੰਘੇ ਦੁੱਖ ਅਤੇ ਗੁੱਸੇ ਵਿੱਚ ਉਨ੍ਹਾਂ ਦੇ ਨਾਲ ਖੜ੍ਹਾ ਹੋਣਾ ਚਾਹੀਦਾ ਹੈ। ਸੋਮਵਾਰ ਨੂੰ ਸੁਪਰੀਮ ਕੋਰਟ ਵਿੱਚ ਕਾਰਵਾਈ ਦੌਰਾਨ ਇੱਕ 71 ਸਾਲਾ ਵਕੀਲ ਨੇ ਕਥਿਤ ਤੌਰ 'ਤੇ ਜਸਟਿਸ ਗਵਈ 'ਤੇ ਜੁੱਤੀ ਸੁੱਟਣ ਦੀ ਕੋਸ਼ਿਸ਼ ਕੀਤੀ। ਘਟਨਾ ਤੋਂ ਬਾਅਦ ਸੀਜੇਆਈ ਨੇ ਆਪਣਾ ਸ਼ਾਂਤ ਬਣਾਈ ਰੱਖਿਆ ਅਤੇ ਅਦਾਲਤ ਵਿੱਚ ਮੌਜੂਦ ਵਕੀਲਾਂ ਨੂੰ ਆਪਣੀਆਂ ਦਲੀਲਾਂ ਜਾਰੀ ਰੱਖਣ ਦੀ ਤਾਕੀਦ ਕੀਤੀ। ਦੋਸ਼ੀ ਵਕੀਲ ਦੀ ਪਛਾਣ ਬਾਅਦ ਵਿੱਚ ਰਾਕੇਸ਼ ਕਿਸ਼ੋਰ (71) ਵਜੋਂ ਹੋਈ, ਜੋ ਕਿ ਮਯੂਰ ਵਿਹਾਰ ਦਾ ਰਹਿਣ ਵਾਲਾ ਸੀ, ਨੇ ਮੰਚ 'ਤੇ ਪਹੁੰਚ ਕੇ ਆਪਣਾ ਜੁੱਤੀ ਉਤਾਰੀ ਅਤੇ ਜੱਜਾਂ 'ਤੇ ਸੁੱਟਣ ਦੀ ਕੋਸ਼ਿਸ਼ ਕੀਤੀ।

## 'ਆਪ' ਦੇ ਰਾਜ ਸਭਾ ਉਮੀਦਵਾਰ ਰਾਜਿੰਦਰ ਗੁਪਤਾ ਨੇ ਮਨੀਸ਼ ਸਿਸੋਦੀਆ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ/ਬਰਨਾਲਾ/ਪਟਿਆਲਾ 6 ਅਕਤੂਬਰ। ਆਮ ਆਦਮੀ ਪਾਰਟੀ ਵੱਲੋਂ ਹਾਲ ਹੀ ਵਿਚ ਰਾਜ ਸਭਾ ਲਈ ਐਲਾਨੇ ਗਏ ਉਮੀਦਵਾਰ ਰਾਜਿੰਦਰ ਗੁਪਤਾ ਨੇ ਅੱਜ ਚੰਡੀਗੜ੍ਹ ਵਿਖੇ 'ਆਪ' ਦੇ ਸੀਨੀਅਰ ਆਗੂ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਨਾਲ ਅਹਿਮ ਮੁਲਾਕਾਤ ਕੀਤੀ। ਇਸ ਮੁਲਾਕਾਤ ਨੇ ਪੰਜਾਬ ਦੀ ਸਿਆਸਤ ਵਿਚ ਨਵੀਂ ਹਲਚਲ ਪੈਦਾ ਕਰ ਦਿੱਤੀ ਹੈ। ਰਾਜਿੰਦਰ ਗੁਪਤਾ ਜੋ ਕਿ ਇਕ ਉੱਘੇ ਕਾਰੋਬਾਰੀ ਅਤੇ ਸਮਾਜ ਸੇਵੀ ਹਨ, ਨੇ ਸਿਸੋਦੀਆ ਨਾਲ ਇਹ ਮੁਲਾਕਾਤ ਅਜਿਹੇ ਸਮੇਂ ਕੀਤੀ ਹੈ ਜਦੋਂ ਪਾਰਟੀ ਪੰਜਾਬ ਵਿਚ ਆਪਣੀ ਸਥਿਤੀ ਹੋਰ ਮਜ਼ਬੂਤ ਕਰਨ 'ਤੇ ਧਿਆਨ ਦੇ ਰਹੀ ਹੈ। ਪਾਰਟੀ ਸੂਤਰਾਂ ਅਨੁਸਾਰ ਇਸ ਮੁਲਾਕਾਤ ਦੌਰਾਨ ਗੁਪਤਾ ਨੇ ਸਿਸੋਦੀਆ ਤੋਂ ਰਾਜ ਸਭਾ ਮੈਂਬਰ ਵਜੋਂ ਆਪਣੀ ਭੂਮਿਕਾ ਅਤੇ ਪਾਰਟੀ ਦੇ ਰਾਸ਼ਟਰੀ ਏਜੰਡੇ ਬਾਰੇ ਚਰਚਾ ਕੀਤੀ ਹੈ।



# ਆਰ.ਐੱਸ.ਐੱਸ.ਦਾ 100ਵਾਂ ਸਥਾਪਨਾ ਦਿਵਸ ਮਨਾਇਆ

**ਕੌਮੀ ਪਤ੍ਰਿਕਾ**

ਲੌਂਗੋਵਾਲ, 6 ਅਕਤੂਬਰ: ਅਧਰਮ ਉੱਤੇ ਧਰਮ ਦੀ ਜਿੱਤ ਦੇ ਤਿਉਹਾਰ ਵਿਜੈਦਸ਼ਮੀ ਵਾਲੇ ਦਿਨ ਰਾਸ਼ਟ?ਰੀਯ ਸਵਯੰਸੇਵਕ ਸੰਘ ਨੇ ਆਪਣਾ 100ਵਾਂ ਸਥਾਪਨਾ ਦਿਵਸ ਮਨਾਇਆ। ਅੱਜ ਦੇ ਦਿਨ 1925 ਨੂੰ ਡਾ. ਕੇਸ਼ਵ ਬਲਿਰਾਮ ਹੇਡਗੇਵਾਰ ਜੀ ਨੇ ਕੁਝ ਬੱਚਿਆਂ ਨੂੰ ਨਾਲ ਲੈ ਕੇ ਸੰਘ ਦੀ ਸਥਾਪਨਾ ਕੀਤੀ ਸੀ ਅਤੇ ਅੱਜ ਇਹ ਦੁਨੀਆ ਦਾ ਸਭ ਤੋਂ ਵੱਡਾ ਗੈਰ-ਸਰਕਾਰੀ ਸੰਗਠਨ ਬਣ ਚੁਕਿਆ ਹੈ। ਇਸ ਮੌਕੇ 'ਤੇ ਪੂਰੇ ਦੇਸ਼ ਅੰਦਰ ਵੱਖ-ਵੱਖ ਥਾਵਾਂ ਉੱਤੇ ਸਮਾਰੋਹ ਆਯੋਜਿਤ ਹੋਏ, ਆਪਣੇ ਸ਼ਹਿਰ ਅਗਰਵਾਲ ਧਰਮਸ਼ਾਲਾ ਵਿਖੇ ਕਰਵਾਏ ਗਏ ਸਮਾਰੋਹ ਦੇ ਪ੍ਰਧਾਨ ਰਾਸ਼ਟ?ਰੀਯ ਸਵਯੰਸੇਵਕ ਸੰਘ ਦੇ ਅਧਿਕਾਰੀ ਸ੍ਰੀ ਰਵਿੰਦਰ ਕੁਮਾਰ ਸਕਸੇਨਾ ਮੁੱਖ ਬੁਲਾਰੇ ਸਰਦਾਰ ਗੁਰਬਚਨ ਸਿੰਘ ਮੋਖਾ ਅਤੇ ਮੁੱਖ ਮਹਿਮਾਨ ਡਾਕਟਰ ਮਨੀਸ਼ ਵਸ਼ਿਸ਼ਟ ਅਤੇ ਸ਼੍ਰੀਮਾਨ ਹਰਵਿੰਦਰ ਜੀ ਨੇ ਸ਼ਸਤਰ ਪੂਜਨ ਕੀਤਾ। ਇਸ ਮੌਕੇ ਇਲਾਕੇ ਦੇ ਅਨੇਕ ਪਤਵੰਤੇ ਸੱਜਣ-ਭੈਣਾ ਤੇ ਸਵਯੰਸੇਵਕ ਮੌਜੂਦ ਸਨ। ਸਮਾਰੋਹ ਨੂੰ ਸੰਬੋਧਨ ਕਰਦਿਆਂ ਮੁੱਖ ਬੁਲਾਰੇ ਸ਼?ਰੀ ਗੁਰੂ ਬਚਨ ਸਿੰਘ ਜੀ ਨੇ ਕਿਹਾ ਕਿ 'ਸਵ' ਬੋਧ, ਪਰਿਆਵਰਣ ਸੰਰਖਣ, ਨਾਗਰਿਕ ਕਰਤੱਵਾਂ ਦੀ ਪਾਲਣਾ, ਸਮਰਸਤਾ ਅਤੇ ਆਦਰਸ਼ ਪਰਿਵਾਰ ਪ੍ਰਨਾਲੀ ਰਾਹੀਂ ਹੀ ਭਾਰਤ ਦਾ ਸਮੂਚਾ ਵਿਕਾਸ ਸੰਭਵ ਹੈ। ਉਹਨਾਂ ਕਿਹਾ ਕਿ ਕਿਸੇ ਵੀ ਰਾਸ਼ਟਰ ਦੇ ਨਿਰਮਾਣ ਤੇ ਉੱਥਾਨ ਲਈ ਉੱਥੇ ਦੇ ਨਾਗਰਿਕਾਂ ਨੂੰ ਚਰਿੱਤਰਵਾਨ ਤੇ ਦੇਸ਼ ਭਗਤੀ ਦੇ ਗੁਣਾਂ ਤੋਂ ਸੰਪਨ ਹੋਣਾ ਜਰੂਰੀ ਹੈ। ਕਈ ਵਾਰੀ ਚਰਿੱਤਰ ਦੇ ਬਿਨਾ ਸਿੱਖਿਆ ਅਤੇ ਗਿਆਨ ਵੀ ਘਾਤਕ ਬਣ ਜਾਂਦਾ ਹੈ। ਉਹਨਾਂ ਕਿਹਾ ਕਿ ਸੰਘ ਚਰਿੱਤਰ ਨਿਰਮਾਣ ਤੋਂ ਰਾਸ਼ਟਰ ਨਿਰਮਾਣ ਦੀ ਕਾਰਜਪੱਧਤੀ ਰਾਹੀ ਰਾਸ਼ਟਰ ਦੇ ਪਰਮਵੈਭਵ ਲਈ ਕੰਮ ਕਰ ਰਿਹਾ ਹੈ। ਸ਼ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਬਲੀਦਾਨ ਦਿਵਸ ਨੂੰ ਮੁੱਖ ਰਖਦਿਆਂ ਸੰਘ ਅਧਿਕਾਰੀ ਰਵਿੰਦਰ ਕੁਮਾਰ ਨੇ ਕਿਹਾ ਕਿ ਗੁਰੂ ਜੀ ਨੇ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਕਦਰਾਂ ਕੀਮਤਾਂ ਦੀ ਰੱਖਿਆ ਦਾ ਸੁਨੇਹਾ ਦਿੱਤਾ। ਉਹਨਾਂ ਇਹ ਵੀ ਸਿਖਾਇਆ ਕਿ ਦੁਨੀਆ ਦਾ ਹਰ ਧਰਮ ਸਨਮਾਨਤ ਹੈ ਅਤੇ ਕਿਸੇ ਨੂੰ ਧਰਮ ਦੇ ਅਧਾਰ ਉੱਤੇ ਦੂਸਰਿਆਂ ਉੱਪਰ ਅੱਤਿਆਚਾਰ ਕਰਨ ਅਤੇ ਕਿਸੇ ਨੂੰ ਧਰਮ ਬਦਲੀ ਲਈ ਮਜਬੂਰ ਕਰਨ ਦਾ ਅਧਿਕਾਰ ਨਹੀਂ ਹੈ। ਗੁਰੂਜੀ ਨੇ ਇਹ ਵੀ ਸੁਨੇਹਾ ਦਿੱਤਾ ਕਿ ਆਪਣੇ ਧਰਮ ਦੀ ਰੱਖਿਆ ਲਈ ਜੇਕਰ ਮਨੁੱਖ ਨੂੰ ਆਪਣੇ ਜੀਵਨ ਦਾ ਵੀ ਬਲੀਦਾਨ ਕਰਨਾ ਪਵੇ ਤਾਂ ਉਸਨੂੰ ਪਿੱਛੇ ਨਹੀਂ ਹਟਣਾ ਚਾਹੀਦਾ। ਆਪਣੇ ਸੰਬੋਧਨ ਦੌਰਾਨ ਸੰਘ ਵੱਲੋਂ ਦਿੱਤੇ ਗਏ ਪੰਜ ਪਰਿਵਰਤਨਾਂ ਦੇ ਸੱਦੇ ਦਾ ਜਿਕਰ ਕਰਦਿਆਂ ਸੰਘ ਅਧਿਕਾਰੀ ਨੇ ਕਿਹਾ ਕਿ 'ਸਵ' ਦੇ ਬੋਧ, ਪਰਿਆਵਰਣ ਸੰਰਖਣ, ਨਾਗਰਿਕ ਕਰਤੱਵਾਂ ਦੀ ਪਾਲਣਾ, ਸਮਰਸਤਾ ਅਤੇ ਆਦਰਸ਼ ਪਰਿਵਾਰ ਪ੍ਰਨਾਲੀ ਦੇ ਰਾਹ ਉੱਤੇ ਚਲਦਿਆਂ ਭਾਰਤ ਆਪਣਾ ਸਰਵਪੱਖੀ ਵਿਕਾਸ ਕਰ ਸਕਦਾ ਹੈ। ਸੰਘ ਦਾ ਮੰਨਣਾ ਹੈ ਕਿ ਇਕ ਸ਼ਕਤੀਸ਼ਾਲੀ, ਸੱਭਿਅਕ ਅਤੇ ਹਰ ਖੇਤਰ ਵਿੱਚ ਪ੍ਰਗਤੀਸ਼ੀਲ ਰਾਸ਼ਟਰ ਲਈ ਸਮਾਜਕ ਸਮਰਸਤਾ ਜਰੂਰੀ ਅੰਗ ਹੈ। ਜਾਤੀ, ਧਰਮ, ਖਾਨਦਾਨ ਅਤੇ ਲੈਂਗਿਕ ਅਧਾਰ 'ਤੇ ਵੰਡਿਆ ਰਾਸ਼ਟਰ ਕਦੇ ਵੀ ਆਪਣੀ ਏਕਤਾ-ਅਖੰਡਤਾ ਤੇ ਸੁਰੱਖਿਆ ਕਾਇਮ ਨਹੀਂ ਰੱਖ ਸਕਦਾ। ਸੰਘ ਪਰਿਵਾਰ ਨੂੰ ਭਾਰਤੀ ਸੰਸਕ੍ਰਿਤੀ, ਕਦਰਾਂ ਕੀਮਤਾਂ, ਆਦਰਸ਼ਾਂ ਅਤੇ ਸੰਸਕਾਰਾਂ ਦੀ ਅਧਾਰਸ਼ਿਲਾ ਮੰਨਦਾ ਹੈ। ਪੱਛਮੀ ਸੰਸਕ੍ਰਿਤੀ ਦੇ ਪ੍ਰਭਾਵ ਅਤੇ ਅਧੁਨੀਕ ਜੀਵਨ ਸ਼ੈਲੀ ਦੇ ਦਬਾਅ ਦੇ ਕਾਰਨ ਪਰੰਪਰਾਗਤ ਪਰਿਵਾਰਿਕ ਮੁੱਲਾਂ ਦਾ ਪਤਨ ਹੋ ਰਿਹਾ ਹੈ। ਪਰਿਵਾਰ ਪ੍ਰਬੋਧਨ ਰਾਹੀਂ ਆਪਾਂ ਆਪਣੇ ਪਰਿਵਾਰਾਂ ਨੂੰ ਭਾਰਤੀ ਸੰਸਕ੍ਰਿਤੀ, ਪਰੰਪਰਾਵਾਂ ਅਤੇ ਕਦਰਾਂ-ਕੀਮਤਾਂ ਪ੍ਰਤੀ ਸਜਗ ਕਰਦੇ ਹਾਂ। ਉਹਨਾਂ ਕਿਹਾ ਕਿ ਪਰਿਆਵਰਣ ਸੰਰਖਣ ਮੌਜੂਦਾ ਸਮੇਂ ਦੀ ਬਹੁਤ ਵੱਡੀ ਚੁਣੌਤੀ ਹੈ, ਜਿਸ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਦੇ ਲਈ ਪਰਿਆਵਰਣ ਪੱਖੀ ਜੀਵਨ ਸ਼ੈਲੀ ਅਪਨਾਉਣੀ ਜਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੇ ਵਿਕਾਸ ਲਈ ਆਰਥਿਕ ਆਤਮਨਿਰਭਰਤਾ ਬੇਹੱਦ ਜਰੂਰੀ ਹੈ। ਉਪਭੋਕਤਾਵਾਦੀ ਸੱਭਿਆਚਾਰ ਅਤੇ ਜਰੂਰਤ ਤੋਂ ਜਿਆਦਾ ਆਯਾਤ ਸਾਡੇ ਅਰਥਚਾਰੇ ਲਈ ਖਤਰਨਾਕ ਹੈ। ਭਾਰਤੀ ਉਤਪਾਦਾਂ ਅਤੇ ਸਥਾਨਕ ਕੰਮ ਧੰਧਿਆਂ ਨੂੰ ਅਪਨਾਉਣ ਅਤੇ ਇਹਨਾ ਦਾ ਵਿਕਾਸ ਕਰਨ ਵਿੱਚ ਹੀ ਆਪਣੇ ਸਮਾਜ ਅਤੇ ਦੇਸ਼ ਦੀ ਭਲਾਈ ਹੈ। ਨਾਗਰਿਕ ਕਰਤੱਵਾਂ ਬਾਰੇ ਬੋਲਦਿਆਂ ਸੰਘ ਅਧਿਕਾਰੀ ਨੇ ਕਿਹਾ ਕਿ ਗਿਆਨਵਾਨ ਅਤੇ ਉੱਨਤਸ਼ੀਲ ਲੋਕਤਾਂਤਰਿਕ ਰਾਸ਼ਟਰ ਲਈ ਉਸਦੇ ਨਾਗਰਿਕਾਂ ਦਾ ਆਪਣੇ ਮੌਲਿਕ ਅਧਿਕਾਰਾਂ ਦੇ ਨਾਲ-ਨਾਲ ਫਰਜਾਂ ਨੂੰ ਲੈ ਕੇ ਵੀ ਜਾਗਰੂਕ ਅਤੇ ਜਿੰਮੇਵਾਰ ਹੋਣਾ ਬੇਹੱਦ ਜ਼ਰੂਰੀ ਹੈ। ਨਾਗਰਿਕ ਕਰਤਵਾਂ ਦੇ ਤਹਿਤ ਮਤਦਾਨ ਕਰਨਾ, ਇਮਾਨਦਾਰੀ ਨਾਲ ਕਰਾਂ ਦਾ ਭੁਗਤਾਨ ਕਰਨਾ, ਸਾਰਵਜਨਿਕ ਸੰਪਤੀ ਦੀ ਰੱਖਿਆ, ਕਾਨੂੰਨਾਂ ਦੀ ਪਾਲਣਾ ਅਤੇ ਸਮਾਜਕ ਕੰਮਾਂ ਵਿੱਚ ਵਧ-ਚੜ੍ਹ ਕੇ ਹਿੱਸੇਦਾਰੀ ਕਰਨਾ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਕਿ ਇਹਨਾਂ ਪੰਜ ਪਰਿਵਰਤਨਾਂ ਨੂੰ ਲੈ ਕੇ ਹੀ ਸੰਘ ਦੇਸ਼ ਦੇ ਨਾਗਰਿਕਾਂ ਕੋਲ ਜਾ ਰਿਹਾ ਹੈ। ਸਮਾਰੋਹ ਦੇ ਮੁੱਖ ਮਹਿਮਾਨ ਡਾਕਟਰ ਮਨੀਸ਼ ਵਸ਼ਿਸ਼ਟ ਜੀ ਅਤੇ ਹਰਵਿੰਦਰ ਜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਆਪਣੇ ਸਦਕਰਮਾਂ ਤੇ ਸਕਾਰਾਤਮਕ ਕਾਰਜ ਪੱਧਤੀ ਦੇ ਚਲਦਿਆਂ ਹੀ ਸੰਘ ਆਪਣੇ ਜੀਵਨ ਦੇ 100 ਸਾਲਾਂ ਵਿੱਚ ਦੇਸ਼ ਭਗਤੀ, ਆਪਸੀ ਭਾਈਚਾਰੇ ਅਤੇ ਸੇਵਾ ਆਦਿ ਗੁਣਾਂ ਦਾ ਦੂਸਰਾ ਨਾਮ ਬਣ ਗਿਆ ਹੈ। ਉਹਨਾਂ ਕਿਹਾ ਕਿ ਦੇਸ਼ ਸਾਹਮਣੇ ਜਦੋਂ ਵੀ ਕੋਈ ਸੰਕਟ ਆਇਆ ਹੈ ਤਾਂ ਸੰਘ ਦੇ ਸਵਯੰਸੇਵਕ ਅੱਗੇ ਆ ਕੇ ਆਪਣੇ ਰਾਸ਼ਟਰੀ ਜਿੰਮੇਵਾਰੀ ਨਿਭਾਉਂਦੇ ਰਹੇ ਹਨ।

### ਇਗਨੂੰ ਨੇ ਦਾਖਲੇ ਦੀ ਆਖੀਰੀ ਮਿੱਤੀ 16 ਅਕਤੂਬਰ ਤੱਕ ਵਧਾਈ

ਚੰਡੀਗੜ੍ਹ, 6 ਅਕਤੂਬਰ: ਇੰਦਰਾਂ ਗਾਂਧੀ ਰਾਸ਼ਟਰੀ ਮੁਕਤ ਯੂਨੀਵਰਸਿਟੀ (ਇਗਨੂੰ) ਦੇ ਦਾਖਲਾ ਕੋਰਸਾਂ ਵਿੱਚ ਦਾਖਲਾ ਲੈਣ ਦੇ ਇਛੁੱਕ ਵਿਦਿਆਰਥੀਆਂ ਲਈ ਦਾਖਲੇ ਦੀ ਮਿੱਤੀ ਨੂੰ 16 ਅਕਤੂਬਰ ਤੱਕ ਅੱਗੇ ਵਧਾ ਦਿੱਤਾ ਹੈ। ਇਹ ਜਾਣਕਾਰੀ ਦਿੰਦੇ ਹੋਏ ਇਗਨੂੰ ਦੇ ਬੁਲਾਰੇ ਨੇ ਦਸਿਆ ਕਿ ਇਹ ਮਿੱਤੀ ਉਨ੍ਹਾਂ ਸਾਰੇ ਕੋਰਸਾਂ 'ਤੇ ਲਾਗੂ ਹੋਵੇਗੀ ਜੋ ਸਰਟੀਫਿਕੇਟ ਪ੍ਰੋਗਰਾਮ ਨੂੰ ਛੱਡ ਕੇ ਡਿਪਲੋਮਾ, ਪੀਜੀ ਡਿਪਲੋਮਾ, ਗਜੈਜੂਏਟ ਅਤੇ ਪੋਸਅ ਗਰੈਜੂਏਟ ਪ੍ਰੋਗਰਾਮਾਂ ਦੇ ਤਹਿਤ ਆਉਂਦੇ ਹਨ। ਜਿਨ੍ਹਾਂ ਵਿਦਿਆਰਥੀਆਂ ਨੇ ਇਗਨੂੰ ਦੇ ਪੋਰਟਲ 'ਤੇ ਪਹਿਲਾਂ ਤੋਂ ਰਜਿਸਟ?ਰੇਸ਼ਣ ਕਰ ਲਿਆ ਹੈ, ਪਰ ਹੁਣ ਤੱਕ ਫੀਸ ਦਾ ਭੁਗਤਾਨ ਨਹੀਂ ਕੀਤਾ ਹੈ, ਉਨ੍ਹਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਲਦੀ ਫੀਸ ਜਮ?ਹਾ ਕਰ ਆਪਣੇ ਦਾਖਲੇ ਨੂੰ ਯਕੀਨੀ ਕਰਨ।

## ਪੰਜਾਬ ਲਈ ਵੱਡੇ ਖ਼ਤਰੇ ਦੀ ਘੰਟੀ, ਇੰਨਾ ਪਵੇਗਾ ਮੀਂਹ ਜਿੰਨਾ ਪਿਛਲੇ 80 ਸਾਲਾਂ 'ਚ ਨਹੀਂ ਪਿਆ

**ਕੌਮੀ ਪਤ੍ਰਿਕਾ**

ਚੰਡੀਗੜ੍ਹ 6 ਅਕਤੂਬਰ। ਭਾਰੀ ਬਰਸਾਤ ਤੋਂ ਬਾਅਦ ਆਏ ਹੜ੍ਹਾਂ ਦੀ ਮਾਰ ਤੋਂ ਅਜੇ ਪੰਜਾਬ ਉਭਰ ਨਹੀਂ ਸਕਿਆ ਕਿ ਹੁਣ ਮੁੜ ਸੂਬੇ ਵਿਚ ਹੜ੍ਹ ਦਾ ਖ਼ਤਰਾ ਮੰਡਰਾਉਣ ਲੱਗਾ ਹੈ। ਮੌਸਮ ਵਿਭਾਗ ਦੀ ਤਾਜ਼ਾ ਭਵਿੱਖਬਾਣੀ ਮਗਰੋਂ ਵੀਰਵਾਰ ਨੂੰ ਰਣਜੀਤ ਸਾਗਰ ਡੈਮ ਤੋਂ ਰਾਵੀ ਦਰਿਆ ਵਿਚ ਫਿਰ ਵਾਧੂ ਪਾਣੀ ਛੱਡਣਾ ਸ਼ੁਰੂ ਕਰ ਦਿੱਤਾ ਗਿਆ ਹੈ। ਜਲ ਸਰੋਤ ਵਿਭਾਗ ਦੇ ਮੁੱਖ ਇੰਜੀਨੀਅਰਾਂ ਅਤੇ ਤਕਨੀਕੀ ਮਾਹਿਰਾਂ ਨੇ ਭਾਰਤੀ ਮੌਸਮ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਵਰਚੁਅਲ ਮੀਟਿੰਗ ਕਰਕੇ ਇਸ ਬਾਰੇ ਚਰਚਾ ਕੀਤੀ ਹੈ। ਦੂਜੇ ਪਾਸੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ. ਬੀ. ਐੱਮ. ਬੀ) ਨੇ ਵੀ ਅੰਦਰੂਨੀ ਤੌਰ 'ਤੇ ਚਰਚਾ ਸ਼ੁਰੂ ਕਰ ਕੇ ਰਣਨੀਤੀ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਪੰਜਾਬ ਲਈ ਅਕਤੂਬਰ ਦਾ ਪਹਿਲਾ ਹਫ਼ਤਾ ਚੁਣੌਤੀ ਭਰਿਆ ਰਹਿ ਸਕਦਾ ਹੈ। ਇਸ ਪਹਿਲੇ ਹਫ਼ਤੇ ਵਿਚ ਇੰਨਾ ਮੀਂਹ ਪੈਣ ਦੀ ਪੇਸ਼ੀਨਗੋਈ ਹੈ ਜਿੰਨਾ ਪਿਛਲੇ 80 ਵਰ੍ਹ?ਆਂ ਵਿਚ ਕਦੇ ਦਰਜ ਨਹੀਂ ਕੀਤਾ ਗਿਆ। ਮੌਸਮ ਵਿਭਾਗ ਅਨੁਸਾਰ 4 ਅਕਤੂਬਰ ਰਾਤ ਤੋਂ ਬਾਰਸ਼ ਸ਼ੁਰੂ ਹੋਣ ਦੀ ਸੰਭਾਵਨਾ ਹੈ ਅਤੇ 6-7 ਅਕਤੂਬਰ ਨੂੰ ਭਾਰੀ ਤੋਂ ਬਹੁਤ ਭਾਰੀ ਬਾਰਸ਼ ਹੋਣ ਦਾ ਅਨੁਮਾਨ ਹੈ। ਮੌਸਮ ਵਿਭਾਗ ਨੇ ਪੰਜਾਬ ਵਿਚ ਇਨ੍ਹਾਂ ਦੋ ਦਿਨਾਂ ਦੌਰਾਨ ਔਸਤ 110 ਮਿਲੀਮੀਟਰ, ਜੰਮੂ ਖੇਤਰ ਵਿਚ ਕਰੀਬ 120 ਮਿਲੀਮੀਟਰ ਅਤੇ ਹਿਮਾਚਲ ਪ੍ਰਦੇਸ਼ 'ਚ ਔਸਤ 160 ਤੋਂ 180 ਮਿਲੀਮੀਟਰ ਬਾਰਿਸ਼ ਹੋਣ ਦੀ ਪੇਸ਼ੀਨਗੋਈ ਕੀਤੀ ਹੈ। ਮੌਸਮ ਵਿਭਾਗ ਅਨੁਸਾਰ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੇ ਵੱਖ-ਵੱਖ ਹਿੱਸਿਆਂ ਵਿਚ 6-7 ਅਕਤੂਬਰ ਨੂੰ ਭਾਰੀ ਮੀਂਹ ਪਵੇਗਾ। ਪੰਜਾਬ ਦੇ ਖ਼ਾਸ ਕਰ ਕੇ ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਰੋਪੜ, ਜਲੰਧਰ, ਲੁਧਿਆਣਾ, ਪਟਿਆਲਾ, ਮੋਗਾ, ਮਾਨਸਾ, ਗੁਰਦਾਸਪੁਰ, ਬਰਨਾਲਾ ਤੇ ਬਠਿੰਡਾ ਵਿਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਸੂਬਾ ਸਰਕਾਰ ਨੇ ਨਵੀਂ ਚੁਣੌਤੀ ਦੇ ਮੱਦੇਨਜ਼ਰ ਰਣਜੀਤ ਸਾਗਰ ਡੈਮ ਨੂੰ ਖਾਲ੍ਹੀ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਰਾਵੀ ਵਿਚ ਹੋਰ ਪਾਣੀ ਛੱਡਣਾ ਸ਼ੁਰੂ ਕਰ ਦਿੱਤਾ ਹੈ। ਦੋ ਦਿਨ ਪਹਿਲਾਂ ਤੱਕ ਰਣਜੀਤ ਸਾਗਰ ਡੈਮ 'ਚੋਂ 10 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਸੀ। ਕੱਲ੍ਹ ਤੱਕ 20,362 ਕਿਊਸਿਕ ਅਤੇ ਅੱਜ ਬਾਅਦ ਪਟਿਆਲਾ, ਮੋਗਾ, ਮਾਨਸਾ, ਗੁਰਦਾਸਪੁਰ, ਬਰਨਾਲਾ ਤੇ ਬਠਿੰਡਾ ਵਿਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਸੂਬਾ ਸਰਕਾਰ ਨੇ ਨਵੀਂ ਚੁਣੌਤੀ ਦੇ ਮੱਦੇਨਜ਼ਰ ਰਣਜੀਤ ਸਾਗਰ ਡੈਮ ਨੂੰ ਖਾਲ੍ਹੀ ਪਟਿਆਲਾ, ਮੋਗਾ, ਮਾਨਸਾ, ਗੁਰਦਾਸਪੁਰ, ਬਰਨਾਲਾ ਤੇ ਬਠਿੰਡਾ ਵਿਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਸੂਬਾ ਸਰਕਾਰ ਨੇ ਨਵੀਂ ਚੁਣੌਤੀ ਦੇ ਮੱਦੇਨਜ਼ਰ ਰਣਜੀਤ ਸਾਗਰ ਡੈਮ ਨੂੰ ਖਾਲ੍ਹੀ ਦੁਪਹਿਰ 1 ਵਜੇ ਤੋਂ 37,686 ਕਿਊਸਿਕ ਪਾਣੀ ਛੱਡਣਾ ਸ਼ੁਰੂ ਕਰ ਦਿੱਤਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਅਕਤੂਬਰ ਮਹੀਨੇ 'ਚ ਪਹਿਲਾਂ ਕਦੇ ਇੰਨਾ ਮੀਂਹ ਦਰਜ ਨਹੀਂ ਕੀਤਾ ਗਿਆ ਹੈ। ਪੰਜਾਬ ਵਿਚ ਪਹਿਲਾਂ ਹੀ ਕਰੀਬ ਪੰਜ ਲੱਖ ਏਕੜ ਫ਼ਸਲ ਪ੍ਰਭਾਵਿਤ ਹੋ ਚੁੱਕੀ ਹੈ। ਖੇਤਾਂ 'ਚੋਂ ਰੇਤਾ ਹਟਾਉਣ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ ਤਾਂ ਜੋ ਖੇਤਾਂ ਨੂੰ ਹਾੜ੍ਹੀ ਦੀ ਫ਼ਸਲ ਲਈ ਤਿਆਰ ਕੀਤਾ ਜਾ ਸਕੇ।

## ਜੀਦਾ ਬਲਾਸਟ ਮਾਮਲੇ 'ਚ ਸਨਸਨੀਖੇਜ਼ ਖੁਲਾਸਾ: ਆਰਮੀ ਕੈਂਪ 'ਤੇ ਹਮਲਾ ਕਰਨ ਦੀ ਦੋਸ਼ੀ ਬਣਾ ਰਿਹਾ ਸੀ ਯੋਜਨਾ

ਬਠਿੰਡਾ 6 ਅਕਤੂਬਰ। ਜੀਦਾ ਬਲਾਸਟ ਮਾਮਲੇ ਵਿੱਚ ਪੁਲਸ ਰਿਮਾਂਡ ਦੌਰਾਨ ਇੱਕ ਵੱਡਾ ਖੁਲਾਸਾ ਹੋਇਆ ਹੈ। ਸੂਤਰਾਂ ਅਨੁਸਾਰ ਮੁਲਜ਼ਮ ਗੁਰਪ੍ਰੀਤ ਕਠੂਆ ਵਿੱਚ ਆਰਮੀ ਕੈਂਪ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਿਹਾ ਸੀ। ਇਸ ਲਈ ਉਸਨੇ ਜੰਮੂ ਲਈ ਬੱਸ ਟਿਕਟ ਵੀ ਬੁੱਕ ਕੀਤੀ ਸੀ। ਜਾਣਕਾਰੀ ਅਨੁਸਾਰ ਦੋਸ਼ੀ ਗੁਰਪ੍ਰੀਤ ਨੂੰ ਜੰਮੂ-ਕਸ਼ਮੀਰ ਵਿੱਚ ਤਾਇਨਾਤ



ਫੌਜ ਪ੍ਰਤੀ ਡੂੰਘੀ ਨਫ਼ਰਤ ਸੀ ਅਤੇ ਉਹ ਮੰਨਦਾ ਸੀ ਕਿ ਫੌਜ ਕਸ਼ਮੀਰੀਆਂ 'ਤੇ ਜ਼ੁਲਮ ਕਰ ਰਹੀ ਹੈ। ਪੁਲਸ ਰਿਮਾਂਡ ਦੌਰਾਨ ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਕਿ ਉਸਨੇ ਟਿਕਟ ਬੁੱਕ ਕਰਨ ਤੋਂ ਇੱਕ ਦਿਨ ਪਹਿਲਾਂ ਜੰਮੂ ਜਾਣ ਦੀ ਯੋਜਨਾ ਬਣਾਈ ਸੀ ਪਰ ਖ਼ਰਾਬ ਮੌਸਮ ਅਤੇ ਮੀਂਹ ਕਾਰਨ ਅਜਿਹਾ ਕਰਨ ਵਿੱਚ ਅਸਮਰੱਥ ਸੀ। ਬਾਅਦ ਵਿੱਚ ਉਸਨੇ ਅਗਲੇ ਦਿਨ ਲਈ ਟਿਕਟ ਬੁੱਕ ਕੀਤੀ। ਹਾਲਾਂਕਿ, ਪੁਲਸ ਇਸ ਮਾਮਲੇ 'ਤੇ ਖੁੱਲ੍ਹ ਕੇ ਟਿੱਪਣੀ ਨਹੀਂ ਕਰ ਰਹੀ ਹੈ, ਕਿਉਂਕਿ ਜਾਂਚ ਏਜੰਸੀ, ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਵੀ ਇਸ ਮਾਮਲੇ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ। ਦੋਸ਼ੀ ਨੂੰ ਬਠਿੰਡਾ ਪੁਲਸ ਨੇ ਪੰਜ ਦਿਨਾਂ ਲਈ ਦੁਬਾਰਾ ਗ੍ਰਿਫ਼ਤਾਰ ਕਰ ਲਿਆ ਹੈ। ਦੱਸ ਦੇਈਏ ਕਿ ਪੁਲਸ ਹੁਣ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਕਿ ਕੀ ਗੁਰਪ੍ਰੀਤ ਕਿਸੇ ਸੰਗਠਨ ਜਾਂ ਵਿਅਕਤੀ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਸੀ ਜਾਂ ਕੀ ਉਸ ਨੇ ਸੋਸ਼ਲ ਮੀਡੀਆ 'ਤੇ ਉਪਲਬਧ ਵੀਡੀਓਜ਼ ਤੋਂ ਪ੍ਰਭਾਵਿਤ ਹੋ ਕੇ ਇਹ ਸਖ਼ਤ ਕਦਮ ਚੁੱਕਿਆ ਸੀ। ਗੁਰਪ੍ਰੀਤ ਦੀ ਕਹਾਣੀ ਨੂੰ ਸਬੂਤਾਂ ਨਾਲ ਜੋੜਨਾ ਪੁਲਸ ਲਈ ਇੱਕ ਚੁਣੌਤੀ ਬਣਿਆ ਹੋਇਆ ਹੈ ਅਤੇ ਜਾਂਚ ਏਜੰਸੀਆਂ ਇਸ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਹੀਆਂ ਹਨ।

## 7ਵੀਂ ਤਰਕਸ਼ੀਲ ਚੇਤਨਾ ਪਰਖ ਪ੍ਰੀਖਿਆ ਕਰਵਾਈ

ਲੌਂਗੋਵਾਲ,6 ਅਕਤੂਬਰ: ਹਰ ਸਾਲ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਕਰਵਾਈ ਜਾਣ ਵਾਲੀ ਚੇਤਨਾ ਪ੍ਰੀਖਿਆ ਜੋ ਕੇ ਇਸ ਗ਼ਦਰੀ ਗੁਲਾਬ ਕੌਰ ਦੇ 100 ਸਾਲਾਂ ਸ਼ਹਾਦਤ ਵਰ੍ਹੇ ਨੂੰ ਸਮਰਪਿਤ ਕੀਤੀ ਗਈ ਹੈ ਦਾ ਆਯੋਜਨ ਤਿੰਨ ਪ੍ਰੀਖਿਆ ਕੇਂਦਰਾਂ ਬਡਬਰ, ਸ ਸ ਸ ਸ (ਮੁੰਡੇ )ਲੌਂਗੋਵਾਲ, ਸਸਸਸ, ਨਮੋਲ ਵਿਖੇ ਕਰਵਾਇਆ ਗਿਆ।ਤਿੰਨੇ ਕੇਂਦਰਾਂ ਦੀਂ ਨਿਗਰਾਨੀ ਸੀਨੀਅਰ ਆਗੂਆਂ ਬਲਬੀਰ ਲੌਂਗੋਵਾਲ, ਜੁਝਾਰ ਲੌਂਗੋਵਾਲ, ਕਮਲਜੀਤ ਵਿੱਕੀ ਵੱਖ ਵੱਖ ਥਾਵਾਂ ਤੇ ਕੀਤੀ ਅਤੇ ਵਿਦਿਆਰਥੀਆਂ ਨਾਲ ਵਿਗਿਆਨਿਕ ਅਤੇ ਤਰਕਸ਼ੀਲ ਵਿਚਾਰਧਾਰਾ ਸਬੰਧੀ ਗੱਲਬਾਤ ਕੀਤੀ ਗਈ। ਜੁਝਾਰ ਲੌਂਗੋਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਭਾਵੇਂ ਹੜ੍ਹਾਂ ਕਰਕੇ ਇਹ ਪ੍ਰੀਖਿਆ 29 ਅਤੇ 31ਅਗਸਤ ਨੂੰ ਨਹੀਂ ਹੋ ਸਕੀ ਸੀ ਪਰ ਹੁਣ ਇਸ ਪ੍ਰਤਿ ਵਿਦਿਆਰਥੀਆਂ ਵਿੱਚ ਉਤਸ਼ਾਹ ਦੇਖਣ ਨੂੰ ਮਿਲ ਰਿਹਾ।ਇਸ ਮੌਕੇ ਲੌਂਗੋਵਾਲ ਕੇਂਦਰ ਵਿਖੇ ਕਮਲਜੀਤ ਵਿੱਕੀ ਦਮਨਜੀਤ ਕੌਰ,ਪ੍ਰਮੋਧ ਕੁਮਾਰ, ਸਸਸ ਬਡਬਰ ਵਿਖੇ ਜੁਝਾਰ ਲੌਂਗੋਵਾਲ, ਇੰਜ. ਸੁਖਵੀਰ ਸਿੰਘ ਅਤੇ ਸਸਸ ਨਮੋਲ ਵਿਖੇ ਮਾ. ਬਲਜੀਤ ਨਮੋਲ, ਮਾ ਜਗਵਿੰਦਰ ਸਿੰਘ ਆਦਿ ਅਧਿਆਪਕਾਂ ਨੇ ਜਿੱਥੇ ਆਪਣੀਆਂ ਛੁੱਟੀ ਵਾਲੇ ਦਿਨ ਆਪਣੀਆਂ ਸੇਵਾਵਾਂ ਦਿੱਤੀਆਂ ਉੱਥੇ ਵਿਦਿਆਰਥੀਆਂ ਨੂੰ ਉਤਸਾਹਿਤ ਵੀ ਕੀਤਾ । ਇਹ ਵੀ ਜ਼ਿਕਰਯੋਗ ਹੈ ਇਸ ਪ੍ਰੀਖਿਆ ਲਈ ਕਿਸੇ ਨੂੰ ਕੋਈ ਮਾਣ ਭੱਤਾ ਨਹੀਂ ਦਿੱਤਾ ਜਾਂਦਾ।

### ਸੂਬਾ ਪੱਧਰੀ ਵਾਲੀਬਾਲ ਟੂਰਨਾਮੈਂਟ ਲਈ ਅਕਾਲ ਅਕੈਡਮੀ ਦਦੇਹਰ ਸਾਹਿਬ ਦੇ ਦੋ ਖਿਡਾਰੀਆਂ ਦੀ ਚੋਣ

ਸੰਗਰੂਰ,6 ਅਕਤੂਬਰ: ਅਕਾਲ ਅਕੈਡਮੀ ਦਦੇਹਰ ਸਾਹਿਬ ਦੇ ਦੋ ਹੋਣਹਾਰ ਵਾਲੀਬਾਲ ਖਿਡਾਰੀਆਂ ਦੀ ਚੋਣ ਸੂਬਾ ਪੱਧਰੀ ਵਾਲੀਬਾਲ ਟੂਰਨਾਮੈਂਟ ਲਈ ਹੋ ਗਈ ਹੈ ਜੋ ਕਿ ਖੇਡ ਜਗਤ ਲਈ ਮਾਣ ਵਾਲੀ ਖ਼ਬਰ ਹੈ। ਇਹ ਦੋਵੇਂ ਖਿਡਾਰੀ 12ਵੀਂ ਜਮਾਤ ਦੇ ਹਨ।ਇਹ ਦੋਨੋਂ ਖਿਡਾਰੀ ਖੇਡ ਦੇ ਦੌਰਾਨ ਸਪਾਈਕਰ/ਸੈਟਰ, ਬਲੌਕਰ/ਲੀਬਰੋ ਪੁਜੀਸ਼ਨਾਂ ਤੇ ਖੇਡਦੇ ਹਨ। ਸੂਬਾ ਪੱਧਰੀ ਵਾਲੀਬਾਲ ਖੇਡ ਮੁਕਾਬਲਾ ਤਰਨ ਤਾਰਨ ਸਾਹਿਬ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਖਿਡਾਰੀ ਆਪਣੀ ਮਜ਼ਬੂਤੀ, ਜਿਵੇਂ ਕਿ ਸ਼ਾਨਦਾਰ ਸਮੈਸ਼ਾਂ ਅਤੇ ਤੇਜ਼ ਸਰਵਿਸ, ਵਧੀਆ ਬਲੌਕਿੰਗ ਅਤੇ ਸ਼ਾਨਦਾਰ ਤਾਲਮੇਲ ਵਿੱਚ ਵੀ ਮੁਹਾਰਤ ਰੱਖਦੇ ਹਨ। ਦੋਵਾਂ ਨੇ ਹੀ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਟੀਮ ਨੂੰ ਜਿਤਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ।ਇਸ ਸੰਬੰਧੀ ਅਕੈਡਮੀ ਦੇ ਪ੍ਰਿੰਸੀਪਲ ਸ੍ਰੀਮਤੀ ਦੀਪਿਕਾ ਕੌਰ ਜੀ ਨੇ ਖਿਡਾਰੀਆਂ ਦੀ ਚੋਣ 'ਤੇ ਖ਼ੁਸ਼ੀ ਜ਼ਾਹਿਰ ਕਰਦਿਆਂ ਕੋਚ ਸਾਹਿਬਾਨ ਨੂੰ ਮੁਬਾਰਕਬਾਦ ਦਿੰਦਿਆਂ ਦੱਸਿਆ ਕਿ ਇਹ ਸਾਡੇ ਸਕੂਲ ਅਤੇ ਸ਼ਹਿਰ ਲਈ ਬਹੁਤ ਮਾਣ ਵਾਲੀ ਗੱਲ ਹੈ। ਇਨ੍ਹਾਂ ਖਿਡਾਰੀਆਂ ਨੇ ਬਹੁਤ ਮਿਹਨਤ ਕੀਤੀ ਹੈ ਅਤੇ ਮੈਨੂੰ ਪੂਰੀ ਉਮੀਦ ਹੈ ਕਿ ਉਹ ਸੂਬਾ ਪੱਧਰ 'ਤੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਨਗੇ।

## ਮੇਲੇ 'ਚ ਭੱਖਿਆ ਮਾਮਲਾ, 4 ਨੌਜਵਾਨ 'ਤੇ ਚੱਲੀਆਂ ਤਾਬੜਤੋੜ ਗੋਲੀਆਂ

**ਕੌਮੀ ਪਤ੍ਰਿਕਾ**

ਤਰਨਤਾਰਨ 6 ਅਕਤੂਬਰ। ਮੇਲੇ ਦੌਰਾਨ ਚਾਹ ਪੀ ਰਹੇ ਨੌਜਵਾਨਾਂ ਨਾਲ ਮਾਰਕੁੱਟ ਕਰਨ ਅਤੇ ਗੋਲੀਆਂ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਦੇ ਚੱਲਦਿਆਂ ਚਾਰ ਨੌਜਵਾਨ ਗੋਲੀ ਲੱਗਣ ਨਾਲ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿਖੇ ਦਾਖ਼ਲ ਕਰਵਾ ਦਿੱਤਾ ਗਿਆ ਹੈ। ਇਸ ਮਾਮਲੇ ਸਬੰਧੀ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਕੁੱਲ 21 ਵਿਅਕਤੀਆਂ ਦੇ ਖਿਲਾਫ ਪਰਚਾ ਦਰਜ ਕਰਦੇ ਹੋਏ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੁਰਪ੍ਰੀਤ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਰਾਹਲ-ਚਾਹਲ ਨੇ ਦੱਸਿਆ ਕਿ ਉਹ ਗਿਆਰਵੀਂ ਜਮਾਤ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੇਹਰਾ ਸਾਹਿਬ ਵਿਖੇ ਪੜ੍ਹਦਾ ਹੈ, ਬੀਤੀ 23 ਸਤੰਬਰ ਦੀ ਰਾਤ ਕਰੀਬ 10 ਵਜੇ ਜਦੋਂ ਉਹ ਪਿੰਡ ਵਿਚ ਮੇਲੇ ਦੌਰਾਨ ਸੱਤ-ਅੱਠ ਜਾਣੇ ਚਾਹ ਪੀਣ ਲੱਗੇ ਤਾਂ ਉਨ੍ਹਾਂ ਦੇ ਪਿੰਡ ਦੇ ਇਕ ਵਿਅਕਤੀ ਗੁਰਪਾਲ ਸਿੰਘ ਪੁੱਤਰ ਜੱਸਾ ਸਿੰਘ ਵਾਸੀ ਰਾਹਲ-ਚਾਹਲ ਸਮੇਤ ਵੀ ਅਣਪਛਾਤੇ



ਮੁੰਡੇ ਨਾਲ ਲੈ ਕੇ ਆ ਗਿਆ ਅਤੇ ਉਨ੍ਹਾਂ ਨੂੰ ਮਾੜੀ ਸ਼ਬਦਾਵਲੀ ਦੀ ਵਰਤੋਂ ਕਰਨ ਲੱਗ ਪਿਆ। ਵੇਖਦੇ ਹੀ ਵੇਖਦੇ ਗੁਰਪਾਲ ਸਿੰਘ ਨੇ ਆਪਣੀ ਦਸਤੀ ਪਿਸਤੌਲ ਰਾਹੀਂ ਇਕਦਮ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਉਹ ਸਾਰੇ ਆਪਣੀ ਜਾਨ ਬਚਾਉਣ ਲਈ ਮੌਕੇ ਤੋਂ ਦੌੜਨ ਲੱਗੇ ਤਾਂ ਇਸ ਦੇ ਅਣਪਛਾਤੇ ਸਾਥੀਆਂ ਨੇ ਵੀ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਨ੍ਹਾਂ ਵਿਚੋਂ ਇਕ ਗੋਲੀ ਉਸ ਦੇ ਗਿੱਟੇ ਉਪਰ ਜਾ ਲੱਗੀ ਜਦਕਿ ਇਸ ਗੋਲੀਆਂ ਨਾਲ ਉਸਦੇ ਸਾਥੀ ਸਤਨਾਮ ਸਿੰਘ ਕਿਸ਼ਨਦੀਪ ਸਿੰਘ ਦੀਆਂ ਲੱਤਾਂ ਵਿਚ ਵੀ ਜਾ ਲੱਗੀ। ਸਾਰੇ ਖ਼ੂਨ ਨਾਲ ਲੱਥ ਪੱਥ ਹੋ ਕੇ ਡਿੱਗ ਪਏ, ਜਿਸ ਤੋਂ ਬਾਅਦ ਮੌਕੇ ਤੋਂ ਉਕਤ ਸਾਰੇ ਮੁਲਜ਼ਮ ਫਰਾਰ ਹੋਣ ਵਿਚ ਕਾਮਯਾਬ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ ਸ੍ਰੀ ਗੋਇੰਦਵਾਲ ਸਾਹਿਬ ਅਤੁਲ ਸੋਨੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਗੁਰਪਾਲ ਸਿੰਘ ਪੁੱਤਰ ਜੱਸਾ ਸਿੰਘ ਵਾਸੀ ਰਾਹਲ-ਚਾਹਲ ਤੋਂ ਇਲਾਵਾ ਵੀ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਪਰਚਾ ਦਰਜ ਕਰਦੇ ਹੋਏ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

## ਅੰਬਾਲਾ ਕੈਂਟ ਸਿਵਲ ਹਸਪਤਾਲ ਵਿੱਚ ਕ੍ਰਿਟਿਕਲ ਕੇਅਰ ਯੂਨਿਟ (ਸੀਸੀਯੂ) ਹੋਵੇਗੀ ਸੰਚਾਲਿਤ, ਮਰੀਜਾਂ ਨੂੰ ਮਿਲੇਗੀ ਬਿਹਤਰ ਇਲਾਜ ਸਹੂਲਤਾਂ

ਚੰਡੀਗੜ੍ਹ, 6 ਅਕਤੂਬਰ। ਹਰਿਆਣਾ ਦੇ ਊਰਜਾ, ਟ?ਰਾਂਸਪੋਰਟ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ ਅੰਬਾਲਾ ਕੈਂਟ ਸਿਵਲ ਹਸਪਤਾਲ ਵਿੱਚ 100 ਬੈਡ ਦੀ ਨਵੀਂ ਬਿਲਡਿੰਗ ਦਾ ਨਿਰਮਾਣ ਤੇਜੀ ਨਾਲ ਚੱਲ ਰਿਹਾ ਹੈ ਅਤੇ ਇਸ ਦਾ ਨਿਰਮਾਣ ਜਲਦੀ ਪੂਰਾ ਹੋਣ ਦੀ ਉਮੀਦ ਹੈ। ਇਸ ਨਵੀਂ ਬਿਲਡਿੰਗ ਵਿੱਚ ਮੁੱਖ ਰੂਪ ਨਾਲ ਕ੍ਰਿਟਿਕਲ ਕੈਂਸਰ ਯੂਨਿਟ (ਸੀਸੀਯੂ) ਸੰਚਾਲਿਤ ਹੋਵੇਗੀ, ਜਿਸ ਨਾਲ ਮਰੀਜਾਂ ਨੂੰ ਬਿਹਤਰ ਇਲਾਜ ਮਿਲ ਸਕੇਗਾ। ਇਸ ਦੇ ਨਾਲ ਹੀ ਕੈਂਸਰ ਹਸਪਤਾਲ ਵਿੱਚ ਪੇਟ ਸਕੈਨ ਦਾ ਕੰਮ ਵੀ ਜਲਦੀ ਸ਼ੁਰੂ ਹੋਵੇਗਾ। ਸ੍ਰੀ ਵਿਜ ਨੇ ਹਸਪਤਾਲ ਵਿੱਚ ਨਿਰਮਾਣ ਕੰਮ ਦਾ ਨਿਰੀਖਣ ਕੀਤਾ ਅਤੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕਾਰਜ ਸਮੇਂ 'ਤੇ ਪੂਰਾ ਹੋਵੇ ਤਾਂ ਜੋ ਮੀਰਜ ਇਸ ਦਾ ਲਾਭ ਚੁੱਕ ਸਕਣ। ਇਸ ਪਰਿਯੋਜਨਾ ਦੀ ਅੰਦਾਜਾ ਲਾਗਤ ਲਗਭਗ 14.79 ਕਰੋੜ ਰੁਪਏ ਹੈ। ਜਾਂਚ ਦੌਰਾਨ ਪੀਡਬਲਿਯੂਡੀ ਦੇ ਐਕਸਈਐਨ ਰਿਤੇਸ਼ ਅਗਰਵਾਲ, ਸੀਐਮਓ ਡਾ. ਰਾਕੇਸ਼ ਸਹਿਲ, ਪੀਐਮਓ ਡਾ. ਪੂਜਾ ਸਮੇਤ ਹੋਰ ਅਧਿਕਾਰੀ ਮੌਜੂਦ ਰਹੇ। ਨਵੀਂ ਬਿਲਡਿੰਗ ਦੇ ਬਨਣ ਦੇ ਬਾਅਦ ਹਸਪਤਾਲ ਦੀ ਕੁੱਲ ਸਮਰੱਥਾ 200 ਬੈਡ ਹੋ ਜਾਵੇਗੀ। ਮੌਜੂਦਾ ਸਮੇਂ ਵਿੱਚ ਸਿਵਲ ਹਸਪਤਾਲ ਵਿੱਚ ਸਿਰਫ 100 ਬੈਡ ਹਨ, ਪਰ ਵੱਧਦੀ ਮੀਰਜ ਗਿਣਤੀ ਨੂੰ ਦੇਖਦੇ ਹੋਏ ਵੱਧ 100 ਬੈਡ ਦੀ ਜਰੂਰਤ ਸੀ। ਨਵੀਂ ਸੱਤ ਮੰਜਿਲਾ ਬਿਲਡਿੰਗ ਵਿੱਚ ਦੋ ਬੇਸਮੈਂਟ ਫਲੋਰ ਹੋਣਗੇ, ਜਿਨ੍ਹਾਂ ਵਿੱਚ ਵਾਹਨ ਪਾਰਕਿੰਗ ਦੇ ਨਾਲ ਏਸੀ ਅਤੇ ਗੈਸ ਪਲਾਂਟ ਦੀ ਵਿਵਸਥਾ ਕੀਤੀ ਗਈ ਹੈ। ਗਰਾਊਂਡ ਫਲੋਰ 'ਤੇ ਰਜਿਸਟ?ਰੇਸ਼ਣ, ਰਿਸੇਪਸ਼ਨ, ਐਮਰਜੈਂਸੀ ਸੇਵਾ ਅਤੇ ਹੋਰ ਸਹੂਲਤਾਂ ਉਪਲਬਧ ਹੋਣਗੀਆਂ। ਪਹਿਲੀ ਮੰਜਿਲ 'ਤੇ ਐਮਰਜੈਂਸੀ ਵਾਰਡ ਬਣਾਇਆ ਜਾਵੇਗਾ, ਜਦੋਂ ਕਿ ਦੂਜੀ ਮੰਜਿਲ ਵਿੱਚ ਆਈਸੀਯੂ ਅਤੇ ਤੀਜੀ ਤੇ ਚੌਥੀ ਮੰਜਿਲ 'ਤੇ ਸੁਪਰ ਸਪੈਸ਼ਲਿਸਟ ਓਟੀ ਅਤੇ ਵਾਰਡ ਹੋਣਗੇ। ਬਿਲਡਿੰਗ ਦਾ ਡਿਜਾਇਨ ਇਸ ਤਰ੍ਹਾ ਹੈ ਕਿ ਮਰੀਜਾਂ ਨੂੰ ਸੰਕ੍ਰਮਣ ਦਾ ਖਤਰਾ ਨਾ ਹੋਵੇ। ਕ੍ਰਿਟਿਕਲ ਕੇਅਰ ਯੂਨਿਟ (ਸੀਸੀਯੂ) ਵਿੱਚ ਮਰੀਜਾਂ ਦੀ ਨਿਗਰਾਨੀ, ਜਰੂਰੀ ਸਮੱਗਰੀ, ਦਵਾਈਆਂ ਦੀ ਵਿਵਸਥਾ ਅਤੇ ਐਮਰਜੈਂਸੀ ਇਲਾਜ ਦੀ ਸਹੂਲਤ ਰਹੇਗੀ। ਇੱਥੇ ਦਿੱਲ ਦੀ ਧੜਕਨ, ਬਲੱਡ ਪ੍ਰੈਸ਼ਰ ਅਤੇ ਹੋਰ ਮਹਤੱਵਪੂਰਣ ਸੰਕੇਤਾਂ 'ਤੇ ਲਗਾਤਾਰ ਨਜਰ ਰੱਖੀ ਜਾਵੇਗੀ। ਕੋਵਿਡ ਅਤੇ ਹੋਰ ਗੰਭੀਰ ਬੀਮਾਰੀਆਂ ਲਹੀ ਵੱਖ ਵਾਰਡ ਵੀ ਹੋਣਗੇ।

## .ਫ਼ੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ (ਵਿਗਿਆਨਕ) ਦੀ ਸੂਬਾ ਮੀਟਿੰਗ ਹੋਈ

ਫਤਿਹਗੜ੍ਹ ਸਾਹਿਬ,6 ਅਕਤੂਬਰ: ਫ਼ੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ (ਵਿਗਿਆਨਕ) ਦੀ ਮੀਟਿੰਗ ਸੂਬਾਈ ਪ੍ਰਧਾਨ ਬਿੱਕਰ ਸਿੰਘ ਮਾਖਾ ਦੀ ਪ੍ਰਧਾਨਗੀ ਹੇਠ ਹੋਈ ।ਇਸ ਮੀਟਿੰਗ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵਿਗਿਆਨਕ ਦੇ ਸੂਬਾਈ ਪ੍ਰਧਾਨ ਗਗਨਦੀਪ ਸਿੰਘ ਭੁੱਲਰ ਜੀ ਵਿਸ਼ੇਸ਼ ਤੌਰ ਤੇ ਹਾਜਰ ਹੋਏ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜ਼ਿਲਿਆਂ ਦੀਆਂ ਚੋਣਾਂ ਕਰਵਾਈਆਂ ਜਾਣ ਅਤੇ ਉਸ ਤੋਂ ਬਾਅਦ ਸੂਬਾਈ ਚੋਣ ਮਿਤੀ 26 ਅਕਤੂਬਰ ਨੂੰ ਮਾਨਸਾ ਵਿਖੇ ਕੀਤੀ ਜਾਵੇਗੀ।ਮੀਟਿੰਗ ਵਿੱਚ ਹਰਦੀਪ ਕੁਮਾਰ ਸੰਗਰੂਰ, ਸ੍ਰੀ ਨਿਵਾਸ ਸੰਗਰੂਰ, ਭਰਪੂਰ ਸਿੰਘ ਛਾਜਲੀ, ਕੇਵਲ ਸਿੰਘ ਬਠਿੰਡਾ, ਰਣਜੀਤ ਸਿੰਘ ਜੀਤੀ ਬਠਿੰਡਾ, ਚਮਕੌਰ ਸਿੰਘ ਰਾਮਪੁਰਾ, ਸੁਖਦੇਵ ਸਿੰਘ, ਬਿੱਟੂ ਰਾਮ, ਜੋਗਿੰਦਰ ਸਿੰਘ, ਅਮਰਜੀਤ ਸਿੰਘ, ਹਿੰਮਤ ਸਿੰਘ ਦੂਲੋਵਾਲ, ਜਸਮੇਲ ਸਿੰਘ ਅਤਲਾ, ਸੁਖਵਿੰਦਰ ਸਿੰਘ ਸਰਦੂਲਗੜ੍ਹ, ਇੱਕਬਾਲ ਸਿੰਘ ਆਲੀਕੇ, ਜਸਪ੍ਰੀਤ ਸਿੰਘ ਮਾਨਸਾ, ਹਰਭਜਨ ਸਿੰਘ ਠਠੇਰਾ, ਗੁਰਸੇਵਕ ਸਿੰਘ ਭੀਖੀ, ਪ੍ਰੀਤਮ ਸਿੰਘ, ਨਰਿੰਦਰ ਖੁੰਗਰ, ਰਣਜੀਤ ਸਿੰਘ, ਕਰਮਚੰਦ, ਹਾਜ਼ਰ ਸਨ ਆਗੂ ਸਾਥੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਕੰਟਰੈਕਟਰ ਤੇ ਕੰਮ ਕਰਦੇ ਕਾਮਿਆਂ ਰੈਗੂਲਰ ਕਰੇ , ਰੈਗੂਲਰ ਭਰਤੀ ਚਾਲੂ ਕੀਤੀ ਜਾਵੇ , ਡੀ.ਏ. ਦੀਆਂ ਬਕਾਇਆ ਕਿਸ਼ਤਾਂ ਦਿਤੀਆਂ ਜਾਣ ਅਤੇ ਡੀ ਏ ਦਾ ਬਣਦਾ ਏਰੀਅਰ ਦਿੱਤਾ ਜਾਵੇ , ਬੰਦ ਕੀਤੇ ਭੱਤੇ ਬਹਾਲ ਕੀਤੇ ਜਾਣ , ਮਹਿਕਮਿਆਂ ਦਾ ਨਿੱਜੀਕਰਨ ਕਰਨਾ ਬੰਦ ਕੀਤਾ ਜਾਵੇ। ਅੱਜ ਦੀ ਇਸ ਮੀਟਿੰਗ ਵਿੱਚ ਸਾਂਝੇ ਫਰੰਟ ਵੱਲੋਂ ਪ੍ਰੋਗਰਾਮ ਕੀਤੇ ਜਾ ਰਹੇ ਹਨ ਉਸ ਵਿਚ ਫ਼ੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ (ਵਿਗਿਆਨਕ) ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਵਿਗਿਆਨਕ) ਦੇ ਝੰਡੇ ਹੇਠ ਪੂਰੀ ਭਰਵੀਂ ਸ਼ਮੂਲੀਅਤ ਕਰਨ ਦਾ ਵੀ ਫੈਸਲਾ ਕੀਤਾ ਗਿਆ।

## ਪਠਾਨਕੋਟ ਦੇ ਵਪਾਰੀ ਦੇ ਇਕ ਲੱਖ ਚੋਰੀ ਕਰਨ ਵਾਲੇ ਆਟੋ ਗੈਂਗ ਦੇ ਤਿੰਨ ਮੁਲਜ਼ਮ ਕਾਬੂ

**ਕੌਮੀ ਪਤ੍ਰਿਕਾ**

ਲੁਧਿਆਣਾ 6 ਅਕਤੂਬਰ। ਪਠਾਨਕੋਟ ਤੋਂ ਖਰੀਦਦਾਰੀ ਕਰਨ ਆਏ ਵਪਾਰੀ ਦੇ ਇਕ ਲੱਖ ਰੁਪਏ ਚੋਰੀ ਕਰਨ ਵਾਲੇ ਆਟੋ ਗੈਂਗ ਦੇ ਤਿੰਨ ਮੁਲਜ਼ਮਾਂ ਨੂੰ ਪੁਲਸ ਨੇ ਕਾਬੂ ਕਰ ਲਿਆ ਹੈ। ਫੜੇ ਗਏ ਮੁਲਜ਼ਮ ਰਵੀ ਕੁਮਾਰ, ਉਪਕਾਰ ਸਿੰਘ ਅਤੇ ਅਸ਼ੋਕ ਕੁਮਾਰ ਹਨ। ਰਵੀ ਅਤੇ ਉਪਕਾਰ ਸਲੇਮ ਟਾਬਰੀ ਦੇ ਰਹਿਣ ਵਾਲੇ ਹਨ ਜਦੋਂਕਿ ਅਸ਼ੋਕ ਖੰਨੇ ਦਾ ਰਹਿਣ ਵਾਲਾ ਹੈ। ਮੁਲਜ਼ਮਾਂ ਦੇ ਕੋਲੋਂ 38 ਹਜ਼ਾਰ ਰੁਪਏ ਅਤੇ ਵਾਰਦਾਤ 'ਚ ਵਰਤਿਆ ਗਿਆ ਆਟੋ ਬਰਾਮਦ ਹੋਇਆ ਹੈ। ਪੁਲਸ ਨੇ ਮੁਲਜ਼ਮਾਂ ਦਾ ਰਿਮਾਂਡ ਹਾਸਲ ਕਰ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਏ.ਡੀ.ਸੀ.ਪੀ 1 ਸਮੀਰ ਵਰਮਾ ਨੇ ਦੱਸਿਆ ਕਿ 18 ਸਤੰਬਰ ਨੂੰ ਪਠਾਨਕੋਟ ਰੇਡੀਮੇਡ ਗਾਰਮੇਂਟ ਦਾ ਕੰਮ ਕਰਨ ਵਾਲੇ ਵਪਾਰੀ ਅਸ਼ਵਨੀ ਕੁਮਾਰ ਆਪਣੇ ਭਤੀਜੇ ਦੇ ਨਾਲ ਲੁਧਿਆਣਾ ਦੀ ਹੋਲਸੇਲ ਗਾਂਧੀ ਨਗਰ ਮਾਰਕਿਟ 'ਚ ਖਰੀਦੀ ਕਰਨ ਲਈ ਆਏ ਸੀ ਉਹ ਬਸ ਤੋਂ ਜਲੰਧਰ ਬਾਈਪਾਸ ਉਤਰੇ ਸੀ ਜਿਥੇ ਉਨ੍ਹਾਂ ਨੇ ਗਾਂਧੀ ਨਗਰ ਦਾ ਆਟੋ ਲਿਆ ਸੀ ਰਾਸਤੇ 'ਚ ਮੁਲਜ਼ਮਾਂ ਨੇ ਉਸਦੀ ਜੇਬ 'ਚ ਪਏ ਇਕ ਲੱਖ ਰੁਪਏ ਚੋਰੀ ਕਰ ਲਏ ਸਨ ਅਸ਼ਵਨੀ ਕੁਮਾਰ ਨੂੰ ਜਦੋਂ ਤੱਕ ਉਸਦੇ ਪੈਸੇ ਚੋਰੀ ਹੋਣ ਬਾਰੇ ਪਤਾ ਲੱਗਿਆ




ਤਾਂ ਉਸਨੇ ਕਾਫੀ ਰੌਲਾ ਪਾਇਆ ਪਰ ਮੁਲਜ਼ਮ ਨਿਕਲ ਚੁੱਕੇ ਸਨ। ਜਿਸ ਤੋਂ ਬਾਅਦ ਇਸ ਦੀ ਜਾਣਕਾਰੀ ਪੁਲਸ ਨੂੰ ਦਿੱਤੀ ਗਈ ਏ.ਡੀ.ਸੀ.ਪੀ ਸਮੀਰ ਵਰਮਾ ਨੇ ਦੱਸਿਆ ਕਿ ਸੂਚਨਾ ਮਿਲਣ ਤੋਂ ਬਾਅਦ ਡਵੀਜ਼ਨ ਚਾਰ ਦੇ ਐਸ.ਐਚ.ਓ ਇੰਸਪੈਕਟਰ ਗਗਨਪ੍ਰੀਤ ਸਿੰਘ ਮੌਕੇ ਤੇ ਪੁੱਜੀ ਅਤੇ ਉਨ੍ਹਾਂ ਨੇ ਪੁਲਸ ਟੀਮ ਦੇ ਨਾਲ ਜਾਂਚ ਸ਼ੁਰੂ ਕਰ ਦਿੱਤੀ। ਕਈ ਥਿਊਰੀਆਂ ਦੀ ਜਾਂਚ ਤੋਂ ਬਾਅਦ ਮੁਲਜ਼ਮ ਰਵੀ ਦਾ ਪਤਾ ਲੱਗਿਆ ਅਤੇ ਪੁਲਸ ਨੇ ਰਵੀ ਨੂੰ ਗ੍ਰਿਫਤਾਰ ਕਰ 5 ਹਜ਼ਾਰ ਰੁਪਏ ਬਰਾਮਦ ਕੀਤੇ। ਜਿਸ ਤੋਂ ਬਾਅਦ ਉਪਕਾਰ ਅਤੇ ਅਸ਼ੋਕ ਕੁਮਾਰ ਨੂੰ ਗ੍ਰਿਫਤਾਰ ਕਰ ਉਨ੍ਹਾਂ ਦੇ ਕੋਲੋਂ 38 ਹਜ਼ਾਰ ਰੁਪਏ ਬਰਾਮਦ ਕੀਤੇ। ਪੁਲਸ ਪੁੱਛਗਿੱਛ 'ਚ ਪਤਾ ਲੱਗਿਆ ਕਿ ਮੁਲਜ਼ਮਾਂ ਨੇ ਕਿਸੇ ਵਿਅਕਤੀ ਨੂੰ ਪੈਸੇ ਉਧਾਰ ਲਏ ਸਨ। ਲੁੱਟ ਤੋਂ ਬਾਅਦ ਪਹਿਲਾਂ ਉਕਤ ਪੈਸੇ ਵਾਪਸ ਕੀਤੇ ਅਤੇ ਬਾਕੀ ਦੇ ਪੈਸੇ ਐਸ਼ ਪ੍ਰਸਤੀ ਕਰਨ 'ਚ ਉਡਾ ਦਿੱਤੇ। ਪੁਲਸ ਮੁਲਜ਼ਮਾਂ ਕੋਲੋਂ ਪੁੱਛਗਿੱਛ ਕਰ ਪਤਾ ਲਗਾਉਣ 'ਚ ਜੁਟੀ ਹੈ ਕਿ ਉਨ੍ਹਾਂ ਨੇ ਕਿੰਨੀਆਂ ਵਾਰਦਾਤਾਂ ਨੂੰ ਹੁਣ ਤੱਕ ਅੰਜਾਮ ਦਿੱਤਾ ਹੈ ਅਤੇ ਮੁਲਜ਼ਮਾਂ ਦੇ ਪਿਛਲੇ ਰਿਕਾਰਡ ਦਾ ਵੀ ਪਤਾ ਲਗਾਇਆ ਜਾ ਰਿਹਾ ਹੈ।

## ਤਾਪਮਾਨ 'ਚ ਵਾਧੇ ਕਾਰਨ ਬਦਲਿਆ ਝੋਨੇ ਦੀ ਫਸਲ ਦਾ ਰੰਗ, ਕਈ ਥਾਈਂ ਹੋਇਆ ਹਲਦੀ ਰੋਗ ਦਾ ਹਮਲਾ

**ਕੌਮੀ ਪਤ੍ਰਿਕਾ**

ਗੁਰਦਾਸਪੁਰ 3 ਅਕਤੂਬਰ। ਪਿਛਲੇ ਕੁਝ ਦਿਨਾਂ ਤੋਂ ਪੈ ਰਹੀ ਗਰਮੀ ਅਤੇ ਤਿੱਖੀ ਧੁੱਪ ਦੇ ਚਲਦਿਆਂ ਹੁਣ ਖੇਤਾਂ ਵਿਚ ਖੜੀ ਝੋਨੇ ਦੀ ਫਸਲ ਦਾ ਰੰਗ ਬਦਲਣਾ ਸ਼ੁਰੂ ਹੋ ਗਿਆ ਹੈ। ਇਸ ਕਾਰਨ ਹੁਣ ਕੁਝ ਹੀ ਦਿਨਾਂ ਵਿਚ ਝੋਨੇ ਦੀ ਫਸਲ ਪੱਕ ਕੇ ਤਿਆਰ ਹੋ ਜਾਵੇਗੀ। ਪਰ ਮੌਸਮ ਵਿਚ ਹੋਈ ਇਸ ਤਬਦੀਲੀ ਦੇ ਨਾਲ ਹੀ ਫਸਲ ਉੱਪਰ ਹਲਦੀ ਰੋਗ ਦਾ ਹਮਲਾ ਵੀ ਦੇਖਣ ਨੂੰ ਮਿਲ ਰਿਹਾ ਹੈ ਜਿਸ ਕਾਰਨ ਕਿਸਾਨ ਕਾਫੀ ਚਿੰਤਿਤ ਦਿਖਾਈ ਦੇ ਰਹੇ ਹਨ। ਪਰ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਸਲਾਹ ਦਿੱਤੀ ਜਾ ਰਹੀ ਹੈ ਕਿ ਉਹ ਇਸ ਹਮਲੇ ਨੂੰ ਲੈ ਕੇ ਨਾ ਘਬਰਾਉਣ ਅਤੇ ਨਾ ਹੀ ਕਿਸੇ ਬੇਲੋੜੀ ਦਵਾਈ ਦਾ ਛਿੜਕਾਅ ਕਰਕੇ ਆਪਣੇ ਖੇਤੀ ਖਰਚਿਆਂ ਵਿਚ ਵਾਧਾ ਕਰਨ। ਦੱਸਣ ਯੋਗ ਹੈ ਕਿ ਗੁਰਦਾਸਪੁਰ ਜ਼ਿਲੇ ਅੰਦਰ ਤਕਰੀਬਨ ਪੌਣੇ 2 ਲੱਖ ਹੈਕਟੇਅਰ ਰਕਬੇ ਵਿਚ ਝੋਨੇ ਅਤੇ ਬਾਸਮਤੀ ਦੀ ਕਾਸ਼ਤ ਕੀਤੀ ਗਈ ਸੀ ਅਤੇ ਆਉਣ ਵਾਲੇ ਕੁਝ ਹੀ ਦਿਨਾਂ ਵਿਚ ਇਹ ਫਸਲ ਪੱਕ ਕੇ ਤਿਆਰ ਹੋ ਜਾਣ ਦੇ ਬਾਅਦ ਮੰਡੀਆਂ ਵਿਚ ਪਹੁੰਚਣੀ ਸ਼ੁਰੂ ਹੋ ਜਾਣੀ ਹੈ। ਗੁਰਦਾਸਪੁਰ ਜ਼ਿਲ੍ਹੇ ਅੰਦਰ 300 ਦੇ ਕਰੀਬ ਪਿੰਡਾਂ ਵਿਚ ਹੜ੍ਹਾਂ ਨੇ ਕੀਤੇ ਨੁਕਸਾਨ ਕਾਰਨ ਤਕਰੀਬਨ 40 ਹਜ਼ਾਰ ਹੈਕਟੇਅਰ ਵਾਹੀ ਯੋਗ ਰਕਬਾ ਪ੍ਰਭਾਵਿਤ ਹੋਇਆ ਹੈ ਜਿਸ ਵਿਚ ਜ਼ਿਆਦਾ ਥਾਈਂ ਗੰਨਾ ਅਤੇ ਝੋਨੇ ਦੀ ਫਸਲ ਦੱਸੀ ਜਾ ਰਹੀ ਹੈ। ਜਿਹੜੀ ਫਸਲ ਹੜ੍ਹਾਂ ਦੀ ਮਾਰ ਤੋਂ ਬਚੀ ਹੈ ਉਸ ਦੀ ਹਾਲਤ ਇਸ ਸਾਲ ਕਾਫੀ ਵਧੀਆ ਹੈ ਜਿਸ ਉੱਪਰ ਕਿਸੇ ਵੀ ਕੀੜੇ-ਮਕੌੜੇ ਜਾਂ ਕਿਸੇ ਭਿਆਨਕ ਬਿਮਾਰੀ ਦਾ ਹਮਲਾ ਦੇਖਣ ਨੂੰ ਨਹੀਂ ਮਿਲਿਆ। ਭਾਵੇਂ ਮੁਢਲੇ ਦੌਰ ਵਿਚ ਕੁਝ ਥਾਈ ਬੂਟਿਆਂ ਦੇ ਮਧਰੇ ਰਹਿਣ ਜਾਂ ਪੀਲੇਪਨ ਸਮੇਤ ਹੋਰ ਕੁਝ ਛੋਟੀਆਂ ਮੋਟੀਆਂ ਸਮੱਸਿਆਵਾਂ ਸਾਹਮਣੇ ਆਈਆਂ ਸਨ। ਪਰ ਮੌਸਮ ਠੀਕ ਹੋਣ ਕਾਰਨ ਇਹ ਰੋਗ ਠੀਕ ਹੋ ਗਏ ਸਨ ਅਤੇ ਹੁਣ ਖੇਤਾਂ ਵਿਚ ਖੜ੍ਹੀ ਫਸਲ ਦੀ ਹਾਲਤ ਕਾਫੀ ਵਧੀਆ ਹੈ। ਦੂਜੇ ਪਾਸੇ ਅਨੇਕਾਂ ਕਿਸਾਨਾਂ ਵੱਲੋਂ ਖੇਤੀਬਾੜੀ ਵਿਭਾਗ ਤੱਕ ਪਹੁੰਚ ਕਰ ਕੇ ਆਪਣੇ ਖੇਤਾਂ ਵਿਚ ਝੋਨੇ ਦੇ ਦਾਣਿਆਂ ਉੱਪਰ ਹਲਦੀ ਰੋਗ ਸ਼ੁਰੂ ਹੋਣ ਦੀ ਸ਼ਿਕਾਇਤ ਕੀਤੀ ਜਾ ਰਹੀ ਹੈ। ਜੇਕਰ ਸਮੁੱਚੇ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇਸ ਮੌਕੇ ਕੁਝ ਜ਼ਿਲ੍ਹਿਆਂ ਵਿਚ ਹਲਦੀ



ਰੋਗ ਦੇ ਹਮਲੇ ਦੇ ਮਾਮਲੇ ਸਾਹਮਣੇ ਆਏ ਹਨ। ਜ਼ਿਲ੍ਹਾ ਗੁਰਦਾਸਪੁਰ ਦੇ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਹਲਦੀ ਰੋਗ ਫਾਲਸ ਸਮਟ ਨਾਮ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਇਕ ਉਲੀ ਤੋਂ ਫੈਲਣ ਵਾਲਾ ਰੋਗ ਹੈ ਜਿਸ ਦੇ ਹਮਲੇ ਨਾਲ ਬੂਟਿਆਂ 'ਤੇ ਪੀਲੇ ਰੰਗ ਦੇ ਗੋਲ ਆਕਾਰ ਗੋਲੇ ਬਣਨੇ ਸ਼ੁਰੂ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਜ਼ਿਲ੍ਹੇ ਅੰਦਰ ਕੁਝ ਥਾਵਾਂ 'ਤੇ ਹੀ ਬਹੁਤ ਮਾਮੂਲੀ ਹਮਲਾ ਦੇਖਣ ਨੂੰ ਮਿਲਿਆ ਹੈ। ਪਰ ਇਸ ਹਮਲੇ ਨਾਲ ਫਸਲ ਦਾ ਵੱਧ ਨੁਕਸਾਨ ਹੋਣ ਦੀ ਸੰਭਾਵਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਫਸਲ ਪੱਕਣ ਦੇ ਕਿਨਾਰੇ ਪਹੁੰਚ ਚੁੱਕੀ ਹੈ। ਇਸ ਲਈ ਹੁਣ ਕੋਈ ਵੀ ਦਵਾਈ ਜਾਂ ਖਾਦ ਦਾ ਛਿੜਕਾਅ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਸਮੂਹ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਹੁਣ ਕਿਸੇ ਵੀ ਦਵਾਈ ਜਾਂ ਖਾਦ ਦੀ ਵਰਤੋਂ ਕਰਕੇ ਆਪਣੇ ਬੇਲੋੜੇ ਖਰਚੇ ਨਾ ਵਧਾਉਣ। ਉਨ੍ਹਾਂ ਕਿਹਾ ਕਿ ਜੇਕਰ ਫਿਰ ਵੀ ਕਿਸੇ ਕਿਸਾਨ ਨੂੰ ਕਿਸੇ ਵੱਡੀ ਸਮੱਸਿਆ ਸਾਹਮਣਾ ਕਰਨਾ ਪੈਂਦਾ ਹੈ ਤਾਂ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਨਾਲ ਸੰਪਰਕ ਜ਼ਰੂਰ ਕੀਤਾ ਜਾਵੇ। ਇਸੇ ਤਰ੍ਹਾਂ ਕਈ ਜ਼ਿਲ੍ਹਿਆਂ ਵਿੱਚ ਝੋਨੇ ਦੀ ਫਸਲ 'ਤੇ ਚੀਨੀ ਵਾਇਰਸ ਦਾ ਹਮਲਾ ਵੀ ਦੇਖਣ ਨੂੰ ਮਿਲਿਆ ਹੈ। ਜੇਕਰ ਪੂਰੇ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਤਕਰੀਬਨ 11 ਏਕੜ ਵਿਚ ਇਸ ਵਾਇਰਸ ਨੇ ਝੋਨੇ ਦੀ ਫਸਲ ਨੂੰ ਪ੍ਰਭਾਵਿਤ ਕੀਤਾ ਹੈ। ਪਰ ਗੁਰਦਾਸਪੁਰ ਜ਼ਿਲ੍ਹੇ ਵਿੱਚ ਅਜੇ ਤੱਕ ਇਹ ਹਮਲਾ ਦੇਖਣ ਨੂੰ ਨਹੀਂ ਮਿਲਿਆ ਜਿਸ ਕਾਰਨ ਖੇਤੀਬਾੜੀ ਵਿਭਾਗ ਅਤੇ ਕਿਸਾਨ ਰਾਹਤ ਮਹਿਸੂਸ ਕਰ ਰਹੇ ਹਨ। ਡਾ. ਅਮਰੀਕ ਸਿੰਘ ਨੇ ਜ਼ਿਲੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਫਸਲ ਦੀ ਕਟਾਈ ਜਲਦਬਾਜ਼ੀ ਵਿਚ ਨਾ ਕਰਨ। ਉਨ੍ਹਾਂ ਕਿਹਾ ਕਿ ਮੰਡੀਆਂ ਵਿਚ ਸਰਕਾਰ ਵੱਲੋਂ 17 ਫੀਸਦੀ ਨਮੀ ਵਾਲਾ ਝੋਨਾ ਹੀ ਖਰੀਦਿਆ ਜਾਣਾ ਹੈ ਅਤੇ ਹੁਣ ਦਿਨ ਕਾਫੀ ਸਾਫ ਹੋ ਚੁੱਕੇ ਹਨ। ਇਸ ਲਈ ਆਉਣ ਵਾਲੇ ਦਿਨਾਂ ਵਿਚ ਲੱਗਣ ਵਾਲੀਆਂ ਤਿਖੀਆਂ ਧੁੱਪਾਂ ਕਾਰਨ ਝੋਨੇ ਦੀ ਫਸਲ ਬਹੁਤ ਜਲਦੀ ਪੱਕ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਕਿਹਾ ਕਿ ਉਹ ਫਸਲ ਦੀ ਕਟਾਈ ਕਰਨ ਵਿਚ ਕਾਹਲੀ ਨਾ ਕਰਨ ਅਤੇ ਫਸਲ ਨੂੰ ਚੰਗੀ ਤਰ੍ਹਾਂ ਪਕਾ ਕੇ ਹੀ ਕੱਟਣ ਤਾਂ ਜੋ ਮੰਡੀ ਵਿਚ ਉਨ੍ਹਾਂ ਨੂੰ ਕੋਈ ਵੀ ਮੁਸ਼ਕਿਲ ਪੇਸ਼ ਨਾ ਆਵੇ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਸਹੇਲੀ ਨੇ ਛੱਡਿਆਂ ਤਾਂ ਉਸ ਦੇ ਪੁੱਤ ਨੂੰ ਅਗਵਾ ਕਰ ਲੈ ਗਿਆ ਪ੍ਰਵਾਸੀ, ਯੂਪੀ ਤੋਂ ਫੜ ਲੈ ਆਈ ਪੰਜਾਬ ਪੁਲਸ

ਕੌਮੀ ਪਤ੍ਰਿਕਾ

ਪ੍ਰਯਾਗਰਾਜ/ਮੋਗਾ 6 ਅਕਤੂਬਰ। ਪਿਆਰ ਵਿੱਚ ਧੋਖਾ ਮਿਲਣ 'ਤੇ ਇੱਕ ਸਿਰਫਿਰੇ ਆਸ਼ਿਕ ਵੱਲੋਂ ਆਪਣੀ ਸਹੇਲੀ (ਪ੍ਰੇਮਿਕਾ) ਦੇ 13 ਸਾਲਾ ਪੁੱਤ ਨੂੰ ਅਗਵਾ ਕਰਨ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਪੰਜਾਬ ਪੁਲਸ ਨੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਮੋਬਾਈਲ ਲੋਕੇਸ਼ਨ ਦੇ ਆਧਾਰ 'ਤੇ ਮੁਲਜ਼ਮ ਦਾ ਪਿੱਛਾ ਕੀਤਾ ਅਤੇ ਉਸਨੂੰ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਤੋਂ ਗ੍ਰਿਫ਼ਤਾਰ ਕਰਕੇ ਬੱਚੇ ਨੂੰ ਸੁਰੱਖਿਅਤ ਬਰਾਮਦ ਕਰ ਲਿਆ ਹੈ। ਜਾਣਕਾਰੀ ਅਨੁਸਾਰ, ਦੋਸ਼ੀ ਫਰਹਾਨ ਸਿੱਦੀਕੀ, ਜੋ ਕਿ ਪ੍ਰਯਾਗਰਾਜ ਦਾ ਰਹਿਣ ਵਾਲਾ ਹੈ, ਪੰਜਾਬ ਦੇ ਮੋਗਾ ਜ਼ਿਲ੍ਹੇ ਦੇ ਇੱਕ ਸਕੂਲ ਵਿੱਚ ਕੰਮ ਕਰਦਾ ਸੀ ਉੱਥੇ ਉਸਦੇ ਇੱਕ ਦਰਜਾ ਚਾਰ ਕਰਮਚਾਰੀ ਦੀ ਪਤਨੀ ਨਾਲ ਪ੍ਰੇਮ ਸੰਬੰਧ ਬਣ ਗਏ। ਕੁਝ ਸਮਾਂ ਪਹਿਲਾਂ ਉਸ ਔਰਤ ਨੂੰ ਲੈ ਕੇ ਪ੍ਰਯਾਗਰਾਜ ਵੀ ਆਇਆ ਸੀ, ਜਿੱਥੇ ਉਹ ਦੋਵੇਂ 20 ਦਿਨ ਰਹੇ।20 ਦਿਨਾਂ ਬਾਅਦ ਉਕਤ ਔਰਤ ਵਾਪਸ ਧਰਮਕੋਟ ਆ ਗਈ। ਜਦ ਫਰਹਾਨ ਨੇ ਉਸਨੂੰ ਮੁੜ ਤੋਂ ਆਪਣੇ ਨਾਲ ਪ੍ਰਯਾਗਰਾਜ ਜਾਣ ਲਈ ਆਖਿਆ ਤਾਂ ਉਸਨੇ ਦੁਬਾਰਾ ਉਸ ਨਾਲ ਜਾਣ ਤੋਂ ਇਨਕਾਰ ਕਰ



ਦਿੱਤਾ।ਇਸ ਗੱਲ ਤੋਂ ਗੁੱਸੇ ਵਿਚ ਆਏ ਫਰਨਹਾਨ ਨੇ ਸੋਮਵਾਰ ਸਵੇਰੇ ਮੋਗਾ ਦੇ ਧਰਮਕੋਟ ਇਲਾਕੇ ਤੋਂ ਉਕਤ ਸਹੇਲੀ ਦੇ 13 ਸਾਲ ਦੇ ਪੁੱਤ ਸਾਰਥਕ ਨੂੰ ਅਗਵਾ ਕਰ ਲਿਆ। ਜਿਸ ਪਿੱਛੋਂ ਉਹ ਸਾਰਥਕ ਨੂੰ ਲੈ ਕੇ ਪ੍ਰਯਾਗਰਾਜ ਆ ਗਿਆ। ਅਗਵਾ ਕਰਨ ਪਿੱਛੋਂ ਉਸਨੇ ਬੱਚੇ ਦੀ ਮਾਂ ਨੂੰ ਫੋਨ ਉੱਤੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਫਰਹਾਨ ਨੇ ਧਮਕੀ ਦਿੱਤੀ ਕਿ ਜੇਕਰ ਉਹ ਉਸ ਕੋਲ ਨਾਲ ਆਈ ਤਾਂ ਉਹ ਉਸ ਦੇ ਪੁੱਤਰ ਨੂੰ ਮਾਰ ਦੇਵੇਗਾ। ਪਰਿਵਾਰ ਦੀ ਸ਼ਿਕਾਇਤ ਮਿਲਣ 'ਤੇ ਪੰਜਾਬ ਪੁਲਸ ਦੇ ਸਬ-ਇੰਸਪੈਕਟਰ ਲਖਵਿੰਦਰ ਸਿੰਘ ਨੇ ਤਕਨੀਕੀ ਸਰਵੀਲੈਂਸ ਅਤੇ ਮੋਬਾਈਲ ਲੋਕੇਸ਼ਨ ਦੀ ਮਦਦ ਨਾਲ ਜਾਂਚ ਸ਼ੁਰੂ ਕੀਤੀ। ਪਤਾ ਲੱਗਾ ਕਿ ਬੱਚੇ ਨੂੰ ਉੱਤਰ ਪ੍ਰਦੇਸ਼ ਲਿਜਾਇਆ ਗਿਆ ਹੈ, ਜਿਸ ਤੋਂ ਬਾਅਦ ਪੰਜਾਬ ਪੁਲਸ ਦੀ ਟੀਮ ਤੁਰੰਤ ਪ੍ਰਯਾਗਰਾਜ ਲਈ ਰਵਾਨਾ ਹੋ ਗਈ। ਪ੍ਰਯਾਗਰਾਜ ਦੇ ਸਿਵਕੁਟੀ ਥਾਣਾ ਖੇਤਰ ਦੇ ਆਲ੍ਹਾ ਮਿੱਲ ਤਿਰਾਹੇ 'ਤੇ ਸਥਾਨਕ ਪੁਲਸ ਦੀ ਮਦਦ ਨਾਲ ਘੇਰਾਬੰਦੀ ਕਰਕੇ ਮੁਲਜ਼ਮ ਨੂੰ ਉਸਦੀ ਕਾਰ ਸਮੇਤ ਕਾਬੂ ਕਰ ਲਿਆ ਗਿਆ। ਬੱਚਾ ਪੂਰੀ ਤਰ੍ਹਾਂ ਸੁਰੱਖਿਅਤ ਮਿਲਿਆ, ਜਿਸ ਨੂੰ ਮੈਡੀਕਲ ਜਾਂਚ ਤੋਂ ਬਾਅਦ ਪਰਿਵਾਰ ਨੂੰ ਸੌਂਪ ਦਿੱਤਾ ਜਾਵੇਗਾ। ਫਰਹਾਨ ਸਿੱਦੀਕੀ 'ਤੇ ਅਗਵਾ, ਫਿਰੌਤੀ ਅਤੇ ਸਾਈਬਰ ਕ੍ਰਾਈਮ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪੰਜਾਬ ਪੁਲਸ ਦਾ ਕਹਿਣਾ ਹੈ ਕਿ ਕਾਨੂੰਨੀ ਕਾਰਵਾਈ ਪੂਰੀ ਕਰਨ ਤੋਂ ਬਾਅਦ ਉਸਨੂੰ ਟਰਾਂਜ਼ਿਟ ਰਿਮਾਂਡ 'ਤੇ ਪੰਜਾਬ ਲਿਆਂਦਾ ਜਾਵੇਗਾ।

## ਸ਼ੋਭਾ ਯਾਤਰਾ ਵਾਲੇ ਦਿਨ ਯਾਤਰਾ ਵਾਲੇ ਰਸਤਿਆਂ ਵਿੱਚ ਆਂਡਾ, ਮੀਟ ਅਤੇ ਸ਼ਰਾਬ ਦੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ

ਅੰਮ੍ਰਿਤਸਰ, 6 ਅਕਤੂਬਰ: ਭਗਵਾਨ ਵਾਲਮੀਕਿ ਜੀ ਦਾ ਪ੍ਰਗਟ ਦਿਵਸ ਦੇਸ਼ ਵਿੱਚ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਜਿਸ ਦੌਰਾਨ ਦੇਸ਼-ਵਿਦੇਸ਼ ਤੋਂ ਸੰਗਤਾਂ ਭਗਵਾਨ ਵਾਲਮੀਕਿ ਤੀਰਥ ਸਥਲ ਵਿਖੇ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕਰਦੀਆਂ ਹਨ। ਇਸ ਸਬੰਧੀ ਵੱਖ-ਵੱਖ ਜਥੇਬੰਦੀਆਂ ਵੱਲੋਂ ਬੇਨਤੀ ਕੀਤੀ ਜਾ ਰਹੀ ਸੀ ਕਿ ਸਮੁੱਚੇ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਪ੍ਰਗਟ ਦਿਵਸ ਅਤੇ ਸ਼ੋਭਾ ਯਾਤਰਾ ਦੌਰਾਨ ਮੀਟ ਤੇ ਸ਼ਰਾਬ ਦੀਆਂ ਦੁਕਾਨਾਂ ਬੰਦ ਕਰਵਾਉਣ ਦੇ ਹੁਕਮ ਜਾਰੀ ਕੀਤੇ ਜਾਣ। ਇਸ ਮੌਕੇ ਨੂੰ ਧਿਆਨ ਵਿੱਚ ਰੱਖਦੇ ਹੋਏ ਸ੍ਰੀ ਰੋਹਿਤ ਗੁਪਤਾ, ਵਧੀਕ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿਤਾ, 2023 ਦੀ ਧਾਰਾ 163 ਅਤੇ ਪੰਜਾਬ ਆਬਕਾਰੀ ਐਕਟ, 1914 ਦੀ ਧਾਰਾ 54(1) ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਨੂੰ ਸਮਰਪਿਤ ਸ਼ੋਭਾ ਯਾਤਰਾ ਵਾਲੇ ਦਿਨ ਮਿਤੀ 6 ਅਕਤੂਬਰ 2025 ਨੂੰ ਸ਼ੋਭਾ ਯਾਤਰਾ ਵਾਲੇ ਰਸਤਿਆਂ ਵਿੱਚ 100 ਮੀਟਰ ਆਲੇ-ਦੁਆਲੇ ਸ਼ਰਾਬ ਦੇ ਠੇਕੇ ਅਤੇ ਆਂਡਾ, ਮੀਟ ਦੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਹਨ। ਉਪਰੋਕਤ ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫਾ ਪਾਸ ਕੀਤਾ ਜਾਂਦਾ ਹੈ ਜੋ ਆਮ ਜਨਤਾ ਨੂੰ ਸੰਬੋਧਿਤ ਹੈ। ਕਮਿਸ਼ਨਰ ਪੁਲਿਸ, ਅੰਮ੍ਰਿਤਸਰ ਸ਼ਹਿਰ, ਸੀਨੀਅਰ ਪੁਲਿਸ ਕਪਤਾਨ, ਅੰਮ੍ਰਿਤਸਰ (ਦਿਹਾਤੀ), ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ ਅਤੇ ਸਬੰਧਤ ਉਪ ਮੰਡਲ ਮੈਜਿਸਟਰੇਟ ਆਪਣੇ-ਆਪਣੇ ਅਧਿਕਾਰ ਖੇਤਰ ਵਿੱਚ ਇਹਨਾਂ ਹੁਕਮਾਂ ਦੀ ਪਾਲਣਾਂ ਕਰਵਾਉਣੀ ਯਕੀਨੀ ਬਨਾਉਣਗੇ।

# ਭੈਣ ਸੁਭਾਸ਼ ਰਾਣੀ ਸੀਟੂ ਦੇ ਜ਼ਿਲ੍ਹਾ ਪ੍ਰਧਾਨ ਤੇ ਹਨੂੰਮਾਨ ਪ੍ਰਸਾਦਿ ਦੂਬੇ ਬਣੇ ਜਨਰਲ ਸਕੱਤਰ

ਸੰਗਰੂਰ,6 ਅਕਤੂਬਰ: ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ (ਸੀਟੂ) ਜ਼ਿਲ੍ਹਾ ਲੁਧਿਆਣਾ ਦਾ ਲੰਮੇ ਅਰਸੇ ਤੋਂ ਬਾਅਦ ਸਫ਼ਲ ਇਜਲਾਸ ਭੈਣ ਸੁਭਾਸ਼ ਰਾਣੀ, ਦਲਜੀਤ ਗੋਰਾ,ਸਮਰ ਬਹਾਦਰ, ਅਮਰਨਾਥ ਕੂੰਮਕਲਾਂ, ਜਤਿੰਦਰਪਾਲ, ਸੁਖਮਿੰਦਰ ਲੋਟੇ ਦੀ ਪ੍ਰਧਾਨਗੀ ਹੇਠ ਸੰਪੰਨ ਹੋਇਆ।ਅਜਲਾਸ ਦੌਰਾਨ ਸਾਥੀ ਜਤਿੰਦਰ ਪਾਲ ਨੇ ਪਿਛਲੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ। ਜਿਸ ਤੇ 14 ਸਾਥੀਆਂ ਨੇ ਬਹਿਸ ਵਿੱਚ ਭਾਗ ਲਿਆ। ਜ਼ਿਲ੍ਹਾ ਪੱਧਰੀ ਕਾਨਫਰੰਸ ਦਾ ਉਦਘਾਟਨ ਸੀਟੂ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਸਾਥੀ ਚੰਦਰ ਸ਼ੇਖਰ ਨੇ ਕੀਤਾ। ਉਨ੍ਹਾਂ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਮਜ਼ਦੂਰ ਵਿਰੋਧੀ ਨੀਤੀਆਂ,ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਫਿਰਕਾਪ੍ਰਸਤੀ ਵਿਰੁੱਧ, ਅਤੇ ਅੰਤਰਰਾਜੀ ਮਜ਼ਦੂਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਭਾਈਚਾਰਕ ਕਦਰਾਂ ਕੀਮਤਾਂ ਨੂੰ ਵਰਕਰਾਰ ਰੱਖਣ ਲਈ ਲਗਾਤਾਰ ਸੰਘਰਸ਼ ਜਾਰੀ ਰੱਖਣ ਦੀ ਅਪੀਲ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਨਾਲ ਏਕਤਾ ਦੀਆਂ ਗੰਢਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ। ਸੀਟੂ ਦੀ ਜ਼ਿਲ੍ਹਾ ਪੱਧਰੀ ਕਾਨਫਰੰਸ ਦੌਰਾਨ ਸੀਟੂ ਦੇ ਸੂਬਾਈ ਪ੍ਰਧਾਨ ਸਾਥੀ ਮਹਾਂ ਸਿੰਘ ਰੌੜੀ ਨੇ 33 ਮੈਂਬਰੀ ਕਮੇਟੀ ਦਾ ਪੈਨਲ ਪੇਸ਼ ਕੀਤਾ। ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਭੈਣ ਸੁਭਾਸ਼ ਰਾਣੀ, ਜਨਰਲ ਸਕੱਤਰ ਸਾਥੀ ਹਨੂੰਮਾਨ ਪ੍ਰਸਾਦਿ ਦੂਬੇ ਅਤੇ ਕੈਸ਼ੀਅਰ ਸਾਥੀ ਰਾਮ ਲਾਲ ਚੁਣੇ ਗਏ।ਅਜਲਾਸ ਵੱਲੋਂ ਮੀਤ ਪ੍ਰਧਾਨ ਸਾਥੀ ਸਮਰ ਬਹਾਦਰ ਨੂੰ ਬਤੌਰ ਸਹਾਇਕ ਕੈਸ਼ੀਅਰ ਹਿਸਾਬ ਕਿਤਾਬ ਰੱਖਣ ਲਈ ਵੀ ਨਿਯੁਕਤ ਕੀਤਾ ਗਿਆ।


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਪੰਜਾਬ 'ਚ ਸੀ.ਆਰ.ਐਮ. ਮਸ਼ੀਨਾਂ ਹੁਣ ਇੱਕ ਕਲਿੱਕ 'ਤੇ ਉਪਲੱਬਧ; 'ਉੱਨਤ ਕਿਸਾਨ' ਐਪ ਉਤੇ 85 ਹਜ਼ਾਰ ਤੋਂ ਵੱਧ ਮਸ਼ੀਨਾਂ ਦੀ ਕੀਤੀ ਗਈ ਮੈਪਿੰਗ

**ਚੰਡੀਗੜ੍ਹ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ÷ਉੱਨਤ ਕਿਸਾਨ÷ ਮੋਬਾਈਲ ਐਪ ਉਤੇ 85000 ਤੋਂ ਵੱਧ ਇਨ-ਸੀਟੂ ਅਤੇ ਐਕਸ-ਸੀਟੂ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਾਂ ਦੀ ਮੈਪਿੰਗ ਕੀਤੀ ਗਈ ਹੈ। ਦੱਸਣਯੋਗ ਹੈ ਕਿ ਇਹ ਮੋਬਾਇਲ ਐਪ ਇੱਕ ਵਨ-ਸਟਾਪ ਪਲੇਟਫਾਰਮ ਹੈ ਜੋ ਟਿਕਾਊ ਖੇਤੀਬਾੜੀ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਅਤੇ ਹਵਾ ਪ੍ਰਦੂਸ਼ਣ ਨੂੰ ਘਟਾਉਣ ਲਈ ਛੋਟੇ ਅਤੇ ਸੀਮਾਂਤ ਕਿਸਾਨਾਂ ਤੱਕ ਇਹਨਾਂ ਅਤਿ-ਆਧੁਨਿਕ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਾਂ ਦੀ ਪਹੁੰਚ ਨੂੰ ਹੋਰ ਆਸਾਨ ਬਣਾਉਣ ਲਈ ਤਿਆਰ ਕੀਤੀ ਗਈ ਹੈ।

ਇਸ ਪ੍ਰਮੁੱਖ ਡਿਜੀਟਲ ਪਹਿਲਕਦਮੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸ. ਖੁੱਡੀਆਂ ਨੇ ਦੱਸਿਆ ਕਿ ਇਹ ਪਹਿਲਕਦਮੀ ਕਿਸਾਨਾਂ ਨੂੰ ਆਪਣੇ ਘਰ ਬੈਠੇ ਹੀ ਆਪਣੇ ਮੋਬਾਈਲ ਫੋਨਾਂ ਰਾਹੀਂ ਸੀ.ਆਰ.ਐਮ. ਮਸ਼ੀਨਾਂ ਨੂੰ ਆਸਾਨੀ ਨਾਲ ਬੁੱਕ ਕਰਨ ਦੀ ਸਹੂਲਤ ਦਿੰਦੀ ਹੈ। ਉਨ੍ਹਾਂ ਕਿਹਾ ਕਿ ਹਰੇਕ ਮਸ਼ੀਨ ਨੂੰ ਕਾਸ਼ਤਯੋਗ ਜ਼ਮੀਨੀ ਦੇ ਖੇਤਰ ਮੁਤਾਬਕ ਜੀਓ-ਟੈਗ ਕੀਤਾ ਜਾਂਦਾ ਹੈ, ਜਿਸ ਨਾਲ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਗਤੀਵਿਧੀਆਂ ਦੀ ਨਿਗਰਾਨੀ ਅਤੇ ਦਸਤਾਵੇਜ਼ੀਕਰਨ ਦੀ ਸਹੂਲਤ ਮਿਲਦੀ ਹੈ।

ਖੇਤੀਬਾੜੀ ਮੰਤਰੀ ਨੇ ਇਸ ਐਪ ਦੇ ਮਜ਼ਬੂਤ ਈਕੋਸਿਸਟਮ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਇਸ ਵਿੱਚ 5,000 ਤੋਂ ਵੱਧ ਪਿੰਡ ਪੱਧਰੀ ਫੈਸਿਲੀਟੇਟਰ (ਵੀ.ਐਲ.ਐਫਜ਼) ਅਤੇ ਕਲੱਸਟਰ ਅਫਸਰ (ਸੀ.ਓਜ਼) ਸ਼ਾਮਲ ਹਨ ਜੋ ਕਿਸਾਨਾਂ ਨੂੰ ਜ਼ਮੀਨੀ ਪੱਧਰ 'ਤੇ ਸਹਾਇਤਾ ਪ੍ਰਦਾਨ ਕਰਨ ਤੋਂ ਇਲਾਵਾ ਗਤੀਵਿਧੀਆਂ ਦੀ ਨਿਗਰਾਨੀ ਕਰਨਗੇ। ਇਹ ਪਲੇਟਫਾਰਮ ਸੀ.ਆਰ.ਐਮ. ਮਸ਼ੀਨਾਂ ਦੇ ਪ੍ਰਾਈਵੇਟ ਮਾਲਕਾਂ ਨੂੰ ਆਪਣੇ ਉਪਕਰਣਾਂ ਨੂੰ ਰਜਿਸਟਰ ਕਰਨ ਦੀ ਸਹੂਲਤ ਵੀ ਪ੍ਰਦਾਨ ਕਰਦਾ ਹੈ ਤਾਂ ਜੋ ਮਸ਼ੀਨਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਭਾਈਚਾਰਕ ਸਹਾਇਤਾ ਲਈ, ਵੀ.ਐਲ.ਐਫਜ਼ ਕਿਸਾਨਾਂ ਲਈ ਆਪ ਵੀ ਮਸ਼ੀਨਾਂ ਬੁੱਕ ਕਰ ਸਕਦੇ ਹਨ ਤਾਂ ਜੋ ਕੋਈ ਵੀ ਕਿਸਾਨ ਇਸ ਸਹੂਲਤ ਤੋਂ ਵਾਂਝਾ ਨਾ ਰਹੇ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਇਸ ਐਪ ਦੇ ਬੈਕਐਂਡ ਬਾਰੇ ਜਾਣਕਾਰੀ ਦਿੱਤੀ, ਜਿਸ ਵਿੱਚ ਇੱਕ ਰੀਅਲ-ਟਾਈਮ ਡੈਸ਼ਬੋਰਡ ਹੈ ਜੋ ਮਸ਼ੀਨ ਦੀ ਵਰਤੋਂ ਅਤੇ ਫੀਲਡ ਅਫਸਰਾਂ ਦੀਆਂ ਗਤੀਵਿਧੀਆਂ ਦੀ ਸਟੀਕ ਨਿਗਰਾਨੀ ਨੂੰ ਸਮਰੱਥ ਬਣਾਉਂਦਾ ਹੈ। ਇਹ ਜਵਾਬਦੇਹੀ, ਸਮੱਸਿਆਵਾਂ ਦੇ ਤੁਰੰਤ ਹੱਲ ਅਤੇ ਅਨੁਕੂਲ ਸਰੋਤ ਯਕੀਨੀ ਬਣਾਉਂਦਾ ਹੈ ਅਤੇ ਵਾਢੀ ਦੇ ਮਹੱਤਵਪੂਰਨ ਸਮੇਂ ਦੌਰਾਨ ਕਿਸਾਨ ਭਾਈਚਾਰੇ ਲਈ ਲਾਹੇਵੰਦ ਬਣਦਾ ਹੈ। ਉਨ੍ਹਾਂ ਕਿਹਾ ਕਿ ਸਰੋਤਾਂ ਨੂੰ ਟਰੈਕ ਕਰਨ ਅਤੇ ਪ੍ਰਬੰਧਨ ਵਿੱਚ ਡੈਸ਼ਬੋਰਡ ਦੀ ਪ੍ਰਭਾਵਸ਼ੀਲਤਾ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਪਹਿਲਕਦਮੀਆਂ ਦੀ ਸਮੁੱਚੀ ਕੁਸ਼ਲਤਾ ਵਿੱਚ ਵਾਧਾ ਕਰਦੀ ਹੈ। ਖੁੱਡੀਆਂ ਨੇ ਉੱਨਤ ਕਿਸਾਨ ਐਪ ਦੇ ਕਿਸਾਨ-ਪੱਖੀ ਡਿਜ਼ਾਈਨ ਦਾ ਹਵਾਲਾ ਦਿੰਦਿਆਂ ਕਿਸਾਨਾਂ ਨੂੰ ਇਸ ਦੀ ਵਰਤੋਂ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਐਪ ਨੇ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਰੀ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿੱਚ ਬਦਲਾਅ ਲਿਆਉਂਦਿਆਂ ਇਸ ਨੂੰ ਵਧੇਰੇ ਕੁਸ਼ਲ, ਪਾਰਦਰਸ਼ੀ ਅਤੇ ਸੰਮਲਿਤ ਬਣਾਇਆ ਹੈ।

# ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਵੱਲੋਂ ਮਹਾਤਮਾ ਗਾਂਧੀ ਅਤੇ ਲਾਲ ਬਹਾਦੁਰ ਸ਼ਾਸਤਰੀ ਦਾ ਮਨਾਇਆ ਗਿਆ ਜਨਮਦਿਨ : ਸੰਜੇ ਤਲਵਾਰ

**ਲੁਧਿਆਣਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਵੱਲੋਂ ਅੱਜ ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਦਾ 156ਵਾਂ ਅਤੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਜੀ ਦਾ 121ਵਾਂ ਜਨਮ ਦਿਨ ਟਿਬਬਾ ਰੋਡ ਸਥਿਤ ਕਾਂਗਰਸ ਦਫ਼ਤਰ ਵਿੱਚ ਮਨਾਇਆ ਗਿਆ। ਇਸ ਸਮਾਗਮ ਦੀ ਅਗਵਾਈ ਸਾਬਕਾ ਵਿਧਾਇਕ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ (ਸ਼ਹਿਰੀ) ਦੇ ਪ੍ਰਧਾਨ ਸੰਜੇ ਤਲਵਾਰ ਨੇ ਕੀਤੀ। ਇਸ ਮੌਕੇ ਮਹਾਤਮਾ ਗਾਂਧੀ ਜੀ ਅਤੇ ਲਾਲ ਬਹਾਦੁਰ ਸ਼ਾਸਤਰੀ ਜੀ ਦੀਆਂ ਤਸਵੀਰਾਂ ਅੱਗੇ ਮਾਲਾਵਾਂ ਅਰਪਿਤ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਤੋਂ ਬਾਅਦ ਹਰ ਮਹੀਨੇ ਦੀ ਤਰ੍ਹਾਂ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਨਾਲ ਸੰਗਠਨ ਨੂੰ ਮਜ਼ਬੂਤ ਕਰਨ ਲਈ ਮੀਟਿੰਗ ਵੀ ਕੀਤੀ ਗਈ।

ਨੇਤਾਵਾਂ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਮਹਾਤਮਾ ਗਾਂਧੀ ਜੀ ਨੇ ਸੱਚਾਈ ਅਤੇ ਅਹਿੰਸਾ ਦੇ ਰਾਹ ਤੇ ਚੱਲ ਕੇ ਪੂਰੀ ਦੁਨੀਆ ਨੂੰ ਪ੍ਰੇਰਨਾ ਦਿੱਤੀ। ਲੋਕਾਂ ਨੂੰ ਆਪਣੇ ਨਾਲ ਜੋੜਨਾ ਹੀ ਉਨ੍ਹਾਂ ਦੀ ਖ਼ਾਸੀਅਤ ਸੀ।

ਇਸੇ ਤਰ੍ਹਾਂ ਲਾਲ ਬਹਾਦੁਰ ਸ਼ਾਸਤਰੀ ਜੀ ਇਕ ਸਾਦਗੀ-ਪਸੰਦ ਅਤੇ ਧਰਤੀ ਨਾਲ ਜੁੜੇ ਹੋਏ ਨੇਤਾ ਸਨ, ਜਿਨ੍ਹਾਂ ਨੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਵੀ ਕਦੇ ਆਪਣੇ ਸਿਧਾਂਤਾਂ ਨਾਲ ਸਮਝੌਤਾ ਨਹੀਂ ਕੀਤਾ। ਅੱਜ ਦੇ ਨੇਤਾਵਾਂ ਨੂੰ ਉਨ੍ਹਾਂ ਦੇ ਸਾਫ-ਸੁਥਰੇ ਜੀਵਨ ਅਤੇ ਵਿਚਾਰਾਂ ਤੋਂ ਸਿੱਖ ਲੈਣ ਦੀ ਲੋੜ ਹੈ। ਜ਼ਿਲ੍ਹਾ ਕਾਂਗਰਸ ਕਮੇਟੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਭਰ ਵਿੱਚ ਵੋਟ ਚੋਰੀ ਦੇ ਖ਼ਿਲਾਫ਼ ਕਾਂਗਰਸ ਪਾਰਟੀ ਨੇ ਦਸਤਖ਼ਤ ਮੁਹਿੰਮ ਸ਼ੁਰੂ ਕੀਤੀ ਹੈ।

15 ਅਕਤੂਬਰ ਤੱਕ ਪੰਜ ਕਰੋੜ ਦਸਤਖ਼ਤ ਇਕੱਠੇ ਕਰਕੇ ਚੋਣ ਕਮਿਸ਼ਨ ਨੂੰ ਸੌਂਪੇ ਜਾਣਗੇ, ਜਿਨ੍ਹਾਂ ਵਿੱਚੋਂ 15 ਲੱਖ ਦਸਤਖ਼ਤ ਪੰਜਾਬ ਤੋਂ ਹੋਣਗੇ। ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਮੁਕਤੀ ਦੀ ਉਡੀਕ ਕਰ ਰਹੇ ਹਨ ਕਿਉਂਕਿ ਇਸ ਸਰਕਾਰ ਨੇ ਪੰਜਾਬ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। ਇਸ ਮੌਕੇ ਸ਼ਾਮਲ ਹੋਣ ਵਾਲਿਆਂ ਵਿੱਚ ਸ਼ਾਮ ਸੁੰਦਰ ਮਲਹੋਤਾ, ਕੋਮਲ ਖੰਨਾ, ਮੋਨੂ ਖਿਡਾ, ਸਜੀਵ ਸ਼ਰਮਾ, ਬਲਜੀਤ ਸਿੰਘ ਮਾਨ, ਵਿਜੇ ਕਲਸੀ, ਹਰਜਿੰਦਰ ਪਾਲ ਲਾਲੀ, ਜਸਵਿੰਦਰ ਸਿੰਘ ਵੀਰੂ, ਹਨਸ ਰਾਜ, ਕ੍ਰਿਸ਼ਨ ਖਰਬੰਦਾ, ਸੁਸ਼ੀਲ ਮਲਹੋਤਾ, ਅਨੀਲ ਸਚਦੇਵਾ, ਰਵਿੰਦਰਪਾਲ ਸਿੰਘ ਰਾਜਾ, ਮੰਗਾ ਸ਼ਰਮਾ, ਰਵਿੰਦਰ ਸਿੰਘ ਰਾਜੂ, ਹੀਰਾਲਾਲ, ਰਵੀ ਮਲਹੋਤਾ, ਰਾਜੇਸ਼ ਉਪਲ, ਰਾਜ ਕੁਮਾਰ, ਕਰਤਾਰ ਸਿੰਘ, ਦਲਜੀਤ ਸਿੰਘ, ਰਾਮ ਲਾਲ, ਆਰ. ਕੇ. ਰਸੀਲਾ, ਰਣਜੀਤ ਸਿੰਘ, ਸੁਖਵਿੰਦਰ ਸਿੰਘ, ਰਾਜੇਸ਼ ਕੁਮਾਰ ਰਾਜਾ, ਨਜ਼ਾਕਤ ਅਲੀ, ਰਾਜ ਸਬਰਵਾਲ, ਸਾਗਰ ਚੋਪੜਾ, ਸਾਹਿਲ ਰਾਜਪੂਤ, ਮੁਖਤਾਰ ਸਿੰਘ, ਯੋਗੇਸ਼ ਸ਼ਰਮਾ, ਮੋਨੂ ਸੈਨੀ, ਗੁਰਚਰਨ ਛਾਬੜਾ, ਰਾਜੇਸ਼ ਤਾਗੜੀ, ਰੋਸ਼ਨ ਲਾਲ ਸ਼ਰਮਾ, ਸਿਕੰਦਰ ਗਿੱਲ, ਸੀਤਾਰਾਮ, ਭੋਲਾ ਮਹਤਾ, ਨਟਵਰ ਲਾਲ, ਆਸ਼ਿਕ ਖ਼ਾਨ, ਬੰਨੂ ਬਹਲ, ਸ਼ਿਬੂ ਚੌਹਾਨ, ਲੱਕੀ ਮੱਕੜ, ਵਿਕਰਮ ਸਹਜਲ, ਝੁਨ ਝੁਨ ਪਾਂਡੇ, ਸਰਬਜੀਤ ਸਿੰਘ, ਸੁਰੀਦਰ ਸ਼ਰਮਾ, ਨਿਪੁਣ ਸ਼ਰਮਾ, ਵੀ. ਕੇ. ਅਰੋੜਾ, ਕੰਵਲਜੀਤ ਸਿੰਘ ਬੋਬੀ, ਕਪਿਲ ਮਹਤਾ, ਰਿਕੂ ਦੱਤ ਅਤੇ ਹੋਰ ਕਈ ਅਹੁਦੇਦਾਰ ਤੇ ਵਰਕਰ ਸ਼ਾਮਲ ਸਨ।

# ਮਾਤਾ ਕਾਲੀ ਤੇਰਾ ਦਰਬਾਰ ਸਜਿਆ ਵਿੱਚ ਪਟਿਆਲੇ ਦੇ ..... ਭਜਨ 'ਤੇ; ਸਤਿਗੁਰੂ ਮਹਾਰਾਜ ਨੇ ਸ਼ਰਧਾਲੂ ਝੂਮਣ ਲਗਾ ਦਿੱਤੇ

**ਪਟਿਆਲਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮਾਨਵਤਾ ਦੇ ਲੋਕ ਭਲਾਈ ਕੰਮਾਂ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਸਤਿਗੁਰੂ ਦਰਬਾਰ ਮੁਕਤਸਰ ਸਾਹਿਬ ਦੇ ਸਤਿਗੁਰੂ ਜੀ ਮਹਾਰਾਜ ਵਲੋਂ ਮਾਤਾ ਰਾਣੀ ਦੇ ਨਵਰਾਤਰਿਆਂ ਮੌਕੇ ਸ਼ਾਹੀ ਸ਼ਹਿਰ ਪਟਿਆਲਾ ਦੇ ਪ੍ਰਸਿੱਧ ਕਾਲੀ ਮਾਤਾ ਮੰਦਿਰ ਦੇ ਖੁੱਲੇ ਸਤਿਸੰਗ ਹਾਲ ਵਿੱਚ ਮਾਤਾ ਰਾਣੀ ਦੇ ਆਖਰੀ ਨਵਰਾਤਰਿਆਂ ਦੀ ਰਾਤ ਨੂੰ ਜਾਗਣ ਕਰਵਾਇਆ ਗਿਆ। ਨਗਰ ਨਿਗਮ ਪਟਿਆਲਾ ਦੇ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਦੇ ਉਦਮ ਸਦਕਾ ਅੱਜ ਰਾਤ ਨੂੰ ਕਾਲੀ ਮਾਤਾ ਦੇ ਮੰਦਿਰ ਵਿੱਚ ਜਾਗਰਣ ਕਰਵਾਇਆ ਗਿਆ। ਇਸ ਜਾਗਰਨ ਦੀ ਜ਼ੋਤ ਪ੍ਰਚੰਡ ਸਤਿਗੁਰੂ ਮਹਾਰਾਜ ਜੀ ਨੇ ਆਪਣੇ ਕਰ ਕਮਲਾ ਨਾਲ ਕੀਤੀ ਅਤੇ ਜਾਗਰਣ ਦੀ ਸ਼ੁਰੂਆਤ ਭਜਨ, ਮੈਂ ਨਹੀ ਖਾਲੀ ਜਾਣਾ ਦਾਤੀਐ ਮੈਂ ਨਹੀਂ ਖਾਲੀ ਜਾਣਾ ਭਜਨ ਨਾਲ ਹੋਈ। ਇਸ ਭਜਨ ਮਾਂ ਮੇਰੀ ਬਾਂਹ ਫੜ੍ਹ ਲੈ ਅਤੇ ਮਾਤਾ ਕਾਲੀ ਤੇਰਾ ਦਰਬਾਰ ਸੱਜਿਆ ਵਿੱਚ ਪਟਿਆਲੇ ਦੇ ਭਜਨ ਤੇ ਸਤਿਗੁਰੂ ਮਹਾਰਾਜ ਨੇ ਸ਼ਰਧਾਲੂਆਂ ਨੂੰ ਝੂਮਣ ਲਗਾ ਦਿੱਤਾ।

# ਕਾਂਗਰਸ ਪਾਰਟੀ ਨੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੂੰ ਦਿੱਤੀ ਸ਼ਰਧਾਂਜਲੀ



**ਲੁਧਿਆਣਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੀ 156ਵੀਂ ਜਯੰਤੀ ਮੌਕੇ ਕਾਂਗਰਸੀ ਵਰਕਰਾਂ ਵੱਲੋਂ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਸਬੰਧੀ ਪ੍ਰੋਗਰਾਮ ਜਿਲਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਅਤੇ ਸੀਨੀਅਰ ਪਾਰਟੀ ਆਗੂ ਪਵਨ ਦੀਵਾਨ ਦੀ ਅਗਵਾਈ ਹੇਠ ਸਥਾਨਕ ਸਰਾਭਾ ਨਗਰ ਵਿਖੇ ਆਯੋਜਿਤ ਕੀਤਾ ਗਿਆ ਸੀ। ਇਸ ਮੌਕੇ ਸੰਬੋਧਨ ਕਰਦਿਆਂ, ਪਵਨ ਦੀਵਾਨ ਨੇ ਕਿਹਾ ਕਿ ਗਾਂਧੀ ਜੀ ਦਾ ਜੀਵਨ ਸੱਚਾਈ, ਅਹਿੰਸਾ ਅਤੇ ਸਾਦਗੀ ਦੀ ਪ੍ਰੇਰਨਾ ਦਿੰਦਾ ਹੈ। ਉਨਾਂ ਦੀ ਵਿਚਾਰਧਾਰਾ ਅਤੇ ਆਦਰਸ਼ਾਂ ਉੱਪਰ ਚੱਲਣਾ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਇਸ ਮਾਰਗ ਉੱਪਰ ਚੱਲ ਕੇ ਹੀ ਅਸੀਂ ਦੇਸ਼ ਅਤੇ ਸਮਾਜ ਨੂੰ ਬਿਹਤਰ ਦਿਸ਼ਾ ਦੇ ਸਕਦੇ ਹਾਂ। ਜਿਨ੍ਹਾਂ ਨੇ ਕਿਹਾ ਸੀ ਕਿ ਸਾਨੂੰ ਦੁਨੀਆਂ ਵਿੱਚ ਬਦਲਾਓ ਦੇਖਣ ਵਾਸਤੇ ਖੁਦ ਵਿੱਚ ਬਦਲਾਅ ਕਰਨਾ ਪਵੇਗਾ।

# ਪਿੰਡ ਨੇਹੀਆਵਾਲਾ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ

**ਬਠਿੰਡਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਡੀਸੀ ਰਾਜੇਸ਼ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਐਸਡੀਐਮ ਬਠਿੰਡਾ ਸ ਬਲਕਰਨ ਸਿੰਘ ਮਾਹਲ ਦੀ ਅਗਵਾਈ ਹੇਠ ਪਰਾਲੀ ਦੇ ਸੁਚੱਜੇ ਪ੍ਰਬੰਧਨ ਦੇ ਮੱਦੇਨਜ਼ਰ ਖੇਤੀਬਾੜੀ ਵਿਭਾਗ ਵੱਲੋਂ ਪਿੰਡ ਨੇਹੀਆਂਵਾਲਾ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ।

ਇਸ ਮੌਕੇ ਐਸ.ਡੀ.ਐਮ. ਬਠਿੰਡਾ ਸ੍ਰੀ ਬਲਕਰਨ ਸਿੰਘ ਮਾਹਲ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨਾਂ ਦੀ ਪਰਾਲੀ ਨੂੰ ਨਾ ਸਾੜਨ ਅਤੇ ਇਸ ਦਾ ਪ੍ਰਬੰਧ ਇਨ-ਸੀਟੂ ਜਾਂ ਐਕਸ-ਸੀਟੂ ਤਰੀਕਿਆਂ ਨਾਲ ਕਰਨ।

ਇਸ ਮੌਕੇ ਡਾ. ਜਗਤ ਸਿੰਘ ਖੇਤੀਬਾੜੀ ਵਿਕਾਸ ਅਫਸਰ ਮਹਿਮਾ ਸਰਜਾ ਨੇ ਝੋਨੇ ਦੀਆਂ ਬਿਮਾਰੀਆਂ ਅਤੇ ਕੀੜਿਆਂ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਡਾ. ਅਰਸ਼ਦੀਪ ਸਿੰਘ ਖੇਤੀਬਾੜੀ ਵਿਕਾਸ ਅਫਸਰ ਹਰਰਾਏਪੁਰ ਨੇ ਕਪਾਹ/ਨਰਮੇ ਦੀ ਫਸਲ ਅਤੇ ਬੀਜ ਉਤਪਾਦਨ ਬਾਰੇ ਜਾਣੂ ਕਰਵਾਇਆ। ਇਸ ਤੋਂ ਇਲਾਵਾ ਡਾ. ਬਲਜਿੰਦਰ ਸਿੰਘ ਖੇਤੀਬਾੜੀ ਅਫਸਰ ਨੇ ਪਰਾਲੀ ਨੂੰ ਖੇਤ ਵਿੱਚ ਵਾਹੁਣ ਦੀ ਮਹੱਤਤਾ ਦੱਸਦੇ ਹੋਏ ਮਿੱਟੀ ਦੀ ਸਿਹਤ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ

ਇਸ ਮੌਕੇ ਡਾ. ਹਰਜਸਪਾਲ ਸ਼ਰਮਾ ਖੇਤੀਬਾੜੀ ਅਫ਼ਸਰ, ਬਲਾਕ ਬਠਿੰਡਾ ਨੇ ਪਰਾਲੀ ਦੀ ਸੁਚੱਜੀ ਸੰਭਾਲ ਬਾਰੇ ਕਿਸਾਨਾਂ ਨੂੰ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਅਤੇ ਪਰਾਲੀ ਸਾੜਨ ਨਾਲ ਵਾਤਾਵਰਨ ਤੇ ਪੈ ਰਹੇ ਮਾੜੇ ਪ੍ਰਭਾਵਾਂ ਬਾਰੇ ਕਿਸਾਨਾਂ ਨੂੰ ਜਾਣੂ ਕਰਵਾਇਆ ਅੰਤ ਵਿੱਚ ਉਹਨਾਂ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਧੰਨਵਾਦ ਕੀਤਾ।

ਇਸ ਮੌਕੇ ਸ਼੍ਰੀ ਭੀਸ਼ਮ ਪਾਂਡੇ, ਨਾਇਬ ਤਹਿਸੀਲਦਾਰ, ਡਾ. ਬਲਜਿੰਦਰ ਸਿੰਘ, ਖੇਤੀਬਾੜੀ ਅਫਸਰ, ਡਾ. ਸਰਬਜੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ ਗੋਨਿਆਣਾ, ਡਾ. ਹਰਜਸਪਾਲ ਸ਼ਰਮਾ, ਖੇਤੀਬਾੜੀ ਅਫਸਰ ਬਲਾਕ ਬਠਿੰਡਾ ਸਮੇਤ ਹੋਰ ਖੇਤੀਬਾੜੀ ਅਧਿਕਾਰੀ ਅਤੇ ਸ਼੍ਰੀ ਨਵਜੀਤ ਢਿੱਲੋਂ ਨੋਡਲ ਅਫਸਰ ਪਰਾਲੀ ਪ੍ਰਬੰਧਨ ਸਬ ਡਵੀਜ਼ਨ ਬਠਿੰਡਾ, ਖੇਤੀਬਾੜੀ ਯੂਨੀਅਨ ਆਗੂ, ਸਰਪੰਚ, ਪਟਵਾਰੀ ਅਤੇ ਇਲਾਕੇ ਦੇ ਹੋਰ ਸਤਿਕਾਰਯੋਗ ਕਿਸਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਕਿਸਾਨ ਰਾਤ ਸਮੇਂ ਝੋਨੇ ਦੀ ਕਟਾਈ ਨਾ ਕਰਨ : ਮੁੱਖ ਖੇਤੀਬਾੜੀ ਅ਼ਫਸਰ

**ਪਟਿਆਲਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਪਟਿਆਲਾ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਕਿਸਾਨ ਆਪਣੇ ਝੋਨੇ ਦੀ ਕਟਾਈ ਰਾਤ ਸਮੇਂ ਨਾ ਕਰਨ। ਉਨ੍ਹਾਂ ਕਿਹਾ ਕਿ ਇਸ ਸਾਲ ਪਟਿਆਲਾ ਜ਼ਿਲ੍ਹੇ ਵਿੱਚ ਝੋਨੇ ਨੂੰ ਹਲਦੀ ਰੋਗ ਦੀ ਬਿਮਾਰੀ ਵੀ ਲੱਗੀ ਹੈ ਜਿਸ ਕਾਰਨ ਰਾਤ ਸਮੇਂ ਝੋਨਾ ਵੱਢਣ ਨਾਲ ਹਲਦੀ ਰੋਗ ਵਾਲਾ ਪਾਊਡਰ ਨਮੀ ਕਾਰਨ ਝੋਨੇ ਦੇ ਦਾਣਿਆਂ ਨਾਲ ਲੱਗ ਜਾਂਦਾ ਹੈ ਜਿਸ ਕਾਰਨ ਦਾਣਾ ਬਦਰੰਗ ਹੋਣ ਕਾਰਨ ਝੋਨੇ ਨੂੰ ਵਿਕਣ ਵਿੱਚ ਮੁਸ਼ਕਲ ਹੁੰਦੀ ਹੈ।

ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿੱਚ ਸ਼ਾਮ 6.00 ਵਜੇ ਤੋਂ ਸਵੇਰ 10.00 ਵਜੇ ਤੱਕ ਕੰਬਾਇਨਾਂ ਨਾਲ ਝੋਨਾ ਕੱਟਣ ਉਤੇ ਪਾਬੰਦੀ ਦੇ ਹੁਕਮ ਪਹਿਲਾ ਹੀ ਜਾਰੀ ਕੀਤੇ ਹਨ, ਇਸ ਲਈ ਕਿਸਾਨ ਰਾਤ ਸਮੇਂ ਝੋਨੇ ਦੀ ਕਟਾਈ ਨਾ ਕਰਨ ਸਗੋਂ ਧੁੱਪ ਵਿੱਚ ਕਟਾਈ ਕਰਨ ਇਸ ਨਾਲ ਝੋਨੇ ਵਿੱਚ ਨਮੀ ਦੀ ਮਾਤਰਾ ਵੀ ਠੀਕ ਰਹਿੰਦੀ ਹੈ।

ਉਨ੍ਹਾਂ ਦੱਸਿਆ ਕਿ ਇਸ ਸਾਲ ਮੰਡੀਆਂ 'ਚ 12 ਲੱਖ 35 ਹਜ਼ਾਰ ਮੀਟਰਿਕ ਟਨ ਝੋਨਾ ਆਉਣ ਦਾ ਉਮੀਦ ਹੈ ਅਤੇ ਹਾਲੇ ਤੱਕ ਮੰਡੀਆਂ ਵਿੱਚ 61 ਹਜ਼ਾਰ 771 ਮੀਟਰਿਕ ਟਨ ਆਮਦ ਹੋਈ ਹੈ ਜੋ ਆਉਣ ਵਾਲੇ ਦਿਨ ਵਿੱਚ ਤੇਜ਼ ਹੋਵੇਗੀ। ਉਨ੍ਹਾਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਇਨ ਸੀਟੂ ਅਤੇ ਐਕਸ ਸੀਟੂ ਤਕਨੀਕਾਂ ਅਪਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਪਰਾਲੀ ਨੂੰ ਖੇਤ ਵਿੱਚ ਹੀ ਮਿਲਾਉਣ ਲਈ ਜ਼ਿਲ੍ਹੇ ਵਿੱਚ ਮਸ਼ੀਨਰੀ ਉਪਲਬੱਧ ਹੈ ਅਤੇ ਇਸ ਦੀ ਵਰਤੋਂ ਕਰਕੇ ਕਿਸਾਨ ਜਿਥੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਅ ਸਕਦੇ ਹਨ, ਉਥੇ ਹੀ ਇਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵੀ ਬਣੀ ਰਹਿੰਦੀ ਹੈ।

ਉਨ੍ਹਾਂ ਦੱਸਿਆ ਕਿ ਐਕਸ ਸੀਟੂ ਤਕਨੀਕ ਰਾਹੀਂ ਕਿਸਾਨ ਬੇਲਰ ਦੀ ਮਦਦ ਨਾਲ ਪਰਾਲੀ ਦੀਆਂ ਗੰਢਾਂ ਬਣਾਕੇ ਵੀ ਇਸ ਦਾ ਨਿਪਟਾਰਾ ਕਰ ਸਕਦੇ ਹਨ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਅੱਜ

**ਪਟਿਆਲਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਮਿਤੀ 3 ਅਕਤੂਬਰ ਦਿਨ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਕਾਲ ਸੈਂਟਰ ਐਗਜ਼ੀਕਿਊਟਿਵ ਦੀਆਂ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਬਿਊਰੋ ਮੇਜਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਡਾ. ਆਈ.ਟੀ.ਐਮ. ਲਿਮਟਿਡ ਵੱਲੋਂ ਕਾਲ ਸੈਂਟਰ ਐਗਜ਼ੀਕਿਊਟਿਵ ਦੀਆਂ ਅਸਾਮੀਆਂ ਲਈ ਉਮੀਦਵਾਰਾਂ ਦੀ ਮੰਗ ਕੀਤੀ ਗਈ ਹੈ, ਜਿਨ੍ਹਾਂ ਉਮੀਦਵਾਰਾਂ ਦੀ ਵਿੱਦਿਅਕ ਯੋਗਤਾ ਬਾਰ੍ਹਵੀਂ ਅਤੇ ਗ੍ਰੈਜੂਏਸ਼ਨ ਹੋਵੇ ਅਤੇ ਉਮਰ 18 ਤੋਂ 35 ਸਾਲ ਹੋਵੇ ਉਹ ਇਸ ਅਸਾਮੀ ਲਈ ਇੰਟਰਵਿਊ ਦੇ ਸਕਦੇ ਹਨ। ਇਸ ਪਲੇਸਮੈਂਟ ਕੈਂਪ ਵਿੱਚ ਪੁਰਸ਼ ਅਤੇ ਮਹਿਲਾਵਾਂ ਦੋਵੇਂ ਭਾਗ ਲੈ ਸਕਦੇ ਹਨ।

ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ, ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ ਮਿਤੀ 3 ਅਕਤੂਬਰ ਦਿਨ ਸ਼ੁੱਕਰਵਾਰ, ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ ਡੀ, ਮਿੰਨੀ ਸਕੱਤਰੇਤ, ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿੱਚ ਹਿੱਸਾ ਲੈਣ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪ ਲਾਈਨ ਨੰਬਰ 98776-10877 ਤੇ ਸੰਪਰਕ ਕਰ ਸਕਦੇ ਹਨ।

# ਰਾਸ਼੍ਰੀਯ ਸ੍ਵਯੰਸੇਵਕ ਸੰਘ ਲੁਧਿਆਣਾ ਵੱਲੋਂ 100ਵਾਂ ਸਥਾਪਨਾ ਦਿਵਸ ਮਨਾਇਆ

**ਲੁਧਿਆਣਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਜੈਦਸ਼ਮੀ ਦੇ ਪਵਿੱਤਰ ਦਿਨ ਰਾਸ਼੍ਰੀਯ ਸ੍ਵਯੰਸੇਵਕ ਸੰਘ ਨੇ ਆਪਣਾ 100ਵਾਂ ਸਥਾਪਨਾ ਦਿਵਸ ਸ਼ਾਨਦਾਰ ਢੰਗ ਨਾਲ ਮਨਾਇਆ। ਲੁਧਿਆਣਾ ਸ਼ਹਿਰ ਵਿੱਚ ਕੁੱਲ 18 ਸਮਾਰੋਹ ਆਯੋਜਿਤ ਕੀਤੇ ਗਏ ਜਿੱਥੇ ਸ਼ਸਤਰ ਪੂਜਨ ਅਤੇ ਵਿਸ਼ੇਸ਼ ਸੰਬੋਧਨ ਕੀਤੇ ਗਏ।

ਰਘੁਨਾਥ ਨਗਰ ਸਮਾਰੋਹ ਵਿੱਚ ਸੰਘ ਦੇ ਸਹਕਾਰਯਵਹ ਲਲਿਤ ਗੁਪਤਾ ਨੇ ਕਿਹਾ ਕਿ ਦੇਸ਼ ਦਾ ਸਰਵਪੱਖੀ ਵਿਕਾਸ ਸਵ-ਬੋਧ, ਪਰਿਆਵਰਣ ਸੁਰੱਖਿਆ, ਨਾਗਰਿਕ ਕਰਤੱਵਾਂ ਦੀ ਪਾਲਣਾ, ਸਮਰਸਤਾ ਅਤੇ ਆਦਰਸ਼ ਪਰਿਵਾਰ ਪ੍ਰਣਾਲੀ ਰਾਹੀਂ ਹੀ ਸੰਭਵ ਹੈ। ਉਹਨਾਂ ਗੁਰੂ ਤੇਗਬਹਾਦਰ ਜੀ ਦੇ ਬਲੀਦਾਨ ਨੂੰ ਸਮੂਚੀ ਮਨੁੱਖਤਾ ਲਈ ਪ੍ਰੇਰਣਾ ਦੱਸਿਆ।

ਸੁਖਜਿੰਦਰ ਰਿਸ਼ੀ (ਸਹ ਪ੍ਰਾਂਤ ਪ੍ਰਚਾਰ ਪ੍ਰਮੁੱਖ) ਨੇ ਆਰਥਿਕ ਆਤਮਨਿਰਭਰਤਾ ਤੇ ਨਾਗਰਿਕ ਕਰਤੱਵਾਂ ਦੀ ਮਹੱਤਤਾ ਉਤੇ ਜ਼ੋਰ ਦਿੱਤਾ।

# ਪਟਿਆਲਾ ਜ਼ਿਲ੍ਹੇ 'ਚ ਟਰੈਕਟਰਾਂ/ਮੋਟਰਸਾਈਕਲ ਤੇ ਹੋਰ ਸੰਦਾਂ 'ਤੇ ਖਤਰਨਾਕ ਸਟੰਟ ਆਯੋਜਿਤ ਕਰਨ 'ਤੇ ਪਾਬੰਦੀ ਦੇ ਹੁਕਮ ਜਾਰੀ

**ਪਟਿਆਲਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਸਿਮਰਪ੍ਰੀਤ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਦੀ ਹਦੂਦ ਅੰਦਰ ਟਰੈਕਟਰਾਂ/ਮੋਟਰਸਾਈਕਲ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ ਸਟੰਟ ਆਯੋਜਿਤ ਕਰਨ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 3 ਦਸੰਬਰ 2025 ਤੱਕ ਲਾਗੂ ਰਹਿਣਗੇ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਤੋਂ ਪ੍ਰਾਪਤ ਹੋਏ ਪੱਤਰ ਤਹਿਤ ਰਾਜ ਵਿੱਚ ਬੀਤੇ ਸਮੇਂ ਕੁਝ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ ਟਰੈਕਟਰਾਂ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ/ਸਟੰਟ ਦੌਰਾਨ ਨੌਜਵਾਨ ਦੀ ਮੌਤ ਵੀ ਹੋ ਗਈ ਹੈ। ਇਸ ਲਈ ਟਰੈਕਟਰਾਂ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ/ਸਟੰਟ ਨੂੰ ਆਯੋਜਿਤ ਕਰਨ ਤੇ ਪਾਬੰਦੀ ਲਗਾਉਣ ਦੀ ਜ਼ਰੂਰਤ ਹੈ।

# ਝਾੜ ਸਾਹਿਬ ਕਾਲਜ ਵਿਖੇ ਸੱਤ ਰੋਜ਼ਾ ਵਰਕਸ਼ਾਪ ਦੌਰਾਨ ਵਿਦਿਆਰਥਣਾਂ ਨੇ ਉਤਸ਼ਾਹ ਨਾਲ ਲਿਆ ਭਾਗ

**ਮਾਛੀਵਾੜਾ ਸਾਹਿਬ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ, ਝਾੜ ? ਸਾਹਿਬ ਵਿਖੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ ਹੇਠ ਸੱਤ ਰੋਜਾ ਵਰਕਸ਼ਾਪ 'ਲੋਕ ਕਲਾਵਾਂ' ਵਿਸ਼ੇ ਤੇ ਕਰਵਾਈ ਗਈ। ਵਰਕਸ਼ਾਪ ਦਾ ਆਯੋਜਨ ਫੈਸ਼ਨ ਡਿਜ਼ਾਇਨਿੰਗ ਵਿਭਾਗ ਅਤੇ ਕਲਚਰਲ ਕਮੇਟੀ ਅਸਿ. ਪ੍ਰੋ. ਜਸਵੀਰ ਕੌਰ ਅਤੇ ਅਸਿ. ਪ੍ਰੋ. ਸੁਖਨਪ੍ਰੀਤ ਕੌਰ ਵੱਲੋਂ ਕੀਤਾ ਗਿਆ ਜਿਸ ਦਾ ਉਦੇਸ਼ ਪੰਜਾਬ ਦੀਆਂ ਲੋਕ ਕਲਾਵਾਂ ਪ੍ਰਤੀ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਅਤੇ ਸਿਖਲਾਈ ਦੇਣਾ ਸੀ।

ਇਸ ਮੌਕੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਅਤੇ ਲਗਨ ਨਾਲ ਕੰਮ ਕੀਤਾ। ਇਸ ਸੱਤ ਰੋਜਾ ਵਰਕਸ਼ਾਪ ਵਿਚ ਖਿੱਦੋ ਬਣਾਉਣਾ, ਪਰਾਂਦਾ ਬਣਾਉਣਾ, ਬੁਣਾਈ, ਦਸੂਤੀ, ਫੁਲਕਾਰੀ ਅਤੇ ਬਾਗ ਦੀ ਕਢਾਈ, ਛਿੱਕੂ ਬਣਾਉਣਾ, ਗੁੱਡੀਆਂ ਪਟੋਲੇ ਆਦਿ ਦੀ ਸਿਖਲਾਈ ਦਿੱਤੀ। ਯੂਥ ਐਂਡ ਹੈਰੀਟੇਜ ਫੈਸਟੀਵਲ ਦੌਰਾਨ ਇਨਾਮ ਜੇਤੂ ਪੁਰਾਣੀਆਂ ਵਿਦਿਆਰਥਣਾਂ ਨੇ ਵਰਕਸ਼ਾਪ ਵਿਚ ਭਾਗ ਲੈਣ ਵਾਲੀਆਂ ਵਿਦਿਆਰਥਣਾਂ ਨੂੰ ਖਿੱਦੋ ਬਣਾਉਣਾ ਹਰਮਨਪ੍ਰੀਤ ਕੌਰ ਨੇ, ਪਰਾਂਦਾ ਕਮਲਜੀਤ ਕੌਰ ਨੇ, ਛਿੱਕੂ ਰਮਨਪ੍ਰੀਤ ਕੌਰ, ਫੁਲਕਾਰੀ ਜਸ਼ਨਪ੍ਰੀਤ ਕੌਰ, ਬਾਗ ਸਪਿੰਦਰ ਕੌਰ ਅਤੇ ਗੁੱਡੀਆਂ ਪਟੋਲੇ ਪ੍ਰੀਤੀ ਕੌਰ ਜੋ ਕਿ ਪੰਜਾਬੀ ਸੱਭਿਆਚਾਰਕ ਸੱਥ ਵੱਲੋਂ ਕਰਵਾਏ 'ਗੁੱਡੀਆਂ' ਮੁਕਾਬਲੇ ਵਿਚ ਵੀ ਪਹਿਲਾ ਸਥਾਨ ਹਾਸਿਲ ਕਰ ਚੁੱਕੀ ਹੈ, ਨੇ ਵੰਨਗੀ ਅਨੁਸਾਰ ਵਡਮੁੱਲੀ ਜਾਣਕਾਰੀ ਮੁਹੱਈਆ ਕਰਵਾਈ। ਇਸ ਤੋਂ ਇਲਾਵਾ ਡਾ. ਰਣਜੀਤ ਕੌਰ ਵੱਲੋਂ ਦਸੂਤੀ ਦੀ ਕਢਾਈ ਅਤੇ ਅਸਿ. ਪ੍ਰੋ. ਹਰਪ੍ਰੀਤ ਕੌਰ ਵੱਲੋਂ ਬੁਣਾਈ ਦੀ ਸਿਖਲਾਈ ਦਿੱਤੀ ਗਈ। ਵਰਕਸ਼ਾਪ ਵਿਚ ਸਿਖਲਾਈ ਦੇਣ ਵਾਲੇ ਵਿਦਿਆਰਥੀਆਂ ਜਿਨ੍ਹਾਂ ਯੂਥ ਫੈਸਟੀਵਲ ਵਿਚ ਵੀ ਇਨਾਮ ਹਾਸਿਲ ਕੀਤੇ ਹਨ, ਉਨ੍ਹਾਂ ਨੂੰ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਵਰਕਸ਼ਾਪ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਅਜਿਹੀ ਵਰਕਸ਼ਾਪ ਅੱਜ ਦੀ ਨਵੀਂ ਪੀਡ੍ਹੀ ਨੂੰ ਸੱਭਿਆਚਾਰ ਅਤੇ ਲੋਕ ਕਲਾਵਾਂ ਨਾਲ ਜੋਡ ?ਨ ਲਈ ਬਹੁਤ ਉਪਯੋਗੀ ਸਿੱਧ ਹੋਵੇਗੀ।

# ਜ਼ਿਲ੍ਹੇ ਦੀਆਂ ਜੇਲ੍ਹਾਂ ਦੇ ਆਲੇ ਦੁਆਲੇ ਦੇ 500 ਮੀਟਰ ਖੇਤਰ ਨੂੰ ਨੋ ਡਰੋਨ ਜ਼ੋਨ ਐਲਾਨਿਆ

**ਪਟਿਆਲਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਸਿਮਰਪ੍ਰੀਤ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਵਿੱਚ ਜੇਲ੍ਹਾਂ ਦੇ ਖੇਤਰ ਅਤੇ ਜੇਲ੍ਹਾਂ ਦੇ ਆਲੇ ਦੁਆਲੇ 500 ਮੀਟਰ ਖੇਤਰ ਨੂੰ ਨੋ ਡਰੋਨ ਜ਼ੋਨ ਐਲਾਨਿਆ ਹੈ। ਇਹ ਹੁਕਮ 3 ਦਸੰਬਰ 2025 ਤੱਕ ਲਾਗੂ ਰਹਿਣਗੇ ਤੇ ਉਲੰਘਣਾ ਕਰਨ ਵਾਲੇ ਵਿਅਕਤੀ ਦੇ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਦੇ ਜਾਰੀ ਪੱਤਰ ਮੁਤਾਬਕ ਡਰੋਨ ਜਨਤਕ ਡੋਮੇਨ ਵਿੱਚ ਤੇਜ਼ੀ ਨਾਲ ਪ੍ਰਸਿੱਧ ਅਤੇ ਅਸਾਨੀ ਨਾਲ ਪਹੁੰਚਣਯੋਗ ਬਣ ਗਏ ਹਨ, ਜੋ ਸੰਭਾਵੀ ਸੁਰੱਖਿਆ ਉਲੰਘਣਾਵਾਂ ਅਤੇ ਧਮਕੀਆਂ ਬਾਰੇ ਚਿੰਤਾਵਾਂ ਪੈਦਾ ਕਰਦੀਆਂ ਹਨ। ਜੇਲ੍ਹਾਂ ਦੇ ਨੇੜੇ ਡਰੋਨਾਂ ਦੀ ਅਣਅਧਿਕਾਰਤ ਨਿਗਰਾਨੀ ਲਈ, ਨਸ਼ੀਲੇ ਪਦਾਰਥਾਂ (ਮੋਬਾਇਲ, ਨਸ਼ੀਲੇ ਪਦਾਰਥਾਂ, ਹਥਿਆਰਾਂ ਆਦਿ) ਦੀ ਤਸਕਰੀ ਲਈ, ਭੱਜਣ ਦੀਆਂ ਕੋਸ਼ਿਸ਼ਾਂ ਦੀ ਸਹੂਲਤ ਲਈ ਅਤੇ ਇੱਥੋਂ ਤੱਕ ਕਿ ਰਾਜ ਦੀ ਪ੍ਰਭੂਸੱਤਾ ਨੂੰ ਚੁਣੌਤੀ ਦੇਣ ਦੇ ਉਦੇਸ਼ ਨਾਲ ਅੱਤਵਾਦੀ ਹਮਲਿਆਂ ਲਈ ਵੀ ਸੰਭਾਵਿਤ ਦੁਰਵਰਤੋਂ ਨੂੰ ਨਕਾਰਿਆਂ ਨਹੀਂ ਜਾ ਸਕਦਾ। ਜੇਲ੍ਹਾਂ ਦੇ ਨੇੜੇ ਅਜਿਹੀਆਂ ਅਣਅਧਿਕਾਰਤ ਡਰੋਨ ਉਡਾਣਾਂ ਇੱਕ ਗੰਭੀਰ ਖ਼ਤਰਾ ਪੈਦਾ ਕਰਦੀਆਂ ਹਨ, ਜਿਸ ਨਾਲ ਜੇਲ੍ਹਾਂ ਨੂੰ ਸੁਰੱਖਿਆ ਉਲੰਘਣਾਵਾਂ ਦਾ ਸਾਹਮਣਾ ਕਰਨਾ ਪੈਦਾ ਹੈ। ਜੇਲ੍ਹਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਜੇਲ੍ਹਾਂ ਦੇ ਖੇਤਰ ਅਤੇ ਜੇਲ੍ਹਾਂ ਦੇ ਆਲੇ ਦੁਆਲੇ 500 ਮੀਟਰ ਖੇਤਰ ਨੂੰ ਨੋ ਡਰੋਨ ਜ਼ੋਨ ਐਲਾਨਣ ਜ਼ਰੂਰੀ ਹੈ।

# ਜਗਦੰਬੇ ਜੈਵਲਰਜ਼ ਵੱਲੋਂ ਨਵੇਂ ਸ਼ੋਰੂਮ ਦਾ ਉਦਘਾਟਨ



**ਲੁਧਿਆਣਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਗਦੰਬੇ ਜੈਵਲਰਜ਼ ਵੱਲੋਂ ਆਪਣੇ ਨਵੇਂ ਸ਼ੋਰੂਮ ਦਾ ਸ਼ਾਨਦਾਰ ਉਦਘਾਟਨ ਧਾਂਦਰਾ ਰੋਡ 'ਤੇ ਕੀਤਾ ਗਿਆ। ਇਸ ਸ਼ੋਰੂਮ ਦੀ ਸ਼ੁਰੂਆਤ ਸ਼੍ਰੀ ਵਿਜੇ ਕੁਮਾਰ ਵਰਮਾ ਦੇ ਪੁੱਤਰ ਮੋਹਿਤ ਵਰਮਾ ਅਤੇ ਰੋਹਿਤ ਵਰਮਾ ਵੱਲੋਂ ਆਪਣੇ ਪਿਤਾ ਜੀ ਦੇ ਸਹਿਯੋਗ ਨਾਲ ਕੀਤੀ ਗਈ।

ਇਸ ਮੌਕੇ 'ਤੇ ਰਿਸ਼ਤੇਦਾਰਾਂ ਤੋਂ ਇਲਾਵਾ ਇਲਾਕੇ ਦੀਆਂ ਹੋਰ ਪ੍ਰਸਿੱਧ ਸ਼ਖਸੀਅਤਾਂ ਵੀ ਹਾਜ਼ਰ ਸਨ। ਸਭ ਨੇ ਵਰਮਾ ਪਰਿਵਾਰ ਨੂੰ ਨਵੇਂ ਸ਼ੋਰੂਮ ਦੀ ਸ਼ੁਰੂਆਤ ਲਈ ਵਧਾਈ ਦਿੱਤੀ।

ਜਗਦੰਬੇ ਜੈਵਲਰਜ਼ ਦੇ ਪਰਿਵਾਰ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਕੋਲ ਸੋਨੇ ਅਤੇ ਚਾਂਦੀ ਦੇ ਗਹਿਣਿਆਂ ਦੀ ਵੱਡੀ ਰੇਂਜ ਹਰ ਸਮੇਂ ਉਪਲਬਧ ਹੈ।

ਗਾਹਕ ਆਪਣੀ ਸਹੂਲਤ ਅਨੁਸਾਰ ਕਦੇ ਵੀ ਆ ਕੇ ਖਰੀਦਦਾਰੀ ਕਰ ਸਕਦੇ ਹਨ। ਉਨ੍ਹਾਂ ਨੇ ਯਕੀਨ ਦਵਾਇਆ ਕਿ ਹਰ ਇਕ ਗਹਿਣੇ ਦੀ ਗੁਣਵੱਤਾ ਦੀ ਪੂਰੀ ਗਾਰੰਟੀ ਹੋਵੇਗੀ।

# ਖਾਦੀ ਮੰਡਲ ਖਰੜ ਦੇ ਖਾਦੀ ਦਾ ਕੱਪੜਾ ਤਿਆਰ ਕਰਨ ਅਤੇ ਬੁਣਨ ਵਾਲੇ ਕਾਰੀਗਾਰਾਂ ਦਾ ਸਨਮਾਨ




**ਖਰੜ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

'ਗਾਂਧੀ ਜੈਅੰਤੀ' ਮੌਕੇ ਕ੍ਰੇਸ਼ਤੀਆਂ ਪੰਜਾਬ ਖਾਦੀ ਮੰਡਲ ਖਰੜ ਵਿਖੇ ਸਮਾਗਮ ਕਰਵਾਇਆ ਗਿਆ ਅਤੇ ਸਮਾਗਮ ਦੌਰਾਨ ਖਾਦੀ ਦੀਆਂ ਬਣੀਆਂ ਹੋਈਆਂ ਵਸਤੂਆਂ, ਕੱਪੜੇ ਅਤੇ ਹੋਰ ਸਮਾਨ ਤੇ 20 ਫੀਸਦੀ ਦੀ ਛੋਟ ਦਾ ਉਦਾਘਟਨ ਐਸ.ਡੀ.ਐਮ. ਖਰੜ ਦਿਵਿਆ ਪੀ.ਆਈ.ਏ.ਐਸ.ਵਲੋਂ ਕੀਤਾ ਗਿਆ। ਉਨ੍ਹਾਂ ਸਮਾਗਮ ਦੌਰਾਨ ਖਾਦੀ ਮੰਡਲ ਖਰੜ ਵਿਚ ਜੋ ਕਤਾਈ ਅਤੇ ਬੁਣਾਈ ਦਾ ਹੱਥੀ ਕੰਮ ਕਰ ਰਹੇ ਹਨ ਉਹ ਸਭ ਵਧਾਈ ਦੇ ਪਾਤਰ ਹਨ ਜਿਨ੍ਹਾਂ ਦੀ ਮਿਹਨਤ ਸਦਕਾ ਖਾਦੀ ਲੋਕਾਂ ਦੀ ਪਸੰਦ ਬਣਦਾ ਜਾ ਰਿਹਾ ਹੈ। ਸਮਾਗਮ ਦੌਰਾਨ ਖਾਦੀ ਮੰਡਲ ਖਰੜ ਦੇ ਕਤਾਈ ਅਤੇ ਬੁਣਾਈ ਦਾ ਕੰਮ ਕਰਨ ਵਾਲੇ ਕਾਰੀਗਾਰਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ। ਐਸ.ਡੀ.ਐਮ.ਖਰੜ ਵਲੋਂ ਖਾਦੀ ਮੰਡਲ ਦਾ ਦੌਰਾ ਕਰਕੇ ਕਤਾਈ ਅਤੇ ਬੁਣਾਈ ਦੇ ਕੰਮ ਅਤੇ ਚਰਖਾ ਕੱਤਣ ਵਾਲੀਆਂ ਔਰਤਾਂ ਨਾਲ ਵੀ ਗੱਲਬਾਤ ਕੀਤੀ ਅਤੇ ਕੰਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਮੰਡਲ ਦੇ ਦੇਵੀ ਦਾਸ ਭਾਰਦਵਾਜ਼ ਚੇਅਰਮੈਨ, ਸਕੱਤਰ ਸੋਹਨ ਲਾਲ ਸੈਣੀ, ਭਾਜਪਾ ਦੇ ਸੀਨੀਅਰ ਆਗੂ ਖੁਸ਼ਵੰਤ ਰਾਏ ਗੀਗਾ, ਮੌਜ਼ੀ ਰਾਮ ਮੈਨੇਜ਼ਰ, ਤਿਲਕ ਰਾਜ ਚੱਢਾ, ਮਾਰਕੀਟ ਕਮੇਟੀ ਖਰੜ ਦੇ ਚੇਅਰਮੈਨ ਹਾਕਮ ਸਿੰਘ, ਕੌਂਸਲਰ ਰਾਮ ਸਰੂਪ ਸ਼ਰਮਾ, ਸ਼ਕਤੀ ਚੰਦ, ਮਾਂਗੇ ਰਾਮ, ਸੁਭਾਸ਼ ਸ਼ਰਮਾ, ਮਨਜੀਤ ਸਿੰਘ, ਸੁਰਜੀਤ ਸਿੰਘ, ਰਵਿੰਦਰ ਕੌਰ, ਬਲਜੀਤ ਸਿੰਘ ਸਮੇਤ ਹੋਰ ਮੈਂਬਰ ਅਤੇ ਖਾਦੀ ਮੰਡਲ ਖਰੜ ਵਿਚ ਬੁਣਾਈ ਅਤੇ ਕਤਾਈ ਦਾ ਕੰਮ ਕਰਨ ਵਾਲੇ ਸਟਾਫ ਮੈਂਬਰ ਹਾਜ਼ਰ ਸਨ।

# ਕਿਸਾਨ ਜੀਰੀ ਦੇ ਨਾੜ ਨੂੰ ਅੱਗ ਨਾ ਲਗਾਕੇ ਉਸ ਦੀ ਮਸ਼ੀਨਰੀ ਨਾਲ ਸਾਂਭ ਸੰਭਾਲ ਕਰਨ: ਬੰਨੀ ਚੈਹਿਲ

**ਪਟਿਆਲਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੇ ਸਰਪ੍ਰਸਤ ਉਘੇ ਸਮਾਜ ਸੇਵੀ ਸੰਜੇਇੰਦਰ ਸਿੰਘ ਬੰਨੀ ਚੈਹਿਲ ਨੇ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਦਿਨ ਪ੍ਰਤੀ ਦਿਨ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਣ ਨੂੰ ਬਚਾਉਣ ਲਈ ਜੀਰੀ ਦੇ ਨਾੜ ਨੂੰ ਅੱਗ ਨਾ ਲਾਉਣ ।ਉਹਨਾਂ ਕਿਹਾ ਕਿ ਨਾੜ ਨੂੰ ਅੱਗ ਲਾਉਣ ਨਾਲ ਜਿੱਥੇ ਸਾਡੀ ਧਰਤੀ ਦੇ ਮਿੱਤਰ ਕੀੜਿਆਂ ਦਾ ਨੁਕਸਾਨ ਹੁੰਦਾ ਹੈ ਉਥੇ ਹੀ ਇਨਸਾਨ ਨੂੰ ਭਿਆਨਕ ਬੀਮਾਰੀਆਂ ਕੈਂਸਰ, ਫੇਫੜਿਆਂ ਦੀ ਬੀਮਾਰੀ, ਸਾਹ ਦੀਆਂ ਬੀਮਾਰੀਆਂ ਤੋਂ ਇਲਾਵਾ ਹੋਰ ਅਨੇਕਾਂ ਬੀਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਸਰਕਾਰ ਵੱਲੋਂ ਵੀ ਜੀਰੀ ਦੇ ਨਾੜ ਨੂੰ ਸੰਭਾਲਣ ਲਈ ਅੱਸੀਂ ਪ੍ਰਤੀਸ਼ਤ ਸਬਸਿਡੀ ਉੱਤੇ ਮਸ਼ੀਨਰੀ ਦਿੱਤੀ ਜਾ ਰਹੀ ਉਸ ਦਾ ਫਾਇਦਾ ਜ਼ਰੂਰ ਲੈਣਾ ਚਾਹੀਦਾ ਹੈ । ਉਹਨਾਂ ਕਿਸਾਨ ਭਰਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਖੇਤਾਂ ਵਿੱਚ ਅੱਗ ਲਗਾਉਣੀ ਬੰਦ ਕਰਨ, ਨਹੀਂ ਤਾਂ ਕੁਦਰਤ ਆਪਣਾ ਪ੍ਰਕੋਪ ਜ਼ਰੂਰ ਦਿਖਾਵੇਗੀ ।

# ਸੀ ਪੀ ਆਰ ਦੀ ਟ੍ਰੇਨਿੰਗ, ਮਰਦਿਆਂ ਨੂੰ ਬਚਾਉਣ ਲਈ ਜ਼ਰੂਰੀ : ਡਾ. ਰਾਹੁਲ ਡਾਵਰ

**ਪਟਿਆਲਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਰਕਾਰੀ ਨਰਸਿੰਗ ਕਾਲਜ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਚਲ ਰਹੇ ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਫਾਇਰ ਸੇਫਟੀ ਟ੍ਰੇਨਿੰਗ ਕੈਂਪ ਵਿਖੇ, ਸ਼੍ਰੀ ਕਾਕਾ ਰਾਮ ਵਰਮਾ, ਭਾਰਤ ਸਰਕਾਰ ਦੇ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਟ੍ਰੇਨਰ ਵਲੋਂ ਵਿਦਿਆਰਥੀਆਂ ਨੂੰ ਆਪਦਾਵਾਂ, ਜੰਗਾਂ ਅਤੇ ਘਰੇਲੂ ਸੰਸਥਾਵਾਂ ਵਿਖੇ ਵਾਪਰ ਵਾਲੇ ਹਾਦਸਿਆਂ ਦੌਰਾਨ ਪੀੜਤਾਂ ਨੂੰ ਬਚਾਉਣ, ਰੈਸਕਿਊ ਟਰਾਂਸਪੋਰਟ, ਫਸਟ ਏਡ, ਸੀ ਪੀ ਆਰ, ਰਿਕਵਰੀ ਪੁਜੀਸ਼ਨ, ਵੈਂਟੀਲੈਟਰ ਬਨਾਉਟੀ ਸਾਹ ਕਿਰਿਆ ਕਰਨ, ਦੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਸੀ ਪੀ ਆਰ ਅਤੇ ਡਾਕਟਰੀ ਏ ਬੀ ਸੀ ਦੀ ਟ੍ਰੇਨਿੰਗ ਦੇਣ ਹਿੱਤ ਗੁਰੂ ਨਾਨਕ ਇੰਸਟੀਚਿਊਟ ਆਫ ਮੈਡੀਕਲ ਟੈਕਨਾਲੋਜੀ ਦੇ ਡਾਕਟਰ ਰਾਹੁਲ ਡਾਬਰ ਵਲੋਂ ਦਿਲ ਦੇ ਦੌਰੇ, ਕਾਰਡੀਅਕ ਅਰੈਸਟ ਦੇ ਕਾਰਨਾਂ, ਨਿਸ਼ਾਨੀਆਂ ਅਤੇ ਦਿਲ ਦਿਮਾਗ ਨੂੰ ਮੁੜ ਤੋਂ ਚਾਲੂ ਕਰਨ ਅਤੇ ਬਨਾਉਟੀ ਸਾਹ ਦੇਣ ਦੀ ਟ੍ਰੇਨਿੰਗ ਦਿੱਤੀ। ਉਨ੍ਹਾਂ ਨੇ ਕਿਹਾ ਕਿ ਭਵਿੱਖ ਵਿੱਚ ਹਰ ਘਰ, ਪਰਿਵਾਰ, ਵਿੱਦਿਅਕ ਸੰਸਥਾਵਾਂ, ਵਿਉਪਾਰਕ ਅਦਾਰਿਆਂ ਅਤੇ ਦਫਤਰਾਂ ਆਦਿ ਵਿਖੇ ਮਰ ਰਹੇ ਇਨਸਾਨਾਂ ਨੂੰ ਬਚਾਉਣ ਲਈ ਫਸਟ ਏਡ ਸੀ ਲਾਭਦਾਇਕ ਸਿੱਧ ਹੋਵੇਗੀ। ਉਨ੍ਹਾਂ ਨੇ ਪ੍ਰਿੰਸੀਪਲ ਡਾਕਟਰ ਬਲਵਿੰਦਰ ਕੌਰ ਅਤੇ ਕਾਕਾ ਰਾਮ ਵਰਮਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਟ੍ਰੇਨਿੰਗ ਕੈਂਪ ਰਾਹੀਂ, ਵਿਦਿਆਰਥੀਆਂ ਦੇ ਦਿਲ ਦਿਮਾਗ ਭਾਵਨਾਵਾਂ ਵਿਚਾਰਾਂ ਅਤੇ ਆਦਤਾਂ ਵਿੱਚ ਸੰਜੀਵਨੀ ਬੂਟੀ ਦਿੱਤੀ ਗਈ ਹੈ। ਕਿਉਂਕਿ ਡਾਕਟਰਾਂ ਅਤੇ ਨਰਸਾਂ ਵਲੋਂ ਹਮੇਸ਼ਾ ਜ਼ਿੰਦਗੀਆਂ ਬਚਾਉਣ ਲਈ ਯਤਨ ਕੀਤੇ ਜਾਂਦੇ ਹਨ। ਕਾਲਜ ਦੇ ਪ੍ਰਿੰਸੀਪਲ ਡਾਕਟਰ ਬਲਵਿੰਦਰ ਕੌਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਟ੍ਰੇਨਿੰਗ ਕੈਂਪ ਰਾਹੀਂ, ਉਨ੍ਹਾਂ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅੰਦਰ ਹਾਦਸੇ ਘਟਾਉਣ ਅਤੇ ਜਾਨਾਂ ਬਚਾਉਣ ਦੇ ਆਤਮ ਵਿਸ਼ਵਾਸ, ਹੌਂਸਲੇ ਬੁਲੰਦ ਹੋਏ ਹਨ। ਆਰਮੀ ਅਤੇ ਐਨ ਡੀ ਪੀ ਆਰ ਜਵਾਨਾਂ ਵਾਂਗ, ਉਨ੍ਹਾਂ ਦੇ ਵਿਦਿਆਰਥੀ ਵੀ ਪੀੜਤਾਂ ਦੇ ਮਦਦਗਾਰ ਫ਼ਰਿਸ਼ਤੇ ਬਣ ਰਹੇ ਹਨ।

# ਪਟਿਆਲਾ ਫਾਊਂਡੇਸ਼ਨ ਨੇ CSDIREKT ਦੇ ਸਹਿਯੋਗ ਨਾਲ ਪ੍ਰੋਜੈਕਟ iHERIT175 ਅਧੀਨ ਹੈਰੀਟੇਜ ਵਾਕ ਦਾ ਆਯੋਜਨ




**ਪਟਿਆਲਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਫਾਊਂਡੇਸ਼ਨ ਨੇ ਆਪਣੀ ਪ੍ਰਮੁੱਖ ਪਹਿਲਕਦਮੀ ਪ੍ਰੋਜੈਕਟ iHERIT175 ਅਧੀਨ, CSDIREKT ਦੇ ਸਹਿਯੋਗ ਨਾਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਮਾਜ ਸੇਵਕ ਵਿਭਾਗ ਦੇ ਵਿਦਿਆਰਥੀਆਂ ਲਈ ਇੱਕ ਹੈਰੀਟੇਜ ਵਾਕ ਦਾ ਸਫਲਤਾਪੂਰਵਕ ਆਯੋਜਨ ਕੀਤਾ। ਇਹ ਵਾਕ ਪਟਿਆਲਾ ਫਾਊਂਡੇਸ਼ਨ ਦੀ ਚੱਲ ਰਹੀ ਪਹਿਲ KYC 2.0 (ਆਪਣੇ ਸ਼ਹਿਰ ਨੂੰ ਜਾਣੋ) ਦੇ ਹਿੱਸੇ ਵਜੋਂ ਆਯੋਜਿਤ ਕੀਤੀ ਗਈ ਸੀ, ਜੋ ਕਿ ਨੌਜਵਾਨ ਨਾਗਰਿਕਾਂ ਨੂੰ ਉਨ੍ਹਾਂ ਦੇ ਜੱਦੀ ਸ਼ਹਿਰ ਦੇ ਅਮੀਰ ਸੱਭਿਆਚਾਰਕ ਤਾਣੇ-ਬਾਣੇ ਤੋਂ ਜਾਣੂ ਕਰਵਾਉਣ ਦੀ ਕੋਸ਼ਿਸ਼ ਕਰਦੀ ਹੈ। ਵਿਦਿਆਰਥੀਆਂ ਨੇ ਪਟਿਆਲਾ ਦੇ ਜੀਵਤ ਇਤਿਹਾਸ ਨਾਲ ਜੁੜਨ, ਵਿਰਾਸਤੀ ਸਥਾਨਾਂ ਦੀ ਪੜਚੋਲ ਕਰਨ, ਸਥਾਨਕ ਬਿਰਤਾਂਤਾਂ ਨੂੰ ਸੁਣਨ ਅਤੇ ਆਰਕੀਟੈਕਚਰਲ ਸ਼ਾਨ ਦੀ ਕਦਰ ਕਰਨ ਲਈ ਕਲਾਸਰੂਮਾਂ ਤੋਂ ਪਰੇ ਕਦਮ ਰੱਖਿਆ। ਇਸ ਵਾਕ ਨੇ ਭਾਗੀਦਾਰਾਂ ਨੂੰ ਆਪਣੇ ਆਪ ਨੂੰ ਸਿਰਫ਼ ਸੈਲਾਨੀਆਂ ਵਜੋਂ ਨਹੀਂ, ਸਗੋਂ ਸ਼ਹਿਰ ਦੀ ਵਿਰਾਸਤ ਦੇ ਰਖਵਾਲੇ ਵਜੋਂ ਦੇਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ’ਤੇ ਬੋਲਦਿਆਂ, ਪਟਿਆਲਾ ਫਾਊਂਡੇਸ਼ਨ ਦੇ ਸੀ.ਈ.ਓ ਅਤੇ ਸੰਸਥਾਪਕ ਰਵੀ ਸਿੰਘ ਆਹਲੂਵਾਲੀਆ ਨੇ ਕਿਹਾ ਅਜਿਹੀਆਂ ਸੈਰਾਂ ਨਾ ਸਿਰਫ਼ ਅਤੀਤ ਨੂੰ ਮੁੜ ਯਾਦ ਕਰਨ ਬਾਰੇ ਹਨ, ਸਗੋਂ ਨੌਜਵਾਨਾਂ ਵਿੱਚ ਆਪਣੇਪਣ ਅਤੇ ਸਾਂਝੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਬਾਰੇ ਵੀ ਹਨ। ਭਵਿੱਖ ਦੇ ਬਦਲਾਅ ਲਿਆਉਣ ਵਾਲੇ ਹੋਣ ਦੇ ਨਾਤੇ, ਵਿਦਿਆਰਥੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਮਾਲਕੀ ਦੀ ਇਸ ਭਾਵਨਾ ਨੂੰ ਅੱਗੇ ਵਧਾਉਣ, ਇਹ ਯਕੀਨੀ ਬਣਾਉਣ ਕਿ ਵਿਰਾਸਤ ਦੀ ਸੰਭਾਲ ਇੱਕ ਭਾਈਚਾਰਾ-ਅਧਾਰਤ ਤਰਜੀਹ ਬਣ ਜਾਵੇ। ਪਟਿਆਲਾ ਫਾਊਂਡੇਸ਼ਨ ਦਾ ਕੇ.ਵਾਈ.ਸੀ 2.0 ਹਰ ਉਮਰ ਦੇ ਵਿਦਿਆਰਥੀਆਂ ਲਈ ਅਜਿਹੀਆਂ ਸੈਰਾਂ ਦੀ ਮੇਜ਼ਬਾਨੀ ਕਰਨ ਲਈ ਤਿਆਰ ਕੀਤਾ ਗਿਆ ਹੈ। ਸ੍ਰੀ ਰਵੀ ਸਿੰਘ ਆਹਲੂਵਾਲੀਆ ਨੇ ਪਟਿਆਲਾ ਦੇ ਸਾਰੇ ਵਿਦਿਅਕ ਅਦਾਰਿਆਂ ਨੂੰ ਵਿਰਾਸਤੀ ਸੈਰਾਂ ਨੂੰ ਸਿੱਖਿਆ ਦਾ ਇੱਕ ਲਾਜ਼ਮੀ ਹਿੱਸਾ ਬਣਾਉਣ ਲਈ ਹੱਥ ਮਿਲਾਉਣ ਦਾ ਖੁੱਲ੍ਹਾ ਸੱਦਾ ਵੀ ਦਿੱਤਾ, ਜਿਸ ਨਾਲ ਸ਼ਹਿਰ ਦੀ ਪਛਾਣ ਅਤੇ ਮਾਣ ਦੀ ਭਾਵਨਾ ਨਾਲ ਮਜ਼ਬੂਤ ਸਬੰਧ ਬਣਦੇ ਹਨ। ਪ੍ਰੋਜੈਕਟ iHERIT175 ਰਾਹੀਂ, ਪਟਿਆਲਾ ਫਾਊਂਡੇਸ਼ਨ ਪਾਠ-ਪੁਸਤਕਾਂ ਤੋਂ ਇਤਿਹਾਸ ਨੂੰ ਅਨੁਭਵੀ ਯਾਤਰਾਵਾਂ ਵਿੱਚ ਬਦਲ ਕੇ ਸਿੱਖਿਆ ਦੇ ਤਰੀਕੇ ਨੂੰ ਮੁੜ ਆਕਾਰ ਦੇ ਰਹੀ ਹੈ ਜਿੱਥੇ ਵਿਰਾਸਤ, ਸੱਭਿਆਚਾਰ ਅਤੇ ਨਾਗਰਿਕ ਜ਼ਿੰਮੇਵਾਰੀ ਇਕੱਠੀ ਹੁੰਦੀ ਹੈ। ਇਹ ਡੁੱਬੇ ਹੋਏ ਅਨੁਭਵ ਉਤਸੁਕਤਾ ਪੈਦਾ ਕਰਦੇ ਹਨ, ਕਿਸੇ ਦੀਆਂ ਜੜ੍ਹਾਂ ਵਿੱਚ ਮਾਣ ਪੈਦਾ ਕਰਦੇ ਹਨ, ਅਤੇ ਇਸ ਗੱਲ ’ਤੇ ਜ਼ੋਰ ਦਿੰਦੇ ਹਨ ਕਿ ਟਿਕਾਊ ਸ਼ਹਿਰ ਉਦੋਂ ਬਣਦੇ ਹਨ ਜਦੋਂ ਭਾਈਚਾਰੇ ਆਪਣੇ ਸਾਂਝੇ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੇ ਹਨ। CSDIREKT ਨਾਲ ਸਹਿਯੋਗ ਇਸ ਵਿਸ਼ਵਾਸ ਨੂੰ ਹੋਰ ਮਜ਼ਬੂਤ ??ਕਰਦਾ ਹੈ ਕਿ ਵਿਰਾਸਤੀ ਜਾਗਰੂਕਤਾ ਨੂੰ ਸਿੱਖਿਆ ਨਾਲ ਜੋੜਨਾ ਜ਼ਿੰਮੇਵਾਰ ਨਾਗਰਿਕਤਾ ਨੂੰ ਪ੍ਰੇਰਿਤ ਕਰਦਾ ਹੈ। ਵਾਕ ਵਿਦਿਆਰਥੀਆਂ ਦੇ ਵਿਚਾਰਾਂ ਨਾਲ ਸਮਾਪਤ ਹੋਇਆ, ਜਿਨ੍ਹਾਂ ਨੇ ਸਾਂਝਾ ਕੀਤਾ ਕਿ ਕਿਵੇਂ ਅਨੁਭਵ ਨੇ ਪਟਿਆਲਾ ਨਾਲ ਉਨ੍ਹਾਂ ਦੇ ਸਬੰਧ ਨੂੰ ਡੂੰਘਾ ਕੀਤਾ ਅਤੇ ਸੱਭਿਆਚਾਰਕ ਅਤੇ ਨਾਗਰਿਕ ਕਦਰਾਂ-ਕੀਮਤਾਂ ਨੂੰ ਪਾਲਣ ਵਿੱਚ ਨਾਗਰਿਕਾਂ ਦੀ ਭੂਮਿਕਾ ×#39;ਤੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਵਿਸ਼ਾਲ ਕੀਤਾ।

# ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਲਈ ਵਚਨਬੱਧ- ਅਗਸਤ 2025 ਤੱਕ 2055 ਕਰੋੜ ਰੁਪਏ ਤੋਂ ਵੱਧ ਦੀ ਪੈਨਸ਼ਨ ਜਾਰੀ: ਡਾ ਬਲਜੀਤ ਕੌਰ

**ਚੰਡੀਗੜ੍ਹ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਰਾਜ ਦੇ ਬਜ਼ੁਰਗ ਨਾਗਰਿਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਉੱਦਮਾਂ ਤਹਿਤ, ਬੁਢਾਪਾ ਪੈਨਸ਼ਨ ਯੋਜਨਾ ਦੇ ਅਧੀਨ ਅਗਸਤ 2025 ਤੱਕ 2055.05 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ। ਇਹ ਜਾਣਕਾਰੀ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਮਿਆਦ ਦੌਰਾਨ 23.09 ਲੱਖ ਬਜ਼ੁਰਗ ਲਾਭਪਾਤਰੀਆਂ ਨੇ ਯੋਜਨਾ ਦਾ ਲਾਭ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਚਾਲੂ ਵਿੱਤੀ ਸਾਲ ਲਈ ਰਾਜ ਸਰਕਾਰ ਵੱਲੋਂ ਬੁਢਾਪਾ ਪੈਨਸ਼ਨ ਲਈ 4100 ਕਰੋੜ ਰੁਪਏ ਦਾ ਬਜਟ ਉਪਲਬਧ ਕਰਵਾਇਆ ਗਿਆ ਹੈ।

ਡਾ. ਬਲਜੀਤ ਕੌਰ ਨੇ ਕਿਹਾ, ÷ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸਾਡਾ ਮੰਤਵ ਸਾਫ਼ ਹੈ -ਸਾਡੇ ਬਜ਼ੁਰਗ ਸਾਡਾ ਮਾਣ ਹਨ ਅਤੇ ਉਨ੍ਹਾਂ ਦੀ ਪੈਨਸ਼ਨ ਵਿੱਚ ਕੋਈ ਵੀ ਦੇਰੀ ਜਾਂ ਰੁਕਾਵਟ ਬਰਦਾਸ਼ਤ ਨਹੀਂ ਕੀਤੀ ਜਾਵੇਗੀ।÷ ਉਨ੍ਹਾਂ ਨੇ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਬਜ਼ੁਰਗਾਂ ਦੀ ਪੈਨਸ਼ਨ ਨਿਰਧਾਰਤ ਸਮੇਂ ਅਨੁਸਾਰ ਜਮ੍ਹਾ ਹੋਣੀ ਚਾਹੀਦੀ ਹੈ।

ਪੈਨਸ਼ਨ ਜਾਰੀ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਜਾਂ ਦੇਰੀ ਹੋਣ ਦੀ ਸੂਰਤ ਵਿੱਚ ਜ਼ਿੰਮੇਵਾਰ ਅਧਿਕਾਰੀ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ, ਭਾਵੇਂ ਉਹ ਕਿੰਨਾ ਵੀ ਰੁਤਬੇ ਵਾਲਾ ਕਿਉਂ ਨਾ ਹੋਵੇ। ਡਾ. ਬਲਜੀਤ ਕੌਰ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਮਾਜਿਕ ਸੁਰੱਖਿਆ ਯੋਜਨਾਵਾਂ ਬਜ਼ੁਰਗਾਂ ਦੀ ਸਮਾਜਿਕ ਅਤੇ ਆਰਥਿਕ ਸੁਰੱਖਿਆ ਦਾ ਬੁਨਿਆਦੀ ਸਹਾਰਾ ਹਨ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਇਕ ਹੱਕਦਾਰ ਤੱਕ ਇਹ ਸਹੂਲਤ ਬਿਨਾਂ ਰੁਕਾਵਟ ਪਹੁੰਚੇ।

# ਐਡਵੋਕੇਟ ਖੱਟੜਾ ਨੇ ਕੇਂਦਰੀ ਬਿਜਲੀ ਅਤੇ ਨਵੀਨਿਕਰਣਯੋਗ ਊਰਜਾ ਦੇ ਰਾਜ ਮੰਤਰੀ ਸ਼੍ਰੀਪਾਦ ਨਾਇਕ ਨਾਲ ਕੀਤੀ ਮੁਲਾਕਾਤ



**ਪਟਿਆਲਾ, 6 ਅਕਤੂਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇਹਾਤੀ ਹਲਕੇ ਤੋਂ ਭਾਜਪਾ ਦੇ ਸੀਨੀਅਰ ਨੇਤਾ ਐਡਵੋਕੇਟ ਸਤਬੀਰ ਸਿੰਘ ਖੱਟੜਾ ਨੇ ਗਤ ਦਿਨ ਕੇਂਦਰੀ ਬਿਜਲੀ ਅਤੇ ਨਵੀਨਿਕਰਣਯੋਗ ਊਰਜਾ ਮੰਤਰਾਲੇ ਦੇ ਰਾਜ ਮੰਤਰੀ ਸ਼੍ਰੀ ਸ਼੍ਰੀਪਾਦ ਨਾਇਕ ਨਾਲ ਇੱਕ ਖਾਸ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਊਰਜਾ ਖੇਤਰ ਨਾਲ ਸੰਬੰਧਿਤ ਕਈ ਮਹੱਤਵਪੂਰਨ ਮਸਲਿਆਂ ‘ਤੇ ਆਪਣੇ ਵਿਚਾਰ ਸਾਂਝੇ ਕੀਤੇ। ਮੁਲਾਕਾਤ ਦੌਰਾਨ ਭਾਜਪਾ ਨੇਤਾ ਸਤਬੀਰ ਖੱਟੜਾ ਨੇ ਨਵੀਨਿਕਰਣਯੋਗ ਊਰਜਾ ਨੂੰ ਵਧਾਵਾ ਦੇਣ ਅਤੇ ਪਿੰਡਾਂ ਤੱਕ ਬਿਜਲੀ ਦੀ ਨਿਰੰਤਰ ਸਪਲਾਈ ਯਕੀਨੀ ਬਣਾਉਣ ਲਈ ਵੀ ਸੁਝਾਅ ਪੇਸ਼ ਕੀਤੇ। ਸ਼੍ਰੀ ਨਾਇਕ ਨੇ ਉਨ੍ਹਾਂ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ ਅਤੇ ਭਰੋਸਾ ਦਿਵਾਇਆ ਕਿ ਮੰਤਰਾਲਾ ਲੋਕ ਹਿੱਤ ਵਿੱਚ ਲੋੜੀਂਦੇ ਕਦਮ ਜ਼ਰੂਰ ਚੁੱਕੇਗਾ। ਇਹ ਮੀਟਿੰਗ ਆਪਸੀ ਸੰਵਾਦ ਅਤੇ ਊਰਜਾ ਖੇਤਰ ਦੇ ਵਿਕਾਸ ਵੱਲ ਇੱਕ ਸਕਾਰਾਤਮਕ ਪਹੁੰਚ ਮੰਨੀ ਜਾ ਰਹੀ ਹੈ।

ਇਸ ਮੌਕੇ ਕੇਂਦਰੀ ਰਾਜ ਮੰਤਰੀ ਸ਼੍ਰੀਪਾਦ ਨਾਇਕ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ’ਤੇ ਤੰਜ ਕੱਸਦੇ ਹੋਏ ਕਿਹਾ ਕਿ ਪੰਜਾਬ ਦੇ ਲੋਕ ਮਾਨ ਸਰਕਾਰ ਤੋਂ ਤੰਗ ਆ ਚੁੱਕੇ ਹਨ ਅਤੇ ਹੁਣ ਬਦਲਾਅ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਨੂੰ ਖਾਲੀ ਵਾਅਦਿਆਂ ਤੋਂ ਇਲਾਵਾ ਕੁਝ ਨਹੀਂ ਦਿੱਤਾ। ਦੇਸ ਭਰ ਵਿੱਚ ਭਾਜਪਾ ਨੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਜੋ ਵਿਕਾਸ ਕਾਰਜ ਕੀਤੇ ਹਨ, ਉਸ ਨਾਲ ਪੰਜਾਬ ਦੇ ਲੋਕ ਵੀ ਪ੍ਰਭਾਵਿਤ ਹਨ।

ਐਡਵੋਕੇਟ ਖਟੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਰਾਜ ਵਿੱਚ ਪੰਜਾਬ ਵਿੱਚ ਬਿਜਲੀ ਘੁੱਲ ਹੋਣ ਲੱਗੀ ਹੈ, ਹੁਣ ਤਾਂ ਸਹਿਰਾਂ ਵਿੱਚ ਵੀ ਕੱਟ ਲੱਗਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਵਿਕਾਸ ਲਈ ਕਈ ਯੋਜਨਾਵਾਂ ਹਨ, ਜਿਨ੍ਹਾਂ ਵਿੱਚ ਕਿਸਾਨਾਂ ਲਈ ਕਿਸਾਨ ਨਿਧੀ ਯੋਜਨਾ ਰਾਹੀਂ ਸਿੱਧੇ ਖਾਤਿਆਂ ਵਿੱਚ ਲੱਖਾਂ ਰੁਪਏ ਟ੍ਰਾਂਸਫਰ ਕੀਤੇ ਜਾ ਰਹੇ ਹਨ, ਨੈਸਨਲ ਹਾਈਵੇਅ, ਰੇਲਵੇ ਲਾਈਨਾਂ ਨੂੰ ਹਰ ਸਹਿਰ ਨਾਲ ਜੋੜਨ ਵਰਗੇ ਕਾਰਜ ਕੀਤੇ ਜਾ ਰਹੇ ਹਨ। ਇਸ ਲਈ ਪੰਜਾਬ ਦੇ ਲੋਕ ਇਸ ਵਾਰ ਭਾਜਪਾ ਨੂੰ ਮੌਕਾ ਦੇਣ ਲਈ ਤਿਆਰ ਹਨ।

# ਹਰਿਆਣੇ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਪਹੁੰਚੇ ਟੋਹੜਾ ਪਿੰਡ



**ਨਾਭਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਨਾਇਬ ਸਿੰਘ ਸੈਣੀ ਮੁੱਖ ਮੰਤਰੀ ਹਰਿਅਣਾ ਅੱਜ ਪਿੰਡ ਟੋਹੜਾ ਵਿਖੇ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੋਹੜਾ ਦੇ ਦਮਾਦ ਸਵ: ਸ ਹਰਮੇਲ ਸਿੰਘ ਟੋਹੜਾ ਜੀ ਦੇ ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਲਈ ਪਿੰਡ ਟੋਹੜਾ ਵਿਖੇ ਆਏ। ਪਰਿਵਾਰ ਅਤੇ ਪਾਰਟੀ ਵਲੋ ਬਤੌਰ ਹਲਕਾ ਇੰਚਾਰਜ ਉਹਨਾ ਦਾ ਸਵਾਗਤ ਕੀਤਾ ਗਿਆ ਜੀ। ਇਸ ਮੌਕੇ ਨਾਭਾ ਤੋਂ ਬੀਜੇਪੀ ਪਾਰਟੀ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਸ਼ਾਹਪੁਰ ਹਰਿਆਣੇ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਮਿਲੇ।

# ਰਾਸ਼ਟਰੀ ਸਵੈ -ਇੱਛਤ ਖੂਨਦਾਨ ਦਿਵਸ ਮੌਕੇ ਖੂਨਦਾਨ ਕੈਂਪ ਦਾ ਆਯੋਜਨ

**ਪਟਿਆਲਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਗਰਮੀ ਦੇ ਮੌਸਮ ਅਤੇ ਬਲੱਡ ਬੈਂਕਾਂ ਵਿਚ ਖੂਨ ਦੀ ਕਮੀ ਨੂੰ ਵੇਖਦਿਆਂ ਰਾਸ਼ਟਰੀ ਸਵੈ -ਇੱਛਤ ਖੂਨਦਾਨ ਦਿਵਸ ਮੌਕੇ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਏ ਐਸ ਆਈ ਅਮਰਜੀਤ ਸਿੰਘ ਰੰਧਾਵਾ ਰੀਡਰ ਡੀ ਐਸ ਪੀ ਕ੍ਰਾਈਮ ਵਿਰੁੱਧ ਔਰਤਾਂ ਅਤੇ ਬੱਚੇ ਪਟਿਆਲਾ ਨੇ ਕੀਤੀ।

ਵਿਸ਼ੇਸ਼ ਤੌਰ ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ, ਉਪਕਾਰ ਸਿੰਘ, ਵਿਨੇ ਸ਼ਰਮਾ,ਹੌਲਦਾਰ ਗੁਰਧਿਆਨ ਸਿੰਘ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਗੁਰਜੀਤ ਸਿੰਘ ਲੱਕੀ ਹਰਦਾਸਪੁਰ,ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਸ਼ਿਰਕਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਰਾਸ਼ਟਰੀ ਸਵੈ -ਇੱਛਤ ਖੂਨਦਾਨ ਦਿਵਸ ਮੌਕੇ ਨੌਜਵਾਨਾਂ ਵੱਲੋਂ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਤੁਹਾਡੇ ਦਿੱਤੇ ਖ਼ੂਨਦਾਨ ਕਰਨ ਨਾਲ ਚਾਰ ਜ਼ਿੰਦਗੀਆਂ ਬਚ ਸਕਦੀਆਂ ਹਨ।ਉਹਨਾਂ ਕਿਹਾ ਕਿ ਹਰ ਤੰਦਰੁਸਤ ਇਨਸਾਨ ਜਿਸ ਦੀ ਉਮਰ 18 ਸਾਲ ਤੋਂ 65 ਸਾਲ ਹੈਂ ਸ਼ਰੀਰਕ ਭਾਰ 45 ਕਿਲੋ ਤੋਂ ਉਪਰ ਹੈ ਅਤੇ ਖ਼ੂਨ ਦੀ ਮਾਤਰਾ 12.5 ਗ੍ਰਾਮ ਤੋਂ ਉਪਰ ਹੈ ਉਹੋ ਵਿਅਕਤੀ ਸਾਲ ਵਿੱਚ ਚਾਰ ਵਾਰ ਖ਼ੂਨਦਾਨ ਕਰ ਸਕਦਾ ਹੈ। ਇਸ ਲਈ ਸਾਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਖ਼ੂਨਦਾਨੀ ਪ੍ਰਮਾਤਮਾ ਵਲੋਂ ਭੇਜੇ ਦੂਤਾ ਸਮਾਨ ਹੁੰਦੇ ਹਨ ਜੋ ਆਪਣਾ ਖ਼ੂਨਦਾਨ ਕਰਕੇ ਕਿਸੇ ਦੀ ਬੇਸ਼ਕੀਮਤੀ ਜਾਨਾਂ ਬਚਾਉਣ ਲਈ ਅੱਗੇ ਆਉਂਦੇ ਹਨ। ਇਸ ਮੌਕੇ ਲਾਈਫ ਲਾਇਨ ਬਲੱਡ ਬੈਂਕ ਵਲੋਂ ਡਾਕਟਰ ਅਰਸ਼ਪ੍ਰੀਤ ਕੌਰ ਅਤੇ ਮੋਟੀਵੇਟਰ ਸਾਗਰ ਅਰੋੜਾ ਵੱਲੋਂ ਬਲੱਡ ਇੱਕਤਰਤਾ ਕੀਤਾ ਗਿਆ।

# ਮਸਲੇ ਹੱਲ ਨਾ ਹੋਣ ’ਤੇ ਕਿਸਾਨਾਂ ਵਿਚ ਰੋਸ



**ਪਟਿਆਲਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਪਾਤੜਾਂ ਦੀ ਲੀਡਰਸ਼ਿਪ ਨੇ ਕਿਸਾਨਾਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਐਸਡੀਐੱਮ ਪਾਤੜਾਂ ਨੂੰ ਮੰਗ ਪੱਤਰ ਸੌਂਪਿਆ। ਮੰਗ ਪੱਤਰ ਵਿੱਚ ਮੁੱਖ ਤੌਰ @ਤੇ ਪਰਾਲੀ ਦੇ ਨਿਪਟਾਰੇ, ਝੋਨੇ ਦੇ ਬੌਣੇ ਰੋਗ ਅਤੇ ਡੀਏਪੀ ਖਾਦ ਦੀ ਕਮੀ ਦੇ ਮਸਲੇ ਉਠਾਏ ਗਏ। ਜਥੇਬੰਦੀ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਗੁਰਵਿੰਦਰ ਸਿੰਘ ਦੇਧਨਾ ਤੇ ਜ਼ਿਲ੍ਹਾ ਆਗੂ ਮਹਿੰਦਰ ਸਿੰਘ ਖਾਂਗ ਨੇ ਦੱਸਿਆ ਕਿ ਝੋਨੇ ਦੀ ਕਟਾਈ ਸ਼ੁਰੂ ਹੋ ਚੁੱਕੀ ਹੈ ਪਰ ਸਰਕਾਰ ਵੱਲੋਂ ਬਲਾਕ ਦੇ ਪਿੰਡਾਂ ਨੂੰ ਪਰਾਲੀ ਦੇ ਨਿਪਟਾਰੇ ਲਈ ਲੋੜੀਂਦੇ ਬੇਲਰ ਜਾਂ ਹੋਰ ਮਸ਼ੀਨਰੀ ਮੁਹੱਈਆ ਨਹੀਂ ਕਰਵਾਈ ਗਈ। ਉਨ੍ਹਾਂ ਦੋਸ਼ ਲਾਇਆ ਕਿ ਇੱਕ ਪਾਸੇ ਮਸ਼ੀਨਰੀ ਨਹੀਂ ਮਿਲ ਰਹੀ, ਦੂਜੇ ਪਾਸੇ ਮਜਬੂਰਨ ਪਰਾਲੀ ਸਾੜਨ ਵਾਲੇ ਕਿਸਾਨਾਂ ਉੱਪਰ ਕਾਰਵਾਈ ਕਰਨ ਦੇ ਹੁਕਮ ਸੁਣਾਏ ਜਾ ਰਹੇ ਹਨ, ਜੋ ਕਿਸਾਨ ਵਿਰੋਧੀ ਹਨ। ਯੂਨੀਅਨ ਨੇ ਪਿੰਡਾਂ ਵਿੱਚ ਤੁਰੰਤ ਮਸ਼ੀਨਰੀ ਮੁਹੱਈਆ ਕਰਵਾਉਣ ਦੀ ਮੰਗ ਕੀਤੀ, ਤਾਂ ਜੋ ਕਿਸਾਨ ਸਹੀ ਢੰਗ ਨਾਲ ਪਰਾਲੀ ਦਾ ਨਿਪਟਾਰਾ ਕਰ ਸਕਣ। ਉਨ੍ਹਾਂ ਕਿਹਾ ਕਿ ਇਸ ਸਾਲ ਝੋਨੇ ਦੀ ਫ਼ਸਲ ਵਿੱਚ ਬੌਣੇ ਰੋਗ ਕਾਰਨ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਖ਼ਾਸ ਕਰਕੇ ਉਨ੍ਹਾਂ ਕਿਸਾਨਾਂ ਲਈ ਇਹ ਸਥਿਤੀ ਹੋਰ ਵੀ ਗੰਭੀਰ ਹੈ ਜਿਨ੍ਹਾਂ ਨੇ ਮਹਿੰਗੇ ਠੇਕੇ @ਤੇ ਜ਼ਮੀਨਾਂ ਲੈ ਕੇ ਫ਼ਸਲ ਬੀਜੀ ਸੀ। ਰੋਗ ਤੋਂ ਪ੍ਰਭਾਵਿਤ ਫ਼ਸਲ ਵਿੱਚ ਦਾਣਾ ਨਹੀਂ ਬਣ ਰਿਹਾ, ਜਿਸ ਕਾਰਨ ਫ਼ਸਲ ਦਾ ਝਾੜ ਲਗਪਗ ਜ਼ੀਰੋ ਹੋ ਗਿਆ ਹੈ। ਕੁੱਝ ਕਿਸਾਨਾਂ ਨੂੰ ਤਾਂ ਮਜਬੂਰੀ ਵੱਸ ਖੜ੍ਹੀ ਫ਼ਸਲ ਨੂੰ ਵਾਹੁਣਾ ਵੀ ਪਿਆ, ਪਰ ਸਮਾਂ ਲੰਘ ਜਾਣ ਕਾਰਨ ਉਹ ਦੁਬਾਰਾ ਬਿਜਾਈ ਨਹੀਂ ਕਰ ਸਕੇ। ਜਥੇਬੰਦੀ ਨੇ ਇਸ ਗੰਭੀਰ ਵਿੱਤੀ ਸੰਕਟ ਨੂੰ ਦੇਖਦੇ ਹੋਏ ਮੰਗ ਕੀਤੀ ਕਿ ਸਰਕਾਰ ਤੁਰੰਤ ਸਪੈਸ਼ਲ ਗਿਰਦਾਵਰੀ ਕਰਵਾ ਕੇ, ਨੁਕਸਾਨੇ ਗਏ ਕਿਸਾਨਾਂ ਨੂੰ ਯੋਗ ਅਤੇ ਤੁਰੰਤ ਮੁਆਵਜ਼ਾ ਦੇਵੇ ਤਾਂ ਜੋ ਉਨ੍ਹਾਂ ਨੂੰ ਸੰਕਟ ਵਿੱਚੋਂ ਕੱਢਿਆ ਜਾ ਸਕੇ। ਜ਼ਿਲ੍ਹਾ ਸਕੱਤਰ ਦਲਜਿੰਦਰ ਸਿੰਘ ਹਰਿਆਊ ਤੇ ਜ਼ਿਲ੍ਹਾ ਆਗੂ ਰਘਵੀਰ ਸਿੰਘ ਨਿਆਲ ਨੇ ਕਿਹਾ ਕਿ ਹਾੜੀ ਦੀਆਂ ਫ਼ਸਲਾਂ ਲਈ ਡੀਏਪੀ ਖਾਦ ਦੀ ਬਹੁਤ ਕਮੀ ਹੈ। ਉਨ੍ਹਾਂ ਕਿਹਾ ਕਿ ਕਣਕ ਦੀ ਬਿਜਾਈ ਲਈ ਖਾਦ ਦੀ ਬਹੁਤ ਜ਼ਰੂਰਤ ਹੈ, ਪਰ ਪਿਛਲੇ ਸਾਲ ਤੋਂ ਬਾਅਦ ਪਿੰਡਾਂ ਦੀਆਂ ਸੁਸਾਇਟੀਆਂ ਵਿੱਚ ਡੀਏਪੀ ਖਾਦ ਦੀ ਸਪਲਾਈ ਬਿਲਕੁਲ ਨਹੀਂ ਆਈ। ਉਨ੍ਹਾਂ ਮੰਗ ਕੀਤੀ ਕਿ ਸਮੇਂ ਸਿਰ ਕਣਕ ਦੀ ਬਿਜਾਈ ਲਈ ਡੀ.ਏ.ਪੀ. ਖਾਦ ਦੀ ਲੋੜੀਂਦੀ ਸਪਲਾਈ ਤੁਰੰਤ ਯਕੀਨੀ ਬਣਾਈ ਜਾਵੇ। ਇਸ ਹਾਲਤ ਵਿਚ ਪ੍ਰਾਈਵੇਟ ਵਿਕਰੇਤਾ ਖਾਦ ਨੂੰ ਮਹਿੰਗੇ ਭਾਅ ਵਿੱਚ ਵੇਚ ਕੇ ਅਤੇ ਨਾਲ ਨੈਨੋ ਪੈਕਿੰਗ ਅਤੇ ਹੋਰ ਵਸਤਾਂ ਲਗਾ ਕੇ ਕਿਸਾਨਾਂ ਦੀ ਦੋਹਰੀ ਲੁੱਟ ਕਰ ਰਹੇ ਹਨ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਖਾਦ ਦੀ ਸਪਲਾਈ ਯਕੀਨੀ ਨਾ ਬਣਾਈ ਗਈ ਅਤੇ ਖਾਦ ਉੱਪਰ ਕਾਲਾ ਬਾਜ਼ਾਰੀ ਨਹੀਂ ਰੋਕੀ ਗਈ ਤਾਂ ਸਰਕਾਰ ਨੂੰ ਕਿਸਾਨਾਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਜਿਣਸੀ ਸ਼ੋਸਣ ਦੇ ਮਾਮਲੇ ਵਿਚ ਸਿਹਤ ਮੰਤਰੀ ਡਾ ਬਲਬੀਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਸਮੇਤ ਛੇ ਨੂੰ ਅਦਾਲਤ ਨੇ ਕੀਤਾ ਨੋਟਿਸ ਜਾਰੀ

**ਪਟਿਆਲਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਮੰਤਰੀ ਅਤੇ ਪਟਿਆਲਾ ਦਿਹਾਤੀ ਦੇ ਵਿਧਾਇਕ ਡਾ ਬਲਬੀਰ ਸਿੰਘ ਨੂੰ ਜਿਣਸੀ ਸ਼ੋਸ਼ਣ ਅਤੇ ਫੌਜਦਾਰੀ ਸਾਜਿਸ਼ ਦੇ ਤਹਿਤ ਮਾਣਯੋਗ ਜੱਜ ਜੇ.ਐਮ.ਆਈ.ਸੀ. ਦਮਨਦੀਪ ਕਮਲ ਦੀ ਅਦਾਲਤ ਨੇ ਨੋਟਿਸ ਜਾਰੀ ਕੀਤਾ ਹੈ ਅਤੇ 23 ਅਕਤੂਬਰ ਨੂੰ ਪੇਸ਼ ਹੋਣ ਲਈ ਕਿਹਾ ਹੈ। ਸਿਹਤ ਮੰਤਰੀ ਦੇ ਖਿਲਾਫ ਪਟਿਆਲਾ ਦੀ ਆਮ ਆਦਮੀ ਪਾਰਟੀ ਦੀ ਸਾਬਕਾ ਮਾਹਿਲਾ ਵਿੰਗ ਦੀ ਦਿਹਾਤੀ ਦੀ ਪ੍ਰਧਾਨ ਅਤੇ ਜਿਲਾ ਯੋਜਨਾ ਕਮੇਟੀ ਮੈਂਬਰ ਦੀ ਸਵੇਤਾ ਜਿੰਦਲ ਮਾਣਯੋਗ ਅਦਾਲਤ ਦੇ ਕੋਲ ਜਿਣਸੀ ਸ਼ੋਸਣ ਅਤੇ ਫੌਜਦਾਰੀ ਸਾਜਿਸ਼ ਦੇ ਮਾਮਲੇ ਵਿਚ ਸਬੂਤਾਂ ਸਮੇਤ ਸਿਕਾਇਤ ਦਾਇਰ ਕੀਤੀ ਗਈ ਹੈ। ਸਵੇਤਾ ਜਿੰਦਲ ਵੱਲੋਂ ਇਸ ਗੱਲ ਦੇ ਪੁਖਤਾ ਸਬੂਤ ਹੋਣ ਦੀ ਗੱਲ ਆਖੀ ਗਈ ਹੈ। ਜਿਸ ਨੂੰ ਲੈ ਕੇ ਉਨ੍ਹਾਂ ਵੱਲੋਂ ਪਾਈ ਗਈ ਫੋਟੋ ਵੀ ਵਾਇਰਲ ਹੋ ਰਹੀ ਹੈ। ਜਿਸ ਨੂੰ ਸਬੂਤ ਦੇ ਤੌਰ ’ਤੇ ਕੇਸ ਵਿਚ ਲਗਾਇਆ ਗਿਆ ਹੈ। ਇਸ ਮਾਮਲੇ ਵਿਚ ਮਾਣਯੋਗ ਅਦਾਲਤ ਨੇ ਡਾ. ਬਲਬੀਰ ਸਿੰਘ ਦੇ ਨਾਲ ਨਾਲ ਉਨ੍ਹਾਂ ਦੇ ਪੁੱਤਰ ਰਾਹੁਲ ਸ਼ੈਣੀ, ਦਫਤਰ ਇੰਚਾਰਜ਼ ਜਸਵੀਰ ਸਿੰਘ ਗਾਂਧੀ, ਕੌਂਸਲਰ ਗੁਰਿ?ਪਾਲ ਸਿੰਘ, ਗੁਰਪ੍ਰੀਤ ਸਿੰਘ ਅਤੇ ਆਮ ਆਦਮੀ ਪਾਰਟੀ ਨੂੰ ਵੀ ਪਾਰਟੀ ਬਣਾਇਆ ਗਿਆ ਹੈ। ਸਵੇਤਾ ਜਿੰਦਲ ਵੱਲੋਂ ਦਾਇਰ ਕੀਤੀ ਗਈ ਸਿਕਾਇਤ ਵਿਚ ਉਨ੍ਹਾਂ ਦੋਸ਼ ਲਗਾਇਆ ਗਿਆ ਹੈ ਕਿ ਸਿਹਤ ਮੰਤਰੀ, ਉਨ੍ਹਾਂ ਦੇ ਪੁੱਤਰ ਅਤੇ ਦਫਤਰ ਵਾਲਿਆਂ ਵੱਲੋਂ ਉਨ੍ਹਾਂ ਤੇ ਗਲਤ ਨਿਗਾਹ ਰੱਖੀ ਜਾਂਦੀ ਸੀ ਅਤੇ ਇਸ ਦੇ ਨਾਲ ਹੀ ਸਵੇਤਾ ਜਿੰਦਲ ਨੇ ਡਾ. ਬਲਬੀਰ ਸਿੰਘ ਵੱਲੋਂ ਗਲਤ ਟੱਚ ਦੀ ਵੀ ਗੱਲ ਆਖੀ ਗਈ ਹੈ।

ਸਵੇਤਾ ਜਿੰਦਲ ਨੇ ਲੰਬੀ ਸ਼ਿਕਾਇਤ ਮਾਣਯੋਗ ਅਦਾਲਤ ਨੂੰ ਦਿੱਤੀ ਹੈ, ਜਿਸ ਵਿਚ ਸਿਹਤ ਮੰਤਰੀ ‘ਤੇ ਗੰਭੀਰ ਦੋਸ਼ ਲਗਾਏ ਗਏ ਹਨ। ਸਵੇਤਾ ਜਿੰਦਲ ਦਾ ਕਹਿਣਾ ਹੈ ਕਿ ਉਹ ਜਦੋਂ ਵੀ ਦਫਤਰ ਜਾਂਦੀ ਸੀ ਤਾਂ ਉਦੋਂ ਗਲਤ ਨਿਗਾਹ ਰੱਖੀ ਜਾਂਦੀ ਸੀ। ਡਾ. ਬਲਬੀਰ ਸਿੰਘ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਇਸ ਤੋਂ ਪਹਿਲਾ ਰੋਪੜ ਅਦਾਲਤ ਵੱਲੋਂ ਵੀ ਸਿਹਤ ਮੰਤਰੀ ਡਾ. ਬਲਬੀਰ ਸਿੰਘ ਜਮੀਨ ਦੇ ਮਾਮਲੇ ਵਿਚ ਸਜਾ ਸੁਣਾਈ ਸੀ। ਇਥੇ

# ਹਲਕਾ ਸਨੌਰ ਦੇ ਵਿਕਾਸ ਕਾਰਜਾਂ ਵਿੱਚ ਲਿਆਵਾਂਗੇ ਤੇਜ਼ੀ : ਡਾ. ਰਣਜੋਧ ਹਡਾਣਾ



**ਸਨੌਰ,6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਦੇ ਸਰਬ ਪੱਖੀ ਵਿਕਾਸ ਨੂੰ ਤਰਜੀਹ ਦਿੰਦਿਆਂ ਪੀ.ਆਰ.ਟੀ.ਸੀ. ਦੇ ਚੇਅਰਮੈਨ ਅਤੇ ਹਲਕਾ ਸਨੌਰ ਦੇ ਇੰਚਾਰਜ ਡਾ. ਰਣਜੋਧ ਸਿੰਘ ਹਡਾਣਾ ਨੇ ਅੱਜ ਹਲਕਾ ਸਨੌਰ ਦੇ ਵੱਖ-ਵੱਖ ਬਲਾਕ ਪ੍ਰਧਾਨਾਂ ਅਤੇ ਸਥਾਨਕ ਆਗੂਆਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ। ਇਸ ਮੀਟਿੰਗ ਦੌਰਾਨ ਹਡਾਣਾ ਜੀ ਨੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ ਅਨੁਸਾਰ ਸਨੌਰ ਹਲਕੇ ਨੂੰ ਵਿਕਾਸ ਦੇ ਨਵੇਂ ਮਾਪਦੰਡਾਂ ’ਤੇ ਲਿਆਂਦਾ ਜਾਵੇਗਾ।

ਹਡਾਣਾ ਨੇ ਕਿਹਾ ਕਿ ਹਲਕੇ ਵਿੱਚ ਸੜਕਾਂ ਦੀ ਮਰੰਮਤ, ਨਵੀਆਂ ਸੜਕਾਂ ਦਾ ਨਿਰਮਾਣ, ਸਫਾਈ ਪ੍ਰਬੰਧ, ਪੀਣ ਵਾਲੇ ਪਾਣੀ, ਸਿਹਤ ਸਹੂਲਤਾਂ ਅਤੇ ਸਿੱਖਿਆ ਸੰਬੰਧੀ ਪ੍ਰੋਜੈਕਟਾਂ ਨੂੰ ਪਹਿਲ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰੀ ਯੋਜਨਾਵਾਂ ਦਾ ਲਾਭ ਘਰ-ਘਰ ਪਹੁੰਚਾਉਣ ਲਈ ਇਕ ਵਿਸ਼ੇਸ਼ ਯੋਜਨਾ ਬਣਾਈ ਜਾ ਰਹੀ ਹੈ ਅਤੇ ਜ਼ਮੀਨੀ ਪੱਧਰ ’ਤੇ ਕੰਮ ਦੀ ਨਿਗਰਾਨੀ ਖ਼ੁਦ ਕੀਤੀ ਜਾਵੇਗੀ।

ਚੇਅਰਮੈਨ ਹਡਾਣਾ ਨੇ ਇਹ ਵੀ ਕਿਹਾ ਕਿ ਹਲਕੇ ਦੇ ਹਰੇਕ ਬਲਾਕ ਪ੍ਰਧਾਨ, ਪੰਚਾਇਤਾਂ ਅਤੇ ਸਮਾਜਕ ਜਥੇਬੰਦੀਆਂ ਦੀ ਸਾਂਝ ਨਾਲ ਹੀ ਵਿਕਾਸ ਯਤਨ ਤੇਜ਼ ਗਤੀ ਨਾਲ ਅੱਗੇ ਵਧ ਸਕਦੇ ਹਨ।

ਉਨ੍ਹਾਂ ਬਲਾਕ ਪ੍ਰਧਾਨਾਂ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਦੇ ਸੁਝਾਅ ਅਤੇ ਮੁੱਦੇ ਸਿੱਧੇ ਉਨ੍ਹਾਂ ਤੱਕ ਪਹੁੰਚਾਉਣ, ਤਾਂ ਜੋ ਕਿਸੇ ਵੀ ਖੇਤਰ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ।

ਬਲਾਕ ਪ੍ਰਧਾਨਾਂ ਨੇ ਵੀ ਹਡਾਣਾ ਜੀ ਨੂੰ ਪਿੰਡ ਪੱਧਰ ਦੇ ਮੁੱਖ ਮੁੱਦਿਆਂ ਅਤੇ ਲੋੜਾਂ ਬਾਰੇ ਜਾਣਕਾਰੀ ਦਿੱਤੀ ਅਤੇ ਭਵਿੱਖ ਵਿੱਚ ਸਰਕਾਰ ਦੀਆਂ ਯੋਜਨਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਬਲਾਕ ਪ੍ਰਧਾਨਾਂ ਵਿੱਚ ਅਮਨਦੀਪ ਸਿੰਘ, ਅਮਰਿੰਦਰ ਕੱਛਵਾ, ਰਾਮਇਸਰ ਸਿੰਘ ਭਗਤ ਕਰਨਪੁਰ,ਅਮਰਿੰਦਰ ਸਿੰਘ ਰਾਠੀਆਂ, ਬਲਜੀਤ ਸਿੰਘ ਜਲਾਲਪੁਰ, ਬੰਟੀ ਬਿੰਜਲ, ਚਰਨਜੀਤ ਸਿੰਘ, ਦਵਿੰਦਰ ਸਿੰਘ ਮਾੜੂ, ਦੀਪਾਂਸ਼ੂ, ਗੁਰਜੀਤ ਭੱਠਲ, ਗੁਰਮੀਤ ਸਿੰਘ ਅਸਰਪੁਰ, ਗੁਰਪ੍ਰੀਤ ਸਿੰਘ ਗੋਪੀ, ਗੁਰਪ੍ਰੀਤ ਸਿੰਘ ਸਰਪੰਚ, ਹਰਪ੍ਰੀਤ ਸਿੰਘ ਘੁੰਮਣ, ਜਗਜੀਤ ਸਿੰਘ, ਕੁਲਵੰਤ ਸਿੰਘ, ਲਵਪ੍ਰੀਤ ਧਾਲੀਵਾਲ, ਮੋਹਨ ਧਗਡੋਲੀ, ਰਾਜਵਿੰਦਰ ਸਿੰਘ ਕਾਠਗੜ੍ਹ, ਰਾਜਵਿੰਦਰ ਸਿੰਘ ਧੰਜੂ, , ਰਮਿੰਦਰ ਸਿੰਘ ਜੰਮਣਾ, ਰਵਿੰਦਰ ਸਿੰਘ, ਰਿਸ਼ੂ ਪਿਪਲਹੇੜੀ, ਸਰਬਜੀਤ ਸਿੰਘ ਅਦਾਲਤੀਵਾਲਾ, ਸਤਿੰਦਰ ਹਾਂਡਾ, ਸ਼ਾਮ ਸਿੰਘ, ਸੁਖਦੇਵ ਸਿੰਘ ਮਾਸਟਰ, ਸੁਖਵਿੰਦਰ ਬਾਜਵਾ, ਸੁਖਜਿੰਦਰ ਸਿੰਘ, ਸੁਰਿੰਦਰ ਸਿੰਘ ਛਿੰਦਾ ਵਿਸ਼ੇਸ਼ ਤੌਰ ਤੇ ਮੌਜੂਦ ਸਨ।

# ਬ੍ਰਿਟਿਸ਼ ਕੋ-ਐਡ ਸਕੂਲ ਨੇ ਅੰਡਰ-11 ਫੁੱਟਬਾਲ ਟੂਰਨਾਮੈਂਟ ਵਿੱਚ ਹਾਸਲ ਕੀਤਾ ਪਹਿਲਾ ਸਥਾਨ



**ਪਟਿਆਲਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਾਇਮਰੀ ਸਕੂਲ ਖੇਡਾਂ ਦੌਰਾਨ ਸਰਕਾਰੀ ਪ੍ਰਾਇਮਰੀ ਸਕੂਲ ਵਿਕਟੋਰੀਆ ਕਲੱਸਟਰ ਦੀਆਂ ਕਲੱਸਟਰ ਪੱਧਰੀ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਇਹਨਾਂ ਖੇਡਾਂ ਵਿੱਚ ਫੁੱਟਬਾਲ ਅੰਡਰ-11 ਲੜਕਿਆਂ ਦਾ ਕਲੱਸਟਰ ਪੱਧਰੀ ਟੂਰਨਾਮੈਂਟ ਸ੍ਰੀ ਅਨਿਲ ਕੁਮਾਰ, ਸ੍ਰੀ ਮਨਪ੍ਰੀਤ ਸਿੰਘ, ਮਿਸ ਸੰਦੀਪ ਕੌਰ, ਮਿਸ ਕਿਰਨਜੋਤ ਕੌਰ, ਸ੍ਰੀਮਤੀ ਨੈਨਸੀ ਅਤੇ ਸ੍ਰੀਮਤੀ ਵਾਨੀ ਦੀ ਅਗਵਾਈ ਵਿੱਚ ਬ੍ਰਿਟਿਸ਼ ਕੋ ਐਡ ਸਕੂਲ ਪਟਿਆਲਾ ਵਿਖੇ ਕਰਵਾਇਆ ਗਿਆ। ਫੁੱਟਬਾਲ ਅੰਡਰ-11 ਲੜਕਿਆਂ ਦੇ ਟੂਰਨਾਮੈਂਟ ਵਿੱਚ ਵੱਡੀ ਗਿਣਤੀ ਵਿੱਚ ਟੀਮਾਂ ਨੇ ਭਾਗ ਲਿਆ। ਫੁੱਟਬਾਲ ਅੰਡਰ-11 ਲੜਕਿਆਂ ਦਾ ਫਾਈਨਲ ਮੁਕਾਬਲਾ ਬ੍ਰਿਟਿਸ਼ ਕੋ ਐਡ ਸਕੂਲ ਪਟਿਆਲਾ ਅਤੇ ਭੁਪਿੰਦਰਾ ਇੰਟਰਨੈਸ਼ਨਲ ਪਬਲਿਕ ਸਕੂਲ ਪਟਿਆਲਾ ਵਿਚਕਾਰ ਹੋਇਆ। ਬ੍ਰਿਟਿਸ਼ ਕੋ ਐਡ ਸਕੂਲ ਪਟਿਆਲਾ ਦੀ ਟੀਮ ਨੇ ਫਾਈਨਲ ਮੈਚ ਵਿੱਚ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਭੁਪਿੰਦਰਾ ਇੰਟਰਨੈਸ਼ਨਲ ਪਬਲਿਕ ਸਕੂਲ ਪਟਿਆਲਾ ਦੀ ਟੀਮ ਨੂੰ 2-1 ਦੇ ਅੰਤਰ ਨਾਲ ਹਰਾਇਆ।

ਬ੍ਰਿਟਿਸ਼ ਕੋ ਐਡ ਸਕੂਲ ਪਟਿਆਲਾ ਦੀ ਟੀਮ ਵਿੱਚ ਉਦੇਵੀਰ ਸਿੰਘ ਪੁੱਤਰ ਜਸਕਰਨ ਸਿੰਘ, ਜਪਤੇਸ ਸਿੰਘ ਪੁੱਤਰ ਜਸਪ੍ਰੀਤ ਸਿੰਘ, ਮਨਕੀਰਤ ਸਿੰਘ ਮੱਲਣ ਪੁੱਤਰ ਮਨਪ੍ਰੀਤ ਸਿੰਘ, ਨਵਨਿਧਨੂਰ ਸਿੰਘ ਪੁੱਤਰ ਜੈਤਸ਼ਾਹੂਦੀਪ ਸਿੰਘ, ਪਾਹੁਲਬੀਰ ਸਿੰਘ ਧਾਲੀਵਾਲ ਪੁੱਤਰ ਗੁਰਦਰਸ਼ਨ ਸਿੰਘ, ਗੁਰਵੰਸ਼ ਸਿੰਘ ਮਾਟਾ ਪੁੱਤਰ ਹਰਜੀਤ ਸਿੰਘ ਮਾਟਾ, ਸੂਰਜ ਸਿੰਘ ਸਿੱਧੂ ਪੁੱਤਰ ਰਣਜੀਤ ਸਿੰਘ, ਰੁਦਰ ਸ਼ਰਮਾ ਪੁੱਤਰ ਮਨਦੀਪ ਚੰਦ, ਪ੍ਰਭਰੀਤ ਸਿੰਘ ਪੁੱਤਰ ਸ਼ਪ੍ਰੀਤ ਸਿੰਘ ਗਿੱਲ, ਗੁਰਨਿਵਾਜ ਸਿੰਘ ਪੁੱਤਰ ਗੁਰਜੋਤ ਸਿੰਘ, ਅਦਵਿਕ ਗੋਇਲ ਪੁੱਤਰ ਨਿਸ਼ਤ ਕੁਮਾਰ ਗੋਇਲ, ਜੈਕਸ ਅਗਰਵਾਲ ਪੁੱਤਰ ਮਨੀਸ਼ ਅਗਰਵਾਲ, ਅੰਸ਼ ਸਿੰਗਲਾ ਪੁੱਤਰ ਅਸ਼ੀਸ ਸਿੰਗਲਾ, ਰਿਤਿਸ਼ ਪੁੱਤਰ ਮਨੀਸ਼ ਕੁਮਾਰ ਅਤੇ ਲਵਰਾਜ ਪੁੱਤਰ ਸ਼ਿਵ ਕੁਮਾਰ ਸ਼ਾਮਲ ਸਨ। ਇਸ ਟੂਰਨਾਮੈਂਟ ਦੌਰਾਨ ਸ੍ਰੀਮਤੀ ਮਮਤਾ ਰਾਣੀ (ਪੀ.ਟੀ.ਆਈ., ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ, ਪਟਿਆਲਾ) ਅਤੇ ਸ੍ਰੀ ਮਨਪ੍ਰੀਤ ਸਿੰਘ (ਕੰਪਿਊਟਰ ਫੈਕਲਟੀ, ਸ.ਸ.ਸ.ਸ. ਸ਼ੇਰਮਾਜਰਾ, ਪਟਿਆਲਾ) ਵਿਸ਼ੇਸ਼ ਤੌਰ ਤੇ ਪਹੁੰਚੇ। ਸ੍ਰੀਮਤੀ ਮਮਤਾ ਰਾਣੀ ਜੀ ਨੇ ਖਿਡਾਰੀਆਂ ਨੂੰ ਸੰਬੋਧਤ ਕਰਦੇ ਹੋਏ ਕਿਹਾ ਕਿ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੀ ਜਿੰਦਗੀ ਬਹੁਤ ਜਰੂਰੀ ਹਨ ਕਿਉਂਕਿ ਖੇਡਾਂ ਮਨੁੱਖ ਦਾ ਸਰੀਰਿਕ ਅਤੇ ਮਾਨਸਿਕ ਵਿਕਾਸ ਕਰਦੀਆਂ ਹਨ। ਸ੍ਰੀਮਤੀ ਮਮਤਾ ਰਾਣੀ ਜੀ ਨੇ ਅਗੇ ਕਿਹਾ ਕਿ ਫੁੱਟਬਾਲ ਵਰਗੀਆਂ ਟੀਮ ਖੇਡਾਂ ਬੱਚਿਆਂ ਵਿੱਚ ਟੀਮ ਭਾਵਨਾ, ਆਪਸੀ ਸਹਿਯੋਗ ਅਤੇ ਇੱਕਜੁੱਟਤਾ ਵਰਗੇ ਗੁਣਾਂ ਦਾ ਵਿਕਾਸ ਕਰਦੀਆਂ ਹਨ। ਇਸ ਮੌਕੇ ਤੇ ਟੂਰਨਾਮੈਂਟ ਵਿੱਚ ਆਈਆਂ ਟੀਮਾਂ ਦੇ ਕੋਚ ਸਾਹਿਬਾਨ ਵੀ ਮੌਜੂਦ ਸਨ।

# ਸੀ.ਟੀ. ਯੂਨੀਵਰਸਿਟੀ ਨੇ ਦੁਸਹਿਰਾ 2025 ਮਨਾਇਆ ਇੰਟਰ-ਸਕੂਲ ਰਾਵਣ ਪੁਤਲਾ ਮੁਕਾਬਲੇ ਨਾਲ



**ਲੁਧਿਆਣਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ.ਟੀ. ਯੂਨੀਵਰਸਿਟੀ ਨੇ ਦਸਹਰਾ 2025 ਬੜੇ ਉਤਸ਼ਾਹ ਨਾਲ ਮਨਾਇਆ। ਡਿਵੀਜ਼ਨ ਆਫ ਸਟੂਡੈਂਟ ਵੈਲਫੇਅਰ ਵੱਲੋਂ ਇੰਟਰ-ਸਕੂਲ ਰਾਵਣ ਪੁਤਲਾ ਮੁਕਾਬਲੇ ਦਾ ਆਯੋਜਨ ਕੀਤਾ ਗਿਆ, ਜਿਸਦਾ ਥੀਮ ਅੱਜ ਦਾ ਰਾਵਣ ਕੌਣ ਰਿਹਾ।

ਵਿਦਿਆਰਥੀਆਂ ਨੇ ਆਪਣੀ ਕਲਾ ਅਤੇ ਟੀਮ ਵਰਕ ਰਾਹੀਂ ਸਮਾਜਕ ਬੁਰਾਈਆਂ ਖ਼ਿਲਾਫ਼ ਸੋਚ ਪ੍ਰਗਟ ਕੀਤੀ। ਜਿੱਤਣ ਵਾਲੇ ਸਕੂਲਾਂ ਵਿੱਚ ਸਕੂਲ ਆਫ ਡਿਜ਼ਾਈਨ ਐਂਡ ਇਨੋਵੇਸ਼ਨ, ਸਕੂਲ ਆਫ ਲਾ ਅਤੇ ਐਲਾਈਡ ਹੈਲਥ ਸਾਇੰਸਿਜ਼ ਸ਼ਾਮਿਲ ਰਹੇ।

ਇਸ ਮੌਕੇ ਤੇ ਵਾਈਸ ਚੇਅਰਮੈਨ ਸ਼੍ਰੀ ਹਰਪ੍ਰੀਤ ਸਿੰਘ, ਪ੍ਰੋ ਵਾਈਸ ਚਾਂਸਲਰ ਡਾ. ਸਿਮਰਨਜੀਤ ਕੌਰ ਗਿੱਲ ਅਤੇ DSW ਦੇ ਡਾਇਰੈਕਟਰ ਇ. ਦੁਵਿੰਦਰ ਸਿੰਘ ਵਿਸ਼ੇਸ਼ ਤੌਰ ’ਤੇ ਹਾਜ਼ਰ ਰਹੇ। ਚਾਂਸਲਰ ਸ. ਚਰਨਜੀਤ ਸਿੰਘ ਛੰਨੀ ਅਤੇ ਵਾਈਸ ਚਾਂਸਲਰ ਡਾ. ਨਿਤਿਨ ਟੰਡਨ ਨੇ ਵਿਦਿਆਰਥੀਆਂ ਦੀ ਰਚਨਾਤਮਕਤਾ ਅਤੇ ਉਤਸ਼ਾਹ ਦੀ ਪ੍ਰਸ਼ੰਸਾ ਕੀਤੀ। ਇਵੈਂਟ ਦਾ ਸਮਾਪਨ ਰੰਗੀਨ ਜਸ਼ਨਾਂ ਨਾਲ ਹੋਇਆ ਜੋ ਅਚਾਈ ਦੀ ਬੁਰਾਈ ’ਤੇ ਜਿੱਤ ਅਤੇ ਪਰੰਪਰਾ-ਸੱਭਿਆਚਾਰ ਦੇ ਅਸਲ ਰੂਪ ਨੂੰ ਉਭਾਰਦਾ ਰਿਹਾ।

# ਐਸ.ਡੀ.ਐਸ.ਈ. ਸਕੂਲ ਦੇ ਅਧਿਆਪਕ ਅਨਿਲ ਕੁਮਾਰ ਭਾਰਤੀ ਨੂੰ ਰਿਟਾਇਰ ਹੋਣ ’ਤੇ ਕੀਤਾ ਸਨਮਾਨਿਤ




**ਪਟਿਆਲਾ, 6 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਸਨਾਤਨ ਧਰਮ ਸਭਾ ਰਜਿਸਟਰਡ ਪਟਿਆਲਾ ਦੇ ਪ੍ਰਧਾਨ ਸ਼੍ਰੀ ਲਾਲ ਚੰਦ ਜਿੰਦਲ ਦੀ ਯੋਗ ਅਗਵਾਈ ਹੇਠ 25 ਸਾਲ ਇਸ ਇਤਿਹਾਸਕ ਸਕੂਲ ਦੀ ਸੇਵਾ ਕਰਨ ਤੋਂ ਬਾਅਦ ਸੇਵਾਮੁਕਤੀ ’ਤੇ, ਐਸ ਡੀ ਐਸ ਈ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਵਿਖੇ ਐਸ.ਐਸ ਐਸ ਮਾਸਟਰ ਅਨਿਲ ਕੁਮਾਰ ਭਾਰਤੀ ਨੂੰ ਰਸਮੀ ਤੌਰ ’ਤੇ ਸਨਮਾਨਿਤ ਕੀਤਾ ਗਿਆ। ਸਨਮਾਨ ਸਮਾਰੋਹ ਵਿੱਚ, ਸ਼੍ਰੀ ਸਨਾਤਨ ਧਰਮ ਸਭਾ ਦੇ ਉਪ ਪ੍ਰਧਾਨ ਪਵਨ ਕੁਮਾਰ ਜਿੰਦਲ, ਰਾਕੇਸ਼ ਕੁਮਾਰ, ਤ੍ਰਿਭੁਵਨ ਗੁਪਤਾ, ਐਨ.ਕੇ. ਜੈਨ, ਜਨਰਲ ਸਕੱਤਰ ਅਨਿਲ ਗੁਪਤਾ, ਮੈਨੇਜਰ ਇੰਜੀਨੀਅਰ ਐਮ.ਐਮ. ਸਿਆਲ, ਧਰਮ ਪ੍ਰਚਾਰ ਮੰਤਰੀ ਡਾ. ਐਨ.ਕੇ. ਸ਼ਰਮਾ, ਰਾਜ ਕੁਮਾਰ ਜੋਸ਼ੀ, ਧੀਰਜ ਅਗਰਵਾਲ, ਆਦਿ ਨੇ ਐਸ.ਐਸ. ਮਾਸਟਰ ਅਨਿਲ ਕੁਮਾਰ ਭਾਰਤੀ ਨੂੰ ਯਾਦਗਾਰੀ ਚਿੰਨ੍ਹ ਅਤੇ ਸੁਨਹਿਰੀ ਵਧਾਈ ਪੱਤਰ ਭੇਟ ਕਰਕੇ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ। ਇਸ ਮੌਕੇ ’ਤੇ ਆਪਣੇ ਭਾਵੁਕ ਭਾਸ਼ਣ ਵਿੱਚ, ਮੈਨੇਜਰ ਇੰਜੀਨੀਅਰ ਐਮ.ਐਮ. ਸਿਆਲ, ਜਨਰਲ ਸਕੱਤਰ ਅਨਿਲ ਗੁਪਤਾ, ਵਾਈਸ ਪ੍ਰਧਾਨ ਐਨ.ਕੇ. ਜੈਨ, ਧਰਮ ਪ੍ਰਚਾਰ ਮੰਤਰੀ ਡਾ. ਐਨ.ਕੇ. ਸ਼ਰਮਾ, ਅਤੇ ਪ੍ਰਿੰਸੀਪਲ ਰਿਪੁਦਮਨ ਸਿੰਘ ਨੇ ਆਪਣੇ ਅਧਿਆਪਕ ਅਨਿਲ ਭਾਰਤੀ ਦੀ ਸਨਾਤਨ ਧਰਮ ਸਭਾ ਅਤੇ ਐਸਡੀਐਸਈ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਪ੍ਰਤੀ ਕੀਤੀ ਗਈ ਸੇਵਾਵਾਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੇ ਸਿਹਤਮੰਦ ਭਵਿੱਖ ਲਈ ਪ੍ਰਾਰਥਨਾ ਕੀਤੀ। ਸੇਵਾਮੁਕਤ ਪ੍ਰਿੰਸੀਪਲ ਵੀ.ਕੇ. ਮੋਦੀ ਅਤੇ ਰਾਕੇਸ਼ ਕਪੂਰ ਨੇ ਤੋਹਫ਼ੇ ਭੇਟ ਕਰਦੇ ਹੋਏ ਅਨਿਲ ਭਾਰਤੀ ਨਾਲ ਆਪਣੇ ਸਮੇਂ ਨੂੰ ਯਾਦ ਕੀਤਾ। ਆਪਣੀਆਂ ਭਾਵਨਾਵਾਂ ਜ਼ਾਹਰ ਕਰਦੇ ਹੋਏ, ਅਨਿਲ ਕੁਮਾਰ ਭਾਰਤੀ ਨੇ ਆਪਣੇ ਅਨੁਭਵ ਸਾਂਝਾ ਕਰਦੇ ਹੋਏ ਕਿਹਾ ਕਿ ਉਹ 2000 ਵਿੱਚ ਇਸ ਇਤਿਹਾਸਕ ਸਕੂਲ ਵਿੱਚ ਇੱਕ ਜੇਬੀਟੀ ਅਧਿਆਪਕ ਵਜੋਂ ਆਏ ਸਨ ਅਤੇ ਹੁਣ ਇੱਕ ਐਸ ਐਸ ਮਾਸਟਰ ਵਜੋਂ ਸੇਵਾਮੁਕਤ ਹੋ ਰਹੇ ਹਨ। ਉਹ ਆਪਣੇ ਆਪ ਨੂੰ ਭਾਗਸ਼ਾਲੀ ਮੰਨਦੇ ਹਨ ਕਿ ਉਨ੍ਹਾਂ ਨੇ 25 ਸਾਲਾਂ ਤੱਕ ਇਸ ਇਤਿਹਾਸਕ ਸਕੂਲ ਦੀ ਸੇਵਾ ਕੀਤੀ ਹੈ। ਸਕੂਲ ਦੀ ਅਧਿਆਪਕ ਭਲਾਈ ਕਮੇਟੀ ਨੇ ਵੀ ਸ਼੍ਰੀ ਭਾਰਤੀ ਨੂੰ ਪਿਆਰ ਭਰੇ ਤੋਹਫ਼ੇ ਭੇਟ ਕੀਤੇ। ਇੱਕ ਵਧਾਈ ਪੱਤਰ ਵਿੱਚ, ਸਕੂਲ ਪ੍ਰਿੰਸੀਪਲ ਰਿਪੁਦਮਨ ਸਿੰਘ ਨੇ ਆਪਣੇ ਅਧਿਆਪਕ ਅਨਿਲ ਕੁਮਾਰ ਭਾਰਤੀ ਨੂੰ ਇੱਕ ਮਿਹਨਤੀ, ਇਮਾਨਦਾਰ ਅਤੇ ਨਰਮ ਬੋਲਣ ਵਾਲੇ ਅਧਿਆਪਕ ਦੱਸਿਆ, ਸਕੂਲ ਦੇ ਨਾਲ-ਨਾਲ ਦੇਸ਼, ਧਰਮ ਅਤੇ ਸਮਾਜ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਦਾ ਮਾਣ ਨਾਲ ਵਰਣਨ ਵੀ ਕੀਤਾ। ਅਧਿਆਪਕ ਯਤੀਂਦਰ ਕੁਮਾਰ ਅਤੇ ਨਵੀਨ ਕੁਮਾਰ ਨੇ ਵੀ ਭਾਰਤੀ ਸਰ ਨਾਲ ਬਿਤਾਏ ਚੰਗੇ ਪਲਾਂ ਨੂੰ ਸਾਹਿਤਕ ਢੰਗ ਨਾਲ ਬਿਆਨ ਕੀਤਾ। ਅੰਤ ਵਿੱਚ ਸਾਰਿਆਂ ਨੇ ਰਿਫਰੈਸ਼ਮੈਂਟ ਦਾ ਆਨੰਦ ਮਾਣਿਆ।

## ਸੰਪਾਦਕੀ

# ਦੇਸ਼ ਵਿਚ ਵੱਧ ਰਹੀ ਏ ਆਈ ਦੀ ਦੁਰਵਰਤੋਂ

ਗੁੰਝਲਦਾਰ ਡਿਜੀਟਲ ਦੁਨੀਆ ਜੋ ਮਸ਼ਹੂਰ ਹਸਤੀਆਂ ਨੂੰ ਦੁਨੀਆ ਭਰ ਵਿੱਚ ਲੱਖਾਂ ਪ੍ਰਸ਼ੰਸਕਾਂ ਤੱਕ ਪਹੁੰਚਣ ਦਾ ਵਿਰਾਟ ਮੰਚ ਮੁਹੱਈਆ ਕਰਦੀ ਹੈ, ਉਨ੍ਹਾਂ ਵਿੱਚੋਂ ਕੁਝ ਲਈ ਇਹ ਤੇਜ਼ੀ ਨਾਲ ਪਰੇਸ਼ਾਨੀ ਵੀ ਬਣ ਰਹੀ ਹੈ। ਰਚਨਾਤਮਕ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਮਾਡਲਾਂ ਦੀ ਵਰਤੋਂ ਇੰਟਰਨੈੱਟ ’ਤੇ ਅਪਲੋਡ ਕੀਤੀ ਗਈ ਇਤਰਾਜ਼ਯੋਗ ਜਾਂ ਗੁਮਰਾਹਕੁਨ ਸਮੱਗਰੀ ਤੋਂ ਪੈਸਾ ਕਮਾਉਣ ਲਈ ਬਹੁਤ ਜ਼ਿਆਦਾ ਕੀਤੀ ਜਾ ਰਹੀ ਹੈ। ਹੈਰਾਨੀ ਦੀ ਗੱਲ ਨਹੀਂ ਕਿ ਦੁਖੀ ਕਲਾਕਾਰ ਅਦਾਲਤਾਂ ਦਾ ਰੁਖ਼ ਕਰ ਰਹੇ ਹਨ। ਤੈਲਗੂ ਸਟਾਰ ਨਾਗਾਰਜੁਨ ਨੂੰ ਆਨਲਾਈਨ ਪਲੈਟਫਾਰਮਾਂ ’ਤੇ ਉਸ ਦੀ ਪਛਾਣ ਦੀ ਦੁਰਵਰਤੋਂ ਵਿਰੁੱਧ ਅੰਤਰਿਮ ਸੁਰੱਖਿਆ ਦਿੰਦੇ ਹੋਏ, ਦਿੱਲੀ ਹਾਈ ਕੋਰਟ ਨੇ ਟਿੱਪਣੀ ਕੀਤੀ ਹੈ ਕਿ ਸ਼ਿਕਾਇਤਕਰਤਾ ਨੂੰ ਗੁਮਰਾਹਕੁਨ, ਅਪਮਾਨਜਨਕ ਅਤੇ ਗ਼ੈਰ-ਵਾਜਿਬ ਹਾਲਾਤ ਵਿੱਚ ਦਰਸਾਉਣਾ ਲਾਜ਼ਮੀ ਤੌਰ ’ਤੇ ਉਸ ਨਾਲ ਜੁੜੀ ਨੇਕਨਾਮੀ ਅਤੇ ਸਾਖ਼ ਨੂੰ ਕਮਜ਼ੋਰ ਕਰੇਗਾ। ਇਹ ਕੋਈ ਅਤਿਕਥਨੀ ਨਹੀਂ ਹੈ ਕਿ ਏ ਆਈ ਨਾਲ ਤਿਆਰ ਕੀਤੇ ਵੀਡੀਓ ਜਾਂ ਡੀਪਫੇਕ ਮਸ਼ਹੂਰ ਹਸਤੀਆਂ ਦੇ ਜਨਤਕ ਅਕਸ ਲਈ ਆਰਜ਼ੀ ਤੇ ਸਥਾਈ ਖ਼ਤਰੇ ਪੈਦਾ ਕਰਦੇ ਹਨ; ਅਜਿਹੀ ਸਮੱਗਰੀ ਉਨ੍ਹਾਂ ਦੇ ਆਰਥਿਕ ਹਿੱਤਾਂ ਨੂੰ ਵੀ ਨੁਕਸਾਨ ਪਹੁੰਚਾਉਂਦੀ ਹੈ। ਨਾਗਾਰਜੁਨ ਦੇ ਮਾਮਲੇ ਵਿੱਚ ਤਿੰਨ ਤਰ੍ਹਾਂ ਦੀਆਂ ਉਲੰਘਣਾ ਸਾਹਮਣੇ ਆਈਆਂ ਹਨ: ਅਸ਼ਲੀਲ ਸਮੱਗਰੀ ਜਿਸ ਨੂੰ ਗ਼ਲਤ ਤਰੀਕੇ ਨਾਲ ਉਸ ਨਾਲ ਜੋੜਿਆ ਗਿਆ, ਅਣਅਧਿਕਾਰਤ ਵਪਾਰਕ ਵਰਤੋਂ ਅਤੇ ਉਸ ਦੀ ਦਿੱਖ ਦੀ ਦੁਰਵਰਤੋਂ ਕਰਨ ਵਾਲੀ ਏ ਆਈ ਰਾਹੀਂ ਤਿਆਰ ਸਮੱਗਰੀ। ਨਿਆਂਇਕ ਦਖਲ ਨੇ ਬਾਲੀਵੁੱਡ ਜੋੜੇ ਐਸ਼ਵਰਿਆ ਰਾਏ ਬੱਚਨ ਅਤੇ ਅਭਿਸ਼ੇਕ ਬੱਚਨ ਨੂੰ ਵੀ ਸੁੱਖ ਦਾ ਸਾਹ ਦਿਵਾਇਆ ਹੈ, ਕਿਉਂਕਿ ਅਦਾਲਤ ਨੇ ਡਿਜੀਟਲ ਪਲੈਟਫਾਰਮਾਂ ਨੂੰ ਉਨ੍ਹਾਂ ਦੇ ਨਾਂ, ਚਿੱਤਰਾਂ, ਆਵਾਜ਼ਾਂ ਅਤੇ ਹੋਰ ਭਾਵਾਂ ਦੀ ਅਣਅਧਿਕਾਰਤ ਵਰਤੋਂ ਕਰਨ ਤੋਂ ਰੋਕ ਦਿੱਤਾ ਹੈ। ਸਵਾਲ ਇਹ ਉੱਠਦਾ ਹੈ: ਕੀ ਅਦਾਲਤੀ ਹੁਕਮ ਪ੍ਰਭਾਵਸ਼ਾਲੀ ਰੋਕ ਵਜੋਂ ਕੰਮ ਕਰ ਸਕਦੇ ਹਨ ? ਇਤਰਾਜ਼ਯੋਗ ਸਮੱਗਰੀ ਨੂੰ ਹਟਾਉਣਾ ਅਧੂਰਾ ਉਪਾਅ ਹੈ। ਲੰਮੇ ਸਮੇਂ ’ਚ, ਇਸ ਬੁਰਾਈ ਨੂੰ ਰੋਕਣ ਲਈ ਤਕਨੀਕੀ ਅਤੇ ਕਾਨੂੰਨੀ ਸੁਰੱਖਿਆ ਉਪਾਵਾਂ ਦੀ ਲੋੜ ਹੈ। ਡੇਟਾ-ਸ਼ੇਅਰਿੰਗ ਨੀਤੀਆਂ ਜਿਹੜੀਆਂ ਖੁੱਲ੍ਹੀ ਛੋਟ ਦੀ ਸਹੂਲਤ ਦਿੰਦੀਆਂ ਹਨ, ਉਨ੍ਹਾਂ ਦੀ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਏ ਆਈ ਦਾ ਤੂਫ਼ਾਨ ਲਗਭਗ ਹਰ ਖੇਤਰ ਨੂੰ ਲਪੇਟ ਵਿਚ ਲੈ ਰਿਹਾ ਹੈ, ਚਾਹੇ ਉਹ ਸਿੱਖਿਆ ਹੋਵੇ ਜਾਂ ਫਿਰ ਮੀਡੀਆ, ਮਨੋਰੰਜਨ, ਖੇਤੀਬਾੜੀ ਜਾਂ ਵਿਗਿਆਨ ਤੇ ਤਕਨੀਕ; ਹਾਲਾਂਕਿ, ਪਾਸਾ ਪਲਟਣ ਵਾਲੇ ਇਸ ਸਾਧਨ ਦੀ ਦੁਰਵਰਤੋਂ ਇਸ ਦੇ ਬੇਸ਼ੁਮਾਰ ਫ਼ਾਇਦਿਆਂ ਨੂੰ ਫਿੱਕਾ ਕਰਨ ਦਾ ਜੋਖ਼ਿਮ ਪੈਦਾ ਕਰ ਰਹੀ ਹੈ। ਸਾਰੇ ਹਿੱਤ ਧਾਰਕਾਂ ਨੂੰ ਚਾਹੀਦਾ ਹੈ ਕਿ ਉਹ ਇਸ ਖ਼ਤਰਨਾਕ ਰੁਝਾਨ ਨੂੰ ਨਿੰਦਣ ਤੇ ਰੋਕਣ। ਨੇਕ ਇਰਾਦਾ ਰੱਖਦੇ ਵਰਤੋਂਕਾਰ ‘ਡੀਪਫੇਕਸ’ ਦੇ ਪ੍ਰਸਾਰ ਨੂੰ ਰੋਕਣ ਲਈ ਆਪਣਾ ਹਿੱਸਾ ਪਾ ਸਕਦੇ ਹਨ- ਬਿਨਾਂ ਸੋਚੇ-ਸਮਝੇ ਸਮੱਗਰੀ ਅੱਗੇ ਭੇਜਣ ਤੋਂ ਪਰਹੇਜ਼ ਕਰੋ ਅਤੇ ਜੋ ਵੀ ਤੁਸੀਂ ਆਨਲਾਈਨ ਦੇਖਦੇ, ਪੜ੍ਹਦੇ ਜਾਂ ਸੁਣਦੇ ਹੋ, ਉਸ ਨੂੰ ਥੋੜ੍ਹਾ ਜਿਹਾ ਜਾਂ ਇਸ ਦੀ ਥਾਂ, ਪੂਰੇ ਸੰਦੇਹ ਨਾਲ ਪਰਖੋ।

# ਸਾਈਬਰ ਅਪਰਾਧ ਦੀਆਂ ਘਟਨਾਵਾਂ ਵਿੱਚ 31.2 ਫ਼ੀਸਦੀ ਦਾ ਤਿੱਖਾ ਵਾਧਾ

ਕੌਮੀ ਅਪਰਾਧ ਰਿਕਾਰਡ ਬਿਊਰੋ (ਐੱਨ ਸੀ ਆਰ ਬੀ) ਦੁਆਰਾ ਜਾਰੀ ਕੀਤੀ ਤਾਜ਼ਾ ਰਿਪੋਰਟ ਵਿੱਚ ਕੁਝ ਬਹੁਤ ਮਹੱਤਵਪੂਰਨ ਅੰਕੜੇ ਹਨ। 2023 ਵਿੱਚ ਸਾਈਬਰ ਅਪਰਾਧ ਦੀਆਂ ਘਟਨਾਵਾਂ ਵਿੱਚ 31.2 ਫ਼ੀਸਦੀ ਦਾ ਤਿੱਖਾ ਵਾਧਾ ਦੇਖਣ ਨੂੰ ਮਿਲਿਆ ਹੈ। ਅਗਲੇ ਸਾਲਾਂ ਲਈ ਇਹ ਅੰਕੜੇ ਯਕੀਨੀ ਤੌਰ ’ਤੇ ਇਸ ਤੋਂ ਕਿਤੇ ਵੱਧ ਹੋਣਗੇ। ਇਹ ਤੱਥ ਇਸ ਗੱਲ ਦੀ ਗਵਾਹੀ ਹੈ ਕਿ ਆਨਲਾਈਨ ਧੋਖਾਧੜੀ ਨਾਲ ਨਜਿੱਠਣਾ ਕਿੰਨਾ ਮੁਸ਼ਕਿਲ ਹੋ ਰਿਹਾ ਹੈ। ਅਨੁਸੂਚਿਤ ਕਬੀਲਿਆਂ ਵਿਰੁੱਧ ਅਪਰਾਧਾਂ ਵਿੱਚ 28 ਫ਼ੀਸਦੀ ਦਾ ਵਾਧਾ ਹੋਇਆ ਹੈ। ਮਈ 2023 ਤੋਂ ਨਸਲੀ ਹਿੰਸਾ ਨਾਲ ਜੂਝ ਰਹੇ ਮਨੀਪੁਰ ਵਿੱਚ ਸਭ ਤੋਂ ਵੱਧ ਅਸਰ ਦੇਖਣ ਨੂੰ ਮਿਲਿਆ- ਇਸ ਸ਼੍ਰੇਣੀ ਅਧੀਨ 2022 ਵਿੱਚ ਸਿਰਫ਼ ਇੱਕ ਕੇਸ ਦਰਜ ਹੋਣ ਦੇ ਮੁਕਾਬਲੇ, ਇੱਥੇ 3399 ਕੇਸ ਦਰਜ ਹੋਏ ਹਨ। ਇਹ ਯਾਦ ਕਰਾਉਂਦਾ ਹੈ ਕਿ ਉੱਤਰ-ਪੂਰਬੀ ਰਾਜ ਵਿੱਚ ਦਰਾੜਾਂ ਬਹੁਤ ਡੂੰਘੀਆਂ ਹਨ ਅਤੇ ਹਾਲਾਤ ਆਮ ਕਰਨ ਲਈ ਲਗਾਤਾਰ ਯਤਨਾਂ ਦੀ ਬਹੁਤ ਲੋੜ ਹੈ। 2023 ਵਿੱਚ ਦਿੱਲੀ ’ਚ ਜਬਰ-ਜਨਾਹ ਦੇ 1088 ਕੇਸ ਦਰਜ ਹੋਏ, ਜੋ 19 ਮਹਾਨਗਰਾਂ ਵਿੱਚੋਂ ਸਭ ਤੋਂ ਵੱਧ ਹਨ। ਸਮੁੱਚੇ ਤੌਰ ’ਤੇ ਔਰਤਾਂ ਵਿਰੁੱਧ ਅਪਰਾਧਾਂ ਵਿੱਚ 2022 ਦੇ ਮੁਕਾਬਲੇ 5.59 ਫ਼ੀਸਦੀ ਦੀ ਕਮੀ ਆਈ ਹੈ। ਇਸ ਸ਼੍ਰੇਣੀ ’ਚ ਅਪਰਾਧਾਂ ਦੀ ਰਿਪੋਰਟ ਕਾਫ਼ੀ ਘੱਟ ਹੋਣ ਨੂੰ ਧਿਆਨ ਵਿੱਚ ਰੱਖਦਿਆਂ ਇਹ ਅੰਕੜੇ ਡੂੰਘੀ ਚਿੰਤਾ ਦਾ ਵਿਸ਼ਾ ਹਨ। ਅਪਰਾਧਾਂ ਦੇ ਅੰਕੜਿਆਂ ਨੂੰ ਇਕੱਠਾ ਕਰਨ ਅਤੇ ਮੇਲਣ ਲਈ ਕੌਮੀ ਪ੍ਰਣਾਲੀ ਦੇ ਤੌਰ ’ਤੇ, ਐੱਨ ਸੀ ਆਰ ਬੀ ਰਿਪੋਰਟ ਮਹੱਤਵਪੂਰਨ ਰਾਹ ਮੁਹੱਈਆ ਕਰਦੀ ਹੈ।

ਸਵਾਲ ਇਹ ਹੈ ਕਿ ਕੀ ਇਹ ਨੀਤੀਆਂ ’ਤੇ ਮੁੜ ਵਿਚਾਰ ਕਰਨ ਲਈ ਮਜਬੂਰ ਕਰਦੀ ਹੈ ? ਇੱਕ ਵਿਚਾਰ ਤਾਂ ਉਹ ਹੈ ਜੋ ਅੰਕੜਿਆਂ ਨੂੰ ਵੱਖੋ-ਵੱਖਰਾ ਕਰ ਕੇ ਦੇਖਣ ਵਿਰੁੱਧ ਚਿਤਾਵਨੀ ਦਿੰਦਾ ਹੈ। ਇਸ ’ਤੇ ਵੀ ਜ਼ੋਰ ਦਿੱਤਾ ਜਾਂਦਾ ਹੈ ਕਿ ਜੀਵਨ ਅਤੇ ਅਪਰਾਧਾਂ ਦੇ ਆਪਸੀ ਸਬੰਧ ਦੀ ਵਿਆਪਕ ਸਮਝ ਜ਼ਰੂਰੀ ਹੈ। ਇਸ ਲਈ ਸਿਰਫ਼ ਅੰਕੜਿਆਂ ਨੂੰ ਗਿਣਾਤਮਕ ਤੌਰ ’ਤੇ ਇਕੱਠਾ ਕਰਨ ਦੀ ਹੀ ਲੋੜ ਨਹੀਂ, ਸਗੋਂ ਗੁਣਾਤਮਕ ਮੁਲਾਂਕਣ ਦੀ ਵੀ ਲੋੜ ਹੈ; ਜਿਵੇਂ, ਲੋਕਾਂ ਅਤੇ ਸੰਸਥਾਵਾਂ ਨੂੰ ਪ੍ਰਭਾਵਿਤ ਕਰਨ ਵਾਲੇ ਸਮਾਜਿਕ-ਰਾਜਨੀਤਕ ਕਾਰਕਾਂ ਦਾ ਅਧਿਐਨ ਕਰਨਾ ਅਤੇ ਕੁਝ ਹੋਰ ਨੁਕਤੇ। ਵਿਕਾਸ ਦਾ ਪੱਧਰ, ਨਿਆਂਪਾਲਿਕਾ ਦਾ ਕੰਮਕਾਜ ਅਤੇ ਪੁਲੀਸ ਦੀ ਭੂਮਿਕਾ ਸਾਰੇ ਮਹੱਤਵਪੂਰਨ ਪਹਿਲੂ ਹਨ ਜਿਨ੍ਹਾਂ ’ਤੇ ਵਿਚਾਰ ਕਰਨ ਦੀ ਲੋੜ ਹੈ।

ਉਂਝ, ਪਿਛੋਕੜ ਅਤੇ ਪ੍ਰਸੰਗ ਦੀ ਸਮਝ ਤੋਂ ਬਿਨਾਂ, ਸੱਚ ਦੇ ਪ੍ਰਤੀਕ ਵਜੋਂ ਅੰਕੜੇ ਗੁਮਰਾਹਕੁਨ ਵੀ ਹੋ ਸਕਦੇ ਹਨ। ਅਪਰਾਧ ਰਿਕਾਰਡ ਬਿਊਰੋ ਦੀ ਰਿਪੋਰਟ ਸ਼ਾਇਦ ਕੋਈ ਮੁਕੰਮਲ ਤਸਵੀਰ ਪੇਸ਼ ਨਾ ਕਰੇ, ਪਰ ਇਹ ਮਹੱਤਵਪੂਰਨ ਸੰਕੇਤ ਜ਼ਰੂਰ ਦਿੰਦੀ ਹੈ। ਹੁਣ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਅੰਕੜਿਆਂ ਦੀ ਬਿਹਤਰ ਵਰਤੋਂ ਕਿਵੇਂ ਕੀਤੀ ਜਾਵੇ ਤਾਂ ਕਿ ਇਨ੍ਹਾਂ ਘਟਨਾਵਾਂ ’ਤੇ ਕਾਬੂ ਪਾਉਣ ਜਾਂ ਇਨ੍ਹਾਂ ਨੂੰ ਠੱਲ੍ਹ ਪਾਉਣ ਲਈ ਕਾਰਗਰ ਕਾਰਵਾਈ ਕੀਤੀ ਜਾ ਸਕੇ। ਇਹ ਮਸਲਾ ਬਹੁਤ ਸੰਵੇਦਨਸ਼ੀਲ ਹੈ ਅਤੇ ਇਸ ਪਾਸੇ ਪਹਿਲ ਦੇ ਆਧਾਰ ’ਤੇ ਧਿਆਨ ਕੇਂਦਰਤ ਕਰਨ ਦੀ ਲੋੜ ਹੈ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਕਿਸਾਨੀ ਮੁੱਦਿਆ ਨੂੰ ਲੈਕੇ ਐਸ, ਡੀ, ਐਮ ਪਾਤੜਾਂ ਨੂੰ ਦਿੱਤਾ ਮੰਗ ਪੱਤਰ

**ਪਾਤੜਾਂ,6 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਪਾਤੜਾਂ ਦੀ ਲੀਡਰਸ਼ਿਪ ਨੇ ਕਿਸਾਨਾਂ ਨੂੰ ਦਰਪੇਸ਼ ਗੰਭੀਰ ਮੁਸ਼ਕਿਲਾਂ ਦੇ ਹੱਲ ਲਈ ਐਸ.ਡੀ.ਐੱਮ. ਪਾਤੜਾਂ ਨੂੰ ਮੰਗ ਪੱਤਰ ਸੌਂਪਿਆ। ਮੰਗ ਪੱਤਰ ਵਿੱਚ ਮੁੱਖ ਤੌਰ ’ਤੇ ਪਰਾਲੀ ਦੇ ਨਿਪਟਾਰੇ, ਝੋਨੇ ਦੇ ਬੌਣੇ ਰੋਗ ਕਾਰਨ ਹੋਏ ਨੁਕਸਾਨ ਅਤੇ ਡੀ.ਏ.ਪੀ. ਖਾਦ ਦੀ ਕਮੀ ਦੇ ਮਸਲੇ ਉਠਾਏ ਗਏ।



ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਗੁਰਵਿੰਦਰ ਸਿੰਘ ਦੇਧਨਾ ਅਤੇ ਜਿਲ੍ਹਾ ਆਗੂ ਮਹਿੰਦਰ ਸਿੰਘ ਖਾਂਗ ਨੇ ਦੱਸਿਆ ਕਿ ਝੋਨੇ ਦੀ ਕਟਾਈ ਸ਼ੁਰੂ ਹੋ ਚੁੱਕੀ ਹੈ, ਪਰ ਸਰਕਾਰ ਵੱਲੋਂ ਬਲਾਕ ਦੇ ਪਿੰਡਾਂ ਨੂੰ ਪਰਾਲੀ ਦੇ ਨਿਪਟਾਰੇ ਲਈ ਲੋੜੀਂਦੇ ਬੇਲਰ ਜਾਂ ਹੋਰ ਮਸ਼ੀਨਰੀ ਮੁਹੱਈਆ ਨਹੀਂ ਕਰਵਾਈ ਗਈ। ਉਨ੍ਹਾਂ ਦੋਸ਼ ਲਾਇਆ ਕਿ ਇੱਕ ਪਾਸੇ ਮਸ਼ੀਨਰੀ ਨਹੀਂ ਮਿਲ ਰਹੀ, ਦੂਜੇ ਪਾਸੇ ਮਜਬੂਰਨ ਪਰਾਲੀ ਸਾੜਨ ਵਾਲੇ ਕਿਸਾਨਾਂ ਉੱਪਰ ਕਾਰਵਾਈ ਕਰਨ ਦੇ ਹੁਕਮ ਸੁਣਾਏ ਜਾ ਰਹੇ ਹਨ, ਜੋ ਕਿ ਕਿਸਾਨ ਵਿਰੋਧੀ ਹਨ। ਯੂਨੀਅਨ ਨੇ ਐਸ਼ ,ਡੀ, ਐਮ ਅਸ਼ੋਕ ਕੁਮਾਰ ਪਾਤੜਾਂ ਨੂੰ ਪਿੰਡਾਂ ਵਿੱਚ ਤੁਰੰਤ ਮਸ਼ੀਨਰੀ ਮੁਹੱਈਆ ਕਰਵਾਉਣ ਦੀ ਮੰਗ ਕੀਤੀ, ਤਾਂ ਜੋ ਕਿਸਾਨ ਸਹੀ ਢੰਗ ਨਾਲ ਪਰਾਲੀ ਦਾ ਨਿਪਟਾਰਾ ਕਰ ਸਕਣ।

ਉਨ੍ਹਾਂ ਕਿਹਾ ਕਿ ਇਸ ਸਾਲ ਝੋਨੇ ਦੀ ਫ਼ਸਲ ਵਿੱਚ ਬੌਣੇ ਰੋਗ ਕਾਰਨ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਖ਼ਾਸ ਕਰਕੇ ਉਨ੍ਹਾਂ ਕਿਸਾਨਾਂ ਲਈ ਇਹ ਸਥਿਤੀ ਹੋਰ ਵੀ ਗੰਭੀਰ ਹੈ ਜਿਨ੍ਹਾਂ ਨੇ ਮਹਿੰਗੇ ਠੇਕੇ ’ਤੇ ਜ਼ਮੀਨਾਂ ਲੈ ਕੇ ਫ਼ਸਲ ਬੀਜੀ ਸੀ। ਰੋਗ ਤੋਂ ਪ੍ਰਭਾਵਿਤ ਫ਼ਸਲ ਵਿੱਚ ਦਾਣਾ ਬਿਲਕੁਲ ਨਹੀਂ ਪੈਦਾ ਹੋ ਰਿਹਾ, ਜਿਸ ਕਾਰਨ ਫ਼ਸਲ ਦਾ ਝਾੜ ਲਗਭਗ ਜ਼ੀਰੋ ਹੋ ਗਿਆ ਹੈ। ਕੁੱਝ ਕਿਸਾਨਾਂ ਨੂੰ ਤਾਂ ਮਜਬੂਰੀ ਵੱਸ ਖੜ੍ਹੀ ਫ਼ਸਲ ਨੂੰ ਵਾਹੁਣਾ ਵੀ ਪਿਆ, ਪਰ ਸਮਾਂ ਲੰਘ ਜਾਣ ਕਾਰਨ ਉਹ ਦੁਬਾਰਾ ਬਿਜਾਈ ਨਹੀਂ ਕਰ ਸਕੇ। ਜਥੇਬੰਦੀ ਨੇ ਇਸ ਗੰਭੀਰ ਵਿੱਤੀ ਸੰਕਟ ਨੂੰ ਦੇਖਦੇ ਹੋਏ ਮੰਗ ਕੀਤੀ ਕਿ ਸਰਕਾਰ ਤੁਰੰਤ ਸਪੈਸ਼ਲ ਗਿਰਦਾਵਰੀ ਕਰਵਾ ਕੇ, ਨੁਕਸਾਨੇ ਗਏ ਕਿਸਾਨਾਂ ਨੂੰ ਯੋਗ ਅਤੇ ਤੁਰੰਤ ਮੁਆਵਜ਼ਾ ਦੇਵੇ ਤਾਂ ਜੋ ਉਨ੍ਹਾਂ ਨੂੰ ਸੰਕਟ ਵਿੱਚੋਂ ਕੱਢਿਆ ਜਾ ਸਕੇ।

ਜ਼ਿਲ੍ਹਾ ਸਕੱਤਰ ਦਲਜਿੰਦਰ ਸਿੰਘ ਹਰਿਆਊ ਅਤੇ ਜਿਲ੍ਹਾ ਆਗੂ ਰਘਵੀਰ ਸਿੰਘ ਨਿਆਲ ਨੇ ਕਿਹਾ ਕਿ ਹਾੜੀ ਦੀਆਂ ਫ਼ਸਲਾਂ ਲਈ ਡੀ.ਏ.ਪੀ. ਖਾਦ ਦੀ ਬਹੁਤ ਕਮੀ ਹੈ । ਉਨ੍ਹਾਂ ਕਿਹਾ ਕਿ ਕਣਕ ਦੀ ਬਿਜਾਈ ਲਈ ਖਾਦ ਦੀ ਬਹੁਤ ਜ਼ਰੂਰਤ ਹੈ, ਪਰ ਪਿਛਲੇ ਸਾਲ ਤੋਂ ਬਾਅਦ ਪਿੰਡਾਂ ਦੀਆਂ ਸੋਸਾਇਟੀਆਂ ਵਿੱਚ ਡੀ.ਏ.ਪੀ. ਖਾਦ ਦੀ ਸਪਲਾਈ ਬਿਲਕੁਲ ਨਹੀਂ ਆਈ। ਉਨ੍ਹਾਂ ਮੰਗ ਕੀਤੀ ਕਿ ਸਮੇਂ ਸਿਰ ਕਣਕ ਦੀ ਬਿਜਾਈ ਲਈ ਡੀ.ਏ.ਪੀ. ਖਾਦ ਦੀ ਲੋੜੀਂਦੀ ਸਪਲਾਈ ਤੁਰੰਤ ਯਕੀਨੀ ਬਣਾਈ ਜਾਵੇ। ਇਸ ਹਾਲਤ ਵਿਚ ਪ੍ਰਾਈਵੇਟ ਵਿਕਰੇਤਾ ਖਾਦ ਨੂੰ ਮਹਿੰਗੇ ਭਾਅ ਵਿੱਚ ਵੇਚ ਕੇ ਅਤੇ ਨਾਲ ਨੈਨੋ ਪੈਕਿੰਗ ਅਤੇ ਹੋਰ ਵਸਤਾਂ ਲਗਾ ਕੇ ਕਿਸਾਨਾਂ ਦੀ ਦੋਹਰੀ ਲੁੱਟ ਕਰ ਰਹੇ ਹਨ।

ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਖਾਦ ਦੀ ਸਪਲਾਈ ਯਕੀਨੀ ਨਾ ਬਣਾਈ ਗਈ ਅਤੇ ਖਾਦ ਉੱਪਰ ਕਾਲਾ ਬਜਾਰੀ ਨਹੀਂ ਰੋਕੀ ਗਈ ਤਾਂ ਸਰਕਾਰ ਨੂੰ ਕਿਸਾਨਾਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਦੀਪ ਸਿੰਘ ਖਾਂਗ, ਕੁਲਦੀਪ ਸਿੰਘ ਨੰਬਰਦਾਰ, ਸੁਖਚੈਨ ਸਿੰਘ ਹਰਿਆਊ ਅਤੇ ਮੰਨੂ ਵਿਰਕ ਆਦਿ ਹਾਜ਼ਰ ਸਨ।

# ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ਼ ਪਾਉਣ ਦਾ ਕੰਮ ਸ਼ੁਰੂ ਕਰਵਾਇਆ

**ਬਟਾਲਾ,6 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਨੌਸ਼ਹਿਰਾ ਮੱਝਾ ਸਿੰਘ ਦੇ ਵਾਸੀਆਂ ਦੀ ਦਹਾਕਿਆਂ ਪੁਰਾਣੀ ਮੰਗ ਪੂਰੀ ਕੀਤੀ ਹੈ। ਉਨ੍ਹਾਂ ਵਲੋਂ ਅੱਜ ਪਿੰਡ ਵਾਸੀਆਂ ਦੀ ਮੌਜੂਦਗੀ ਵਿੱਚ ਸੀਵਰੇਜ਼ ਪਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ।

ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪਿੰਡ ਵਾਸੀਆਂ ਵਲੋਂ ਦੱਸਿਆ ਹੈ ਕਿ ਲਗਭਗ ਦੇਸ਼ ਆਜਾਦ ਹੋਣ ਤੋਂ ਬਾਅਦ ਇਥੇ ਸੀਵਰੇਜ਼ ਪਾਉਣ ਦਾ ਕੰਮ ਨਹੀਂ ਕਰਵਾਇਆ ਗਿਆ ਸੀ ਅਤੇ ਲੋਕ ਬਹੁਤ ਮਾੜੇ ਹਾਲਾਤਾਂ ਵਿੱਚ ਆਪਣਾ ਜੀਵਨ ਬਸਰ ਕਰ ਰਹੇ ਸਨ। ਪਰ ਹੁਣ ਨੌਸ਼ਹਿਰਾ ਮੱਝਾ ਸਿੰਘ ਵਾਸੀਆਂ ਦੀ ਵਿਧਾਇਕ ਸ਼ੈਰੀ ਕਲਸੀ ਨੇ ਬਾਂਹ ਫ਼ੜੀ ਹੈ ਅਤੇ ਉਨ੍ਹਾਂ ਵਲੋਂ ਸੀਵਰੇਜ਼ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਜਦ ਉਹ ਧੰਨ ਧੰਨ ਮਹਾਰਾਜ ਕਿਲੇ ਵਾਲੇ ਪਾਤਸ਼ਾਹ ਜੀ ਵਿਖੇ ਨਤਮਸਤਕ ਹੋਣ ਆਏ ਸਨ ਤਾਂ ਪਿੰਡ ਵਾਸੀਆਂ ਨੇ ਸੀਵਰੇਜ਼ ਨਾ ਪੈਣ ਕਾਰਨ ਆ ਰਹੀਆਂ ਮੁਸ਼ਕਿਲਾਂ ਬਾਰੇ ਦੱਸਿਆ ਸੀ ਅਤੇ ਅੱਜ ਉਨ੍ਹਾਂ ਵਲੋਂ ਪਿੰਡ ਵਾਸੀਆਂ ਦੇ ਵਿਸ਼ਵਾਸ ’ਤੇ ਖਰਾ ਉੱਤਰਦਿਆਂ ਸੀਵਰੇਜ਼ ਪਾਉਣ ਦਾ ਕੰਮ ਸ਼ੁਰੂ ਕਰਵਾਇਆ ਹੈ, ਜਿਸ ਨਾਲ ਉਨ੍ਹਾਂ ਨੂੰ ਬਹੁਤ ਤਸੱਲੀ ਮਿਲੀ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਪਹਿਲੇ ਪੜਾਅ ਵਿੱਚ 50 ਲੱਖ ਰੁਪਏ ਦੀ ਲਾਗਤ ਨਾਲ ਕੰਮ ਸ਼ੁਰੂ ਕਰਵਾਇਆ ਗਿਆ ਹੈ ਅਤੇ ਸੀਵਰੇਜ਼ ਮੁਕੰਮਲ ਹੋਣ ਤੱਕ ਪੈਸਿਆਂ ਦੀ ਕੋਈ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਕਰੀਬ 1 ਕਰੋੜ ਰੁਪਏ ਦੀ ਲਾਗਤ ਨਾਲ ਕਸਬਾ ਨੌਸ਼ਹਿਰਾ ਮੱਝਾ ਸਿੰਘ ਵਿਖੇ ਲੋਕਾਂ ਨੂੰ ਸਾਫ਼-ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਵਾਟਰ ਸਪਲਾਈ ਦਾ ਕੰਮ ਕਰਵਾਇਆ ਗਿਆ ਹੈ ਅਤੇ ਉਹ ਪਿੰਡ ਵਾਸੀਆਂ ਦੀਆਂ ਮੁਸ਼ਕਿਲਾਂ ਹੱਲ ਕਰਵਾਉਣ ਲਈ ਵਚਨਬੱਧ ਹਨ।

ਇਸ ਮੌਕੇ ਮਨਦੀਪ ਸਿੰਘ ਗਿੱਲ, ਜ਼ਿਲ੍ਹਾ ਯੂਥ ਆਗੂ ਗੁਰਦਾਸਪੁਰ ਨੇ ਵਿਧਾਇਕ ਸ਼ੈਰੀ ਕਲਸੀ ਦਾ ਪਿੰਡ ਵਾਸੀਆਂ ਵਲੋਂ ਧੰਨਵਾਦ ਕਰਦਿਆਂ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੇ ਯਤਨਾਂ ਸਦਕਾ ਪਿੰਡ ਵਾਲਿਆਂ ਨੂੰ ਵੱਡੀ ਰਾਹਤ ਮਿਲੀ ਹੈ।ਉਨ੍ਹਾਂ ਅੱਗੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਵਲੋਂ ਹਲਕੇ ਦੇ ਪਿੰਡਾਂ ਦਾ ਪਾਰਦਰਸ਼ੀ ਢੰਗ ਨਾਲ ਵਿਕਾਸ ਕਰਾਜ ਕਰਵਾਇਆ ਜਾ ਰਿਹਾ ਹੈ। ਪਿੰਡਾਂ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਮੰਤਵ ਨਾਲ ਖੇਡ ਮੈਦਾਨ ਉਸਾਰੇ ਗਏ ਹਨ। ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜਾਂ ਦਾ ਨਵੀਨੀਕਰਨ ਆਦਿ ਕੀਤਾ ਗਿਆ ਹੈ।

ਇਸ ਮੌਕੇ ਬਾਬਾ ਕਿਰਪਾਲ ਸਿੰਘ ਜੀ ਚੰਡੀਗੜ੍ਹ ਵਾਲਿਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਪਿੰਡ ਵਾਸੀਆਂ ਨੂੰ ਇਹ ਵੱਡ ਆਕਾਰੀ ਤੋਹਫਾ ਦੇਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਾਰੀ ਸੰਗਤ ਤਰਫੋਂ ਉਨ੍ਹਾਂ ਦਾ ਧੰਨਵਾਦ ਕਰਦੇ ਹਨ। ਉਨ੍ਹਾਂ ਦੱਸਿਆ ਕਿ ਹਰ ਸਾਲ ਧੰਨ ਧੰਨ ਮਹਾਰਾਜ ਕਿਲੇ ਵਾਲੇ ਪਾਤਸ਼ਾਹ ਜੀ, ਨੌਸ਼ਹਿਰਾ ਮੱਝਾ ਸਿੰਘ ਵਿਖੇ ਲੱਗਦੇ ਮੇਲੇ ਵਿੱਚ ਲੱਖਾਂ ਦੀ ਤਦਾਦ ਵਿੱਚ ਸੰਗਤਾਂ ਦੇਸ਼-ਵਿਦੇਸ਼ ਵਿੱਚੋਂ ਆਉਂਦੀਆਂ ਹਨ ਪਰ ਸੀਵਰੇਜ਼ ਨਾ ਪੈਣ ਕਰਕੇ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਪਰ ਹੁਣ ਵਿਧਾਇਕ ਸ਼ੈਰੀ ਕਲਸੀ ਨੇ ਪਿੰਡ ਵਾਸੀਆਂ ਲਈ ਵੱਡਾ ਕਾਰਜ ਕੀਤਾ ਹੈ, ਜੋ ਵਧਾਈ ਦੇ ਪਾਤਰ ਹਨ।ਇਸ ਮੌਕੇ ਮਨਦੀਪ ਸਿੰਘ ਗਿੱਲ ਜਿਲ੍ਹਾ ਯੂਥ ਪ੍ਰਧਾਨ ਗੁਰਦਾਸਪੁਰ, ਬਾਬਾ ਕਿਰਪਾਲ ਸਿੰਘ ਜੀ ਚੰਡੀਗੜ੍ਹ ਵਾਲੇ, ਐਸ.ਡੀ.ਓ ਰਛਪਾਲ ਸਿੰਘ, ਕੁਲਦੀਪ ਸਿੰਘ ਜੱਜ, ਕੇਵਲ ਸਿੰਘ ਲਾਡੀ, ਜਸਪ੍ਰੀਤ ਸਿੰਘ ਜੱਸ, ਮੰਗਲਜੀਤ ਸਿੰਘ ਸਰਪੰਚ ਅਠਵਾਲ, ਹੈਪੀ ਸਰਪੰਚ ਸੁਚੇਤਗੜ, ਰਾਜਬੀਰ ਸਿੰਘ ਸਰਪੰਚ ਨੌਸ਼ਹਿਰਾ ਮੱਝਾ ਸਿੰਘ, ਕੈਪਟਨ ਨਰਿੰਦਰ ਸਿੰਘ ਰਾਮਪੁਰ, ਹਰਮੀਤ ਸਿੰਘ ਸਰਪੰਚ ਚੂਹੜ ਚੱਕ, ਰਾਕੇਸ਼ ਸੁਚੇਤਗੜ, ਸਰਬਜੀਤ ਸੰਤ ਨਗਰ, ਸੁਖਵਿੰਦਰ ਸਿੰਘ ਬੰਟੀ, ਅਮਨਦੀਪ ਸਿੰਘ ਗਿੱਲ, ਹੈਪੀ ਮੋਮਨ, ਰਾਜਬੀਰ ਸਿੰਘ ਅਤੇ ਗੁਰਦੀਪ ਸਿੰਘ ਸਮੇਤ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ।



# ਲਾਲਜੀਤ ਸਿੰਘ ਭੁੱਲਰ ਵੱਲੋ ਹੜ ਪ੍ਰਭਾਵਿਤ ਪਿੰਡ ਪਾਰਲੇ ਜੱਲੋਕੇ ਵਿਖੇ ਰਾਸ਼ਨ ਕਿੱਟਾਂ, ਗੱਦੇ, ਫੀਡ, ਚੋਕਰ ਵੰਡੇ ਗਏ



**ਤਰਨ ਤਾਰਨ, 6 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਵੱਲੋ ਪੱਟੀ ਹਲਕੇ ਦੇ ਹੜ ਪ੍ਰਭਾਵਿਤ ਪਿੰਡ ਪਾਰਲੇ ਜੱਲੋਕੇ ਵਿਖੇ ਰਾਸ਼ਨ ਕਿੱਟਾਂ, ਗੱਦੇ, ਫੀਡ, ਚੋਕਰ ਵੰਡੇ ਗਏ ਅਤੇ ਪਿੰਡ ਵਿੱਚ
ਫੋਗਿੰਗ ਮਸ਼ੀਨ ਵੀ ਚਲਾਈ ਗਈ।

ਇਸ ਮੌਕੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਆਖਿਆ ਕੀ ਪੰਜਾਬ ‘ਚ ਹੜ੍ਹਾਂ ਦੌਰਾਨ ਲੋਕਾਂ ਦੀ ਜ਼ਿੰਦਗੀ ਤੇ ਸੁਰੱਖਿਆ ਨੂੰ ਪਹਿਲ ਦਿੱਤੀ ਗਈ। ਸਰਕਾਰ ਨੇ ਲੋਕਾਂ ਨੂੰ ਇਕੱਲਾ ਨਹੀਂ ਛੱਡਿਆ। ਉਹਨਾਂ ਕਿਹਾ ਕਿ ਨੁਕਸਾਨ ਦੀ ਭਰਪਾਈ, ਮੁੜ ਵਸੇਬੇ ਤੇ ਵਿਕਾਸ ਲਈ ਪ੍ਰਸ਼ਾਸਨ ਤੇ ਨੁਮਾਇੰਦੇ ਪੂਰੀ ਤਰ੍ਹਾਂ ਜ਼ਮੀਨੀ ਪੱਧਰ ‘ਤੇ ਕੰਮ ਕਰ ਰਹੇ ਹਨ। ਹੜ੍ਹਾਂ ਤੋਂ ਪਹਿਲਾਂ ਵੀ ਸਰਕਾਰ ਨੇ ਪਿਛਲੀਆਂ ਸਰਕਾਰਾਂ ਦੇ ਮੁਕਾਬਲੇ ਮਿਸਾਲੀ ਕੰਮ ਕੀਤੇ। ਸਰਕਾਰ ਆਪਣੇ ਲੋਕਾਂ ਦੀ ਬਿਹਤਰੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਕੈਬਨਿਟ ਮੰਤਰੀ ਸ. ਭੁੱਲਰ ਨੇ ਆਖਿਆ ਕਿ ਉਹ ਨਿਰੰਤਰ ਲੋਕ ਸੇਵਾ ਵਿੱਚ ਹਾਜ਼ਰ ਹੈ ,ਅੱਜ ਹਲਕਾ ਪੱਟੀ ਦੇ ਹੜ੍ਹ ਪ੍ਰਭਾਵਿਤ ਵੱਖ-ਵੱਖ ਪਿੰਡਾਂ ‘ਚ ਹੜ੍ਹ ਪੀੜਤ ਪਰਿਵਾਰਾਂ ਦੇ ਪਸ਼ੂਆਂ ਲਈ ਫੀਡ ਅਤੇ ਚੋਕਰ ਵੰਡੀ ਅਤੇ ਸਾਥੀਆਂ ਨਾਲ ਮਿਲ ਕੇ ਮੱਛਰਾਂ ਤੋਂ ਹੋਰ ਬਿਮਾਰੀਆਂ ਤੋਂ ਬਚਾਅ ਲਈ ਫੌਗਿੰਗ ਸਪਰੇਅ ਅਤੇ ਸਾਫ਼-ਸਫ਼ਾਈ ਕੀਤੀ ਗਈ। ਉਨਾ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹੜ੍ਹ ਪੀੜਤਾਂ ਦੇ ਦਰਦ ਨੂੰ ਆਪਣਾ ਮੰਨ ਕੇ ਹਰ ਪਿੰਡ, ਹਰ ਗਲ ?ੀ ਤੱਕ ਪਹੁੰਚ ਬਣਾ ਰਹੀ ਹੈ, ਹਰ ਇਕ ਪੀੜ੍ਹਤ ਸਾਡਾ ਪਰਿਵਾਰ ਹੈ, ਤੇ ਉਨ੍ਹਾਂ ਦੀ ਮਦਦ ਕਰਨ ਲਈ ਅਸੀਂ ਵਚਨਬੱਧ ਹਾਂ।

ਉਹਨਾਂ ਕਿਹਾ ਕਿ ਮੁਸਲਿਮ ਭਾਈਚਾਰੇ ਵੱਲੋਂ ਵੀ ਮੇਰੇ ਆਪਣੇ ਹਲਕੇ ਪੱਟੀ ਦੇ ਪੀੜਤ ਪਰਿਵਾਰਾਂ ਅਤੇ ਲੋੜਵੰਦਾਂ ਦੀ ਮਦਦ ਹੋ ਰਹੀ ਹੈ ਅਤੇ ਹੋਰ ਜੋ ਵੀ ਪੀੜਤ ਪਰਿਵਾਰਾਂ ਦੀ ਸੇਵਾ ਕਰ ਰਿਹਾ ਹੈ ਦਾਸ ਵੱਲੋਂ ਦਿਲੋਂ ਧੰਨਵਾਦ, ਬਸ ਬੇਨਤੀ ਇਹੀ ਹੈ ਕਿਸੇ ਨੇ ਵੀ ਮਦਦ ਕਰਨੀ ਹੈ, ਉਹ ਖ਼ੁਦ ਪੀੜਤ ਪਰਿਵਾਰ ਤੱਕ ਪਹੁੰਚਕੇ ਮਦਦ ਕਰੇ।

ਇਸ ਮੌਕੇ ਚੇਅਰਮੈਨ ਦਿਲਬਾਗ ਸਿੰਘ ਪੀ.ਏ, ਮੀਡੀਆ ਇੰਚਾਰਜ ਅਵਤਾਰ ਸਿੰਘ ਢਿੱਲੋ, ਸ਼ੋਸ਼ਲਮੀਡੀਆ ਇੰਚਾਰਜ ਮੋਹਿਤ ਅਰੋੜਾ, ਸਰਪੰਚ ਚੰਚਲ ਸਿੰਘ, ਜਗਰੂਪ ਸਿੰਘ ਸਮੇਤ ਹੋਰ ਆਗੂ ਹਾਜ਼ਰ ਸਨ।

# ਟੀਕਾਕਰਨ ਤੋ ਵਾਂਝਾ ਨਾ ਰਹੇ ਕੋਈ ਵੀ ਬੱਚਾ-ਸਿਵਲ ਸਰਜਨ ਡਾ. ਰੋਹਿਤ ਗੋਇਲ



**ਫਾਜ਼ਿਲਕਾ,6 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਵਲ ਸਰਜਨ ਫ਼ਾਜ਼ਿਲਕਾ ਡਾ.ਰੋਹਿਤ ਗੋਇਲ ਦੀ ਉਚੇਚੀ ਨਿਗਰਾਨੀ ਤੇ ਸਹਾਇਕ ਸਿਵਲ ਸਰਜਨ ਡਾਕਟਰ ਅਰਪਿਤ ਗੁਪਤਾ ਦੀ ਅਗਵਾਈ ਵਿੱਚ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਰਿੰਕੂ ਚਾਵਲਾ ਵੱਲੋਂ ਵੱਖ-ਵੱਖ ਥਾਵਾਂ ਤੇ ਆਯੋਜਿਤ ਟੀਕਾਕਰਨ ਕੈਂਪਾਂ ਦਾ ਜਾਇਜ਼ਾ ਲਿਆ ਗਿਆ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਾ. ਰਿੰਕੂ ਚਾਵਲਾ ਨੇ ਦੱਸਿਆ ਕਿ ਸਿਹਤ ਵਿਭਾਗ ਵਲੋਂ ਹਰ ਬੁੱਧਵਾਰ ਨੂੰ ਪਿੰਡਾਂ ਅਤੇ ਸ਼ਹਿਰਾਂ ਦੀਆਂ ਵੱਖ-ਵੱਖ ਥਾਵਾਂ ਤੇ ਟੀਕਾਕਰਨ ਕੈਂਪ ਲਗਾ ਕੇ ਲੋਕਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਉਹਨਾਂ ਨੇ ਦੱਸਿਆ ਕਿ ਮਮਤਾ ਦਿਵਸ ’ਤੇ ਗਰਭਵਤੀ ਔਰਤਾਂ ਨੂੰ ਜਿੱਥੇ ਟੈਟਨਸ ਤੋਂ ਬਚਾਓ ਦੇ ਟੀਕੇ ਲਗਾਏ ਜਾਂਦੇ ਹਨ, ਉੱਥੇ ਹੀ ਉਸ ਦਾ ਭਾਰ, ਬਲੱਡ ਪ੍ਰੈਸ਼ਰ ਦੀ ਜਾਂਚ, ਖੂਨ ਦੀ ਜਾਂਚ, ਪਿਸ਼ਾਬ ਦੀ ਜਾਂਚ ਆਦਿ ਟੈਸਟ ਵੀ ਕੀਤੇ ਜਾਂਦੇ ਹਨ ਤਾਂ ਜੋ ਮਾਂ ਖੁਦ ਤੰਦਰੁਸਤ ਰਹਿ ਕੇ ਇੱਕ ਤੰਦਰੁਸਤ ਬੱਚੇ ਨੂੰ ਜਨਮ ਦੇ ਸਕੇ। ਉਹਨਾਂ ਨੇ ਕਿਹਾ ਕਿ ਟੀਕਾਕਰਨ ਨਾਲ ਹੀ ਗਰਭਵਤੀ ਮਹਿਲਾਵਾਂ ਅਤੇ ਬੱਚਿਆਂ ਨੂੰ 12 ਮਾਰੂ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ। ਇਸ ਲਈ ਕੋਈ ਵੀ ਬੱਚਾ ਟੀਕਾਕਰਨ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ।

ਉਹਨਾਂ ਨੇ ਦੱਸਿਆ ਕਿ ਨਵ ਜਨਮੇਂ ਬੱਚੇ ਤੋਂ ਲੈ ਕੇ 16 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ, ਗਲ਼-ਘੋਟੂ, ਕਾਲ਼ੀ ਖਾਂਸੀ, ਟੈਟਨਸ, ਦਿਮਾਗੀ ਬੁਖਾਰ, ਪੀਲ਼ੀਆ, ਖਸਰਾ, ਰੁਬੇਲਾ ਤੇ ਨਿਮੋਨੀਆ ਆਦਿ ਦੀ ਬਿਮਾਰੀ ਤੋਂ ਬਚਾਅ ਲਈ ਟੀਕੇ ਲਗਾਏ ਜਾਂਦੇ ਹਨ ਅਤੇ ਪੋਲੀਓ ਤੇ ਰੋਟਾਵਾਇਰਸ ਦੀ ਬਿਮਾਰੀ ਤੋਂ ਬਚਾਅ ਲਈ ਬੂੰਦਾਂ ਪਿਲਾਈਆਂ ਜਾਂਦੀਆਂ ਹਨ। ਕੈਂਪ ਦੌਰਾਨ ਵੱਖ-ਵੱਖ ਸਿਹਤ ਪ੍ਰੋਗਰਾਮਾਂ ਜਿਵੇਂ ਟੀ.ਬੀ ਜਾਗਰੂਕਤਾ ਮੁਹਿੰਮ, ਕੇਅਰ ਕੰਪੈਨੀਅਨ ਪ੍ਰੋਗਰਾਮ, ਪੌਸ਼ਟਿਕ ਖੁਰਾਕ, ਸਤਨਪਾਨ ਦੇ ਮਹੱਤਵ ਅਤੇ ਸਰਕਾਰੀ ਹਸਪਤਾਲ ਵਿੱਚ ਹੀ ਜਨੇਪਾ ਕਰਵਾਉਣ ਬਾਰੇ ਲੋਕਾਂ ਨੂੰ ਜਾਗਰੂਕ ਵੀ ਕੀਤਾ ਜਾਂਦਾ ਹੈ।

ਇਸ ਮੌਕੇ ਤੇ ਜਿਲਾ ਐਪਡੀਮੋਲੋਜਿਸਟ ਡਾ.ਸੁਨੀਤਾ ਕੰਬੋਜ, ਮਾਸ ਮੀਡੀਆ ਵਿੰਗ ਤੋਂ ਵਿਨੋਦ ਖੁਰਾਨਾ, ਮਨਬੀਰ ਸਿੰਘ, ਦਿਵੇਸ਼ ਕੁਮਾਰ ਅਤੇ ਵੱਖ-ਵੱਖ ਸਿਹਤ ਕੇਂਦਰਾਂ ਤੇ ਨਿਯੁਕਤ ਉਹਨਾਂ ਨੇ ਦੱਸਿਆ ਕਿ ਮਮਤਾ ਦਿਵਸ ’ਤੇ ਗਰਭਵਤੀ ਔਰਤਾਂ ਨੂੰ ਜਿੱਥੇ ਟੈਟਨਸ ਤੋਂ ਬਚਾਓ ਦੇ ਟੀਕੇ ਲਗਾਏ ਜਾਂਦੇ ਹਨ, ਉੱਥੇ ਹੀ ਉਸ ਦਾ ਭਾਰ, ਬਲੱਡ ਪ੍ਰੈਸ਼ਰ ਦੀ ਜਾਂਚ, ਖੂਨ ਦੀ ਜਾਂਚ, ਪਿਸ਼ਾਬ ਦੀ ਜਾਂਚ ਆਦਿ ਟੈਸਟ ਵੀ ਕੀਤੇ ਜਾਂਦੇ ਹਨ ਤਾਂ ਜੋ ਮਾਂ ਖੁਦ ਤੰਦਰੁਸਤ ਰਹਿ ਕੇ ਇੱਕ ਤੰਦਰੁਸਤ ਬੱਚੇ ਨੂੰ ਜਨਮ ਦੇ ਸਕੇ। ਉਹਨਾਂ ਨੇ ਕਿਹਾ ਕਿ ਟੀਕਾਕਰਨ ਨਾਲਸਿਹਤ ਕਰਮੀ, ਐਸ.ਆਈ, ਐਲ.ਐਚ.ਵੀ, ਏ.ਐਨ.ਐਮ, ਮ.ਪ.ਹ.ਵ (ਮੇਲ), ਸੀ.ਐਚ.ਓ ਅਤੇ ਗਰਭਵਤੀ ਔਰਤਾਂ ਤੇ ਬੱਚੇ ਮੌਜੂਦ ਸਨ।

# ਮਾਡਲ ਸਕੂਲ ਵਿਖੇ ਤਿੰਨ ਰੋਜ਼ਾ ਕੱਬ ਅਤੇ ਬੁਲਬੁਲ ਟੈਸਟਿੰਗ ਸਕਾਉਟ ਅਤੇ ਗਾਈਡ ਕੈਂਪ ਦਾ ਆਯੋਜਨ



**ਪਟਿਆਲਾ, 6 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਸੈਕੰਡਰੀ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆਯੋਜਿਤ ਤਿੰਨ ਰੋਜ਼ਾ ਭਾਰਤ ਸਕਾਊਟ ਗਾਈਡ ਪੰਜਾਬ ਦੇ ਕੱਬ ਅਤੇ ਬੁਲਬੁਲ ਸੈਕਸ਼ਨ ਦਾ ਆਰੰਭ ਮਿਤੀ 29/09/2025 ਨੂੰ ਹੋਇਆ ਸੀ। ਜਿਸ ਵਿੱਚ ਕੱਬ ਅਤੇ ਬੁਲਬੁਲ ਨੂੰ ਫਲੈਗ ਹੋਸਟਿੰਗ, ਵੱਖ-ਵੱਖ ਖੇਡਾਂ, ਪ੍ਰਾਰਥਨਾ, ਝੰਡਾ ਗੀਤ ਅਤੇ ਬੀ ਪੀ ਸਿਕਸ ਐਕਸਰਸਾਈਜਸ ਕਰਵਾਈਆਂ ਗਈਆਂ ਸਨ। ਇਸ ਕੈਂਪ ਦੀ ਸਮਾਪਤੀ ਅੱਜ ਮਿਤੀ 01/10/2025 ਨੂੰ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ ਤੇ ਡੀ ਟੀ ਸੀ ਮੈਡਮ ਰਵਿੰਦਰ ਕੌਰ ਸਿੱਧੂ ਅਤੇ ਡੀ ਓ ਸੀ ਪਟਿਆਲਾ ਸਰਦਾਰ ਜਗਮੋਹਨ ਸਿੰਘ ਜੀ ਨੇ ਸ਼ਿਰਕਤ ਕਰਕੇ ਕੈਂਪ ਨੂੰ ਸੰਪੂਰਨਤਾ ਵੱਲ ਵਧਾਇਆ। 65 ਕੱਬ ਅਤੇ ਬੁਲਬੁਲ ਨੂੰ ਇੱਕ ਚੰਗੇ ਦੇਸ਼ ਦੇ ਨਾਗਰਿਕ ਬਣਨ ਲਈ ਉਤਸਾਹਿਤ ਕੀਤਾ ਗਿਆ।

ਇਸ ਸੈਕਸ਼ਨ ਦੇ ਮੋਟੋ ਡੂ ਯੂਅਰ ਬੈਸਟ ਨੂੰ ਪਰਪਕਤਾ ਨਾਲ ਦ੍ਰਿੜ ਕਰਵਾਇਆ ਗਿਆ। ਇਸ ਤਿੰਨ ਰੋਜ਼ਾ ਕੈਂਪ ਦੀ ਸਿਖਲਾਈ ਏ ਡੀ ਟੀ ਸੀ ਕੱਬ ਸੈਕਸ਼ਨ ਸਰਦਾਰ ਜਗਤਾਰ ਸਿੰਘ, ਗਾਈਡ ਕੈਪਟਨ ਮੈਡਮ ਕਿਰਨਪਾਲ ਸਿੱਧੂ ਅਤੇ ਲੇਡੀ ਸਕਾਊਟ ਮਾਸਟਰ ਗੁਰਪ੍ਰੀਤ ਕੌਰ ਮੱਲੀ ਜੀ ਵੱਲੋਂ ਨਿਭਾਈ ਗਈ। ਸਮਾਗਮ ਦੇ ਅੰਤ ਵਿੱਚ ਸਕੂਲ ਇੰਚਾਰਜ ਸਰਦਾਰ ਹਰਪ੍ਰੀਤ ਸਿੰਘ ਜੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਮੇਅਰ ਕੁੰਦਨ ਗੋਗੀਆ ਨੇ ਬਿਲਡਿੰਗ ਇੰਸਪੈਕਟਰ ਨਾਲ ਕੀਤੀ ਵਿਸ਼ੇਸ਼ ਬੈਠਕ

## ਝੂਠੀਆਂ ਸ਼ਿਕਾਇਤਾਂ ਕਰਨ ਵਾਲਿਆਂ ਨੂੰ ਦਿੱਤੀ ਚੇਤਾਵਨੀ



**ਪਟਿਆਲਾ, ੬ ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ--**

ਪਟਿਆਲਾ ਨਗਰ ਨਿਗਮ ਦੇ ਕਾਰਜਾਂ ਵਿੱਚ ਪਾਰਦਰਸ਼ਤਾ ਅਤੇ ਸੁਚੱਜੇਪਣ ਨੂੰ ਯਕੀਨੀ ਬਣਾਉਣ ਲਈ ਮੇਅਰ ਕੁੰਦਨ ਗੋਗੀਆ ਨੇ ਅੱਜ ਨਗਰ ਨਿਗਮ ਬਿਲਡਿੰਗ ਬ੍ਰਾਂਚ ਦੇ ਐਮ ਟੀ ਪੀ, ਏ ਟੀ ਪੀ, ਇੰਸਪੈਕਟਰਾਂ ਅਤੇ ਸੰਬੰਧਤ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ।

ਮੀਟਿੰਗ ਦੌਰਾਨ ਮੇਅਰ ਕੁੰਦਨ ਗੋਗੀਆ ਨੇ ਸਪਸ਼ਟ ਕੀਤਾ ਕਿ ਬਿਲਡਿੰਗ ਸ਼ਾਖਾ ਦੇ ਕੰਮ ਕਾਜ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਜਾਂ ਗੈਰਕਾਨੂੰਨੀ ਗਤੀਵਿਧੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਨਗਰ ਨਿਗਮ ਅਧਿਕਾਰੀ ਲੋਕਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਦਿਨ-ਰਾਤ ਕੰਮ ਕਰ ਰਹੇ ਹਨ ਅਤੇ ਸ਼ਹਿਰ ਵਾਸੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਸਹੀ ਜਾਣਕਾਰੀ ਦੇ ਆਧਾਰ ‘ਤੇ ਹੀ ਸ਼ਿਕਾਇਤ ਦਰਜ ਕਰਵਾਉਣ।

ਮੇਅਰ ਗੋਗੀਆ ਨੇ ਝੂਠੀਆਂ ਅਤੇ ਬੇਬੁਨਿਆਦ ਸ਼ਿਕਾਇਤਾਂ ਕਰਨ ਵਾਲਿਆਂ ਨੂੰ ਚੇਤਾਵਨੀ ਦਿੰਦਿਆਂ ਕਿਹਾ, ਝੂਠੀਆਂ ਸ਼ਿਕਾਇਤਾਂ ਨਾ ਸਿਰਫ਼ ਸਰਕਾਰੀ ਅਧਿਕਾਰੀਆਂ ਦਾ ਸਮਾਂ ਬਰਬਾਦ ਕਰਦੀਆਂ ਹਨ, ਬਲਕਿ ਸਹੀ ਸ਼ਿਕਾਇਤਾਂ ਦੇ ਨਿਪਟਾਰੇ ਵਿੱਚ ਵੀ ਰੁਕਾਵਟ ਪੈਦਾ ਕਰਦੀਆਂ ਹਨ। ਨਗਰ ਨਿਗਮ ਪਾਰਦਰਸ਼ਤਾ ਅਤੇ ਇਮਾਨਦਾਰੀ ਨਾਲ ਕੰਮ ਕਰ ਰਿਹਾ ਹੈ, ਇਸ ਲਈ ਲੋਕਾਂ ਨੂੰ ਵੀ ਆਪਣੇ ਫਰਜ਼ ਨਿਭਾਉਣੇ ਚਾਹੀਦੇ ਹਨ।

ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਬਿਲਡਿੰਗ ਸੰਬੰਧੀ ਸਾਰੀਆਂ ਫਾਇਲਾਂ ਅਤੇ ਅਰਜ਼ੀਆਂ ਦਾ ਨਿਪਟਾਰਾ ਨਿਰਧਾਰਿਤ ਸਮੇਂ ਵਿੱਚ ਕੀਤਾ ਜਾਵੇ ਤੇ ਜਿੱਥੇ ਵੀ ਲੋੜ ਹੋਵੇ ਉਥੇ ਖੁਦ ਸਾਈਟ ‘ਤੇ ਜਾ ਕੇ ਮੌਕੇ ਦੀ ਜਾਂਚ ਕੀਤੀ ਜਾਵੇ। ਮੇਅਰ ਨੇ ਕਿਹਾ ਕਿ ਨਗਰ ਨਿਗਮ ਦਾ ਮੁੱਖ ਉਦੇਸ਼ ਲੋਕਾਂ ਦੇ ਕੰਮ ਇਮਾਨਦਾਰੀ ਨਾਲ ਤੇਜ਼ੀ ਨਾਲ ਕਰਨਾ ਹੈ ਅਤੇ ਕੋਈ ਵੀ ਸ਼ਿਕਾਇਤਕਰਤਾ ਜੇਕਰ ਝੂਠੀ ਸ਼ਿਕਾਇਤ ਕਰਦਾ ਹੈ ਤਾਂ ਉਸਦੇ ਖ਼ਿਲਾਫ਼ ਕਾਰਵਾਈ ਕਰਨ ‘ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ।

# ਹਰਦੀਪ ਸਿੰਘ ਮੁੰਡੀਆਂ ਨੇ 15 ਨਵ-ਨਿਯੁਕਤ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ

**ਚੰਡੀਗੜ੍ਹ, 6 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਅੱਜ ਪੰਜਾਬ ਭਵਨ ਵਿਖੇ ਵਿਭਾਗ ਦੇ 15 ਨਵ-ਨਿਯੁਕਤ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ।



ਨਵ-ਨਿਯੁਕਤ ਉਮੀਦਵਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਕੈਬਨਿਟ ਮੰਤਰੀ ਨੇ ਉਨ੍ਹਾਂ ਨੂੰ ਈਮਾਨਦਾਰੀ, ਸਮਰਪਣ ਅਤੇ ਦ੍ਰਿੜ੍ਹ ਭਾਵਨਾ ਨਾਲ ਆਪਣੀ ਡਿਊਟੀ ਨਿਭਾਉਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿੱਚ ਇਨ੍ਹਾਂ ਉਮੀਦਵਾਰਾਂ ਨੂੰ ਸਰਕਾਰੀ ਨੌਕਰੀ ਦੇ ਕੇ ਪੰਜਾਬ ਸਰਕਾਰ ਨੇ ਆਪਣੀ ਜ਼ਿੰਮੇਵਾਰੀ ਨਿਭਾਅ ਦਿੱਤੀ ਹੈ ਅਤੇ ਉਮੀਦ ਹੈ ਕਿ ਇਹ ਸਾਰੇ ਉਮੀਦਵਾਰ ਆਪਣੀ ਡਿਊਟੀ ਪੂਰੀ ਈਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਪੰਜਾਬ ਦੇ ਸਰਬਪੱਖੀ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਣਗੇ।

ਸ. ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸੂਬੇ ਦੇ ਸਰਬਪੱਖੀ ਵਿਕਾਸ ਦੇ ਨਾਲ-ਨਾਲ ਸਮਾਜ ਦੇ ਸਮੂਹ ਵਰਗਾਂ ਦੇ ਹਿੱਤਾਂ ਦੀ ਰਾਖੀ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।

ਦੱਸ ਦੇਈਏ ਕਿ ਪੰਜਾਬ ਸਰਕਾਰ ਦੀ ਤਰਸ ਦੇ ਅਧਾਰ ’ਤੇ ਨੌਕਰੀ ਦੇਣ ਦੀ ਨੀਤੀ ਤਹਿਤ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿੱਚ ਗਰੁੱਪ-ਸੀ ਅਤੇ ਗਰੁੱਪ-ਡੀ ਦੀਆਂ ਆਸਾਮੀਆਂ ’ਤੇ ਨਿਯੁਕਤ ਹੋਏ ਇਨ੍ਹਾਂ ਉਮੀਦਵਾਰਾਂ ਵਿੱਚ 2 ਜੂਨੀਅਰ ਨਕਸ਼ਾ ਨਵੀਸ, 2 ਕਲਰਕ, 8 ਸੇਵਾਦਾਰ, 1 ਸਫ਼ਾਈ ਸੇਵਕ ਅਤੇ 2 ਹੈਲਪਰ ਟੈਕਨੀਕਲ ਦੀ ਆਸਾਮੀ ’ਤੇ ਨਿਯੁਕਤ ਕੀਤੇ ਗਏ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਹੁਣ ਤੱਕ 55,201 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਚੁੱਕੀ ਹੈ। ਇਸ ਤੋਂ ਇਲਾਵਾ 2.77 ਲੱਖ ਤੋਂ ਜ਼ਿਆਦਾ ਨੌਕਰੀਆਂ ਪ੍ਰਾਈਵੇਟ ਖੇਤਰ ਵਿੱਚ ਦਿੱਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਲੋਕਾਂ ਨੂੰ ਪਾਣੀ ਅਤੇ ਸੈਨੀਟੇਸ਼ਨ ਦੀਆਂ ਸਹੂਲਤਾ ਦੇਣ ਦੇ ਨਾਲ-ਨਾਲ ਘਰ-ਘਰ ਰੋਜ਼ਗਾਰ ਯੋਜਨਾ ਅਧੀਨ ਸੂਬੇ ਦੇ ਯੋਗ ਨੌਜਵਾਨਾਂ ਨੂੰ ਨੌਕਰੀ ਦੇ ਮੌਕੇ ਪ੍ਰਦਾਨ ਕਰਨ ਲਈ ਵੀ ਵੱਚਨਬੱਧ ਹੈ।

ਉਨ੍ਹਾਂ ਦੱਸਿਆ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਲੋਂ ਸਾਲ 2022-23 ਤੋਂ ਹੁਣ ਤੱਕ 58 ਜੂਨੀਅਰ ਇੰਜੀਨੀਅਰ, 77 ਜੂਨੀਅਰ ਨਕਸ਼ਾ ਨਵੀਸ, 36 ਕਲਰਕ, 27 ਸਟੈਨੋਟਾਈਪਿਸਟ, 19 ਜੂਨੀਅਰ ਟੈਕਨੀਸ਼ੀਅਨ, 75 ਹੈਲਪਰ (ਟੈਕਨੀਕਲ) ਅਤੇ 45 ਸੇਵਾਦਾਰ ਭਰਤੀ ਕੀਤੇ ਗਏ ਹਨ।

ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਨੇ ਦੱਸਿਆ ਕਿ ਵਿਭਾਗ ਵਿੱਚ ਚਲ ਰਹੇ ਪ੍ਰਾਜੈਕਟਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਨਵੇਂ ਪ੍ਰਾਜੈਕਟਾਂ ਨੂੰ ਸਮਾਬੱਧ ਤਰੀਕੇ ਨਾਲ ਪੂਰਾ ਕਰਨ ਲਈ ਵਿਭਾਗ ਵਿੱਚ ਕਰਮਚਾਰੀਆ ਦੀ ਘਾਟ ਨੂੰ ਪੂਰਾ ਕਰਨ ਲਈ ਮਾਨ ਸਰਕਾਰ ਵੱਲੋਂ ਚਲਾਈ ਗਈ ਭਰਤੀ ਪ੍ਰਕਿਰਿਆ ਤਹਿਤ ਅੱਜ 15 ਹੋਰ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ। ਉਨ੍ਹਾਂ ਕਿਹਾ ਇਨ੍ਹਾਂ ਕਰਮਚਾਰੀਆਂ ਨਾਲ ਜਿੱਥੇ ਵਿਭਾਗ ਵਿੱਚ ਖ਼ਾਲੀ ਪਈਆਂ ਆਸਾਮੀਆ ਦੀ ਘਾਟ ਪੂਰੀ ਹੋਵੇਗੀ, ਉੱਥੇ ਹੀ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗੀ ਵਿੱਚ ਪਹਿਲਾਂ ਤੋਂ ਚਲ ਰਹੇ ਅਤੇ ਨਵੇਂ ਉਸਾਰੇ ਜਾ ਰਹੇ ਪ੍ਰਾਜੈਕਟਾ ਦੇ ਕੰਮਾਂ ਨੂੰ ਸਮਾਂਬੱਧ ਤਰੀਕੇ ਨਾਲ ਪੂਰਾ ਕਰਨ ਲਈ ਹੋਰ ਬਲ ਮਿਲੇਗਾ।

ਇਸ ਮੌਕੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਨੀਲਕੰਠ ਐਸ. ਅਵ੍ਹਧ, ਵਿਭਾਗ ਮੁਖੀ ਸ੍ਰੀਮਤੀ ਪੱਲਵੀ ਅਤੇ ਵਿਭਾਗ ਦੇ ਮੁੱਖ ਇੰਜੀਨੀਅਰ ਵੀ ਹਾਜ਼ਰ ਸਨ।

# ਜਾਤੀਗਤ ਸਮਾਜ ਦੀਆਂ ਸੂਖ਼ਮਤਾਵਾਂ ਦਾ ਗਲਪਕਾਰ ਭਾਲ ਚੰਦਰ ਨੇਮਾੜੇ



ਮਨਮੋਹਨ
ਮੋਬਾਈਲ : 082839-48811

*ਭਾਲ ਚੰਦਰ ਨੇਮਾੜੇ ਨੂੰ 'ਟੀਕਾ ਸਵਯੰਵਰ ਆਲੋਚਨਾ ਗ੍ਰੰਥ' ਲਈ 1991 'ਚ ਸਾਹਿਤ ਅਕਾਦਮੀ ਪੁਰਸਕਾਰ ਤੇ ਨਾਵਲ 'ਹਿੰਦੂ' ਅਤੇ ਸਮੁੱਚੇ ਸਾਹਿਤ 'ਚ ਯੋਗਦਾਨ ਬਦਲੇ ਗਿਆਨਪੀਠ ਪੁਰਸਕਾਰ ਦਿੱਤਾ ਗਿਆ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮਸ਼੍ਰੀ ਨਾਲ ਵੀ ਸਨਮਾਨਿਤ ਕੀਤਾ...*

ਮਰਾਠੀ ਸਾਹਿਤ 'ਚ ਗਲਪ ਦੀ ਬੜੀ ਵੱਡੀ ਪਰੰਪਰਾ ਹੈ। ਖ਼ਾਸ ਕਰਕੇ ਸ਼ਿਵਾ ਜੀ ਸਾਵੰਤ, ਵਿਸ਼ਵਾਸ ਪਾਟਿਲ, ਨਾਮਦੇਵ ਢਾਸਾਲ, ਲਕਸ਼ਮਣ ਗਾਇਕਵਾੜ ਜਿਹੇ ਲੇਖਕਾਂ ਦੇ ਨਾਵਲਾਂ ਤੋਂ ਬਹੁਤ ਮੈਂ ਪ੍ਰਭਾਵਿਤ ਰਿਹਾ ਹਾਂ। ਮਹਾਭਾਰਤ ਦੇ ਪਾਤਰ ਕਰਨ ਦੇ ਜੀਵਨ 'ਤੇ ਆਧਾਰਿਤ ਸ਼ਿਵਾ ਜੀ ਸਾਵੰਤ ਦੇ ਨਾਵਲ 'ਮ੍ਰਿਤੁੰਜਯ' ਦਾ ਵੀ ਮੇਰੀਆਂ ਲਿਖਤਾਂ 'ਤੇ ਪ੍ਰਭਾਵ ਪਿਆ। ਆਪਣੇ ਕਾਲਜ ਦੇ ਦਿਨਾਂ 'ਚ ਮੈਂ ਭਾਲ ਚੰਦਰ ਨੇਮਾੜੇ ਦਾ ਐਨ ਬੀ ਟੀ ਵੱਲੋਂ ਛਾਪਿਆ ਨਾਵਲ 'ਕੋਸਲਾ' ਪੜ੍ਹਿਆ ਤੇ ਪਿਛਲੇ ਦਿਨੀਂ ਮੈਨੂੰ ਉਨ੍ਹਾਂ ਦੇ ਮਰਾਠੀ 'ਚ ਲਿਖੇ ਨਾਵਲ 'ਹਿੰਦੂ-ਜੀਨੇ ਕਾ ਸਮ੍ਰਿਧ ਕਬਾੜ' ਨੂੰ ਵੀ ਪੜ੍ਹਨ ਦਾ ਮੌਕਾ ਮਿਲਿਆ। ਇਸ ਦਾ ਹਿੰਦੀ 'ਚ ਅਨੁਵਾਦ ਡਾ. ਗੋਰਖ ਥੋਰਾਤ ਨੇ ਕੀਤਾ ਹੈ ਤੇ ਰਾਜ ਕਮਲ ਪ੍ਰਕਾਸ਼ਨ ਨੇ ਇਸ ਦਾ ਪਹਿਲਾ ਸੰਸਕਰਣ 2015 'ਚ ਛਾਪਿਆ। ਨੇਮਾੜੇ ਨੂੰ ਨਾਵਲ 'ਹਿੰਦੂ' 'ਤੇ ਭਾਰਤੀ ਸਾਹਿਤ ਦਾ ਗਿਆਨਪੀਠ ਪੁਰਸਕਾਰ ਵੀ ਮਿਲਿਆ।

'ਹਿੰਦੂ' ਭਾਰਤੀ ਸਮਾਜ ਦੀ ਜਾਤੀਗਤ-ਸੱਭਿਆਚਾਰਕ ਸੰਰਚਨਾ ਦੀਆਂ ਸੂਖ਼ਮਤਾਵਾਂ ਦਾ ਬਹੁਅਯਾਮੀ, ਬਹੁਪਰਤੀ ਤੇ ਬਹੁਧੁਨੀਆਂ ਵਾਲਾ ਵਿਖਿਆਨ ਹੈ। ਇਹ ਬਿਰਤਾਂਤ ਪੰਜ ਹਜ਼ਾਰ ਸਾਲ ਪਹਿਲਾਂ ਮੋਹਨਜੋਦੜੋ ਦੇ ਸਮਿਆਂ ਤੋਂ ਚੱਲ ਕੇ ਉਨੀਂਵੀ-ਵੀਹਵੀਂ ਸਦੀ ਦੇ ਵੇਲਿਆਂ ਤਕ ਪਸਰਿਆ ਹੋਇਆ ਹੈ। ਇਸ ਬਿਰਤਾਂਤ 'ਚ ਭਾਰਤੀ ਜੀਵਨ, ਪੇਂਡੂ/ ਅਰਧ-ਸ਼ਹਿਰੀ, ਸ਼ਹਿਰੀ ਜੀਵਨ ਦੇ ਅਨੇਕ ਰੰਗ-ਰੂਪਾਂ, ਦੰਦ-ਕਥਾਵਾਂ, ਮਿੱਥਾਂ, ਇਤਿਹਾਸਕ ਪੜਾਵਾਂ 'ਚ ਪੇਸ਼ ਹੋ ਕੇ ਨਾਵਲ ਦੇ ਕਥਾਨਕ ਨੂੰ ਭਾਰਤ ਦੀ ਆਧਾਰਭੂਤ ਮਿਸ਼ਰਤ ਚੇਤਨਾ ਦਾ ਵਿਸ਼ਾਲ, ਵਿਰਾਟ ਤੇ ਵਿਵਿਧ ਦਸਤਾਵੇਜ਼ ਬਣਾ ਦਿੰਦਾ ਹੈ।

'ਹਿੰਦੂ' ਦੇ ਬਿਰਤਾਂਤ ਦਾ ਆਰੰਭ ਕੇਂਦਰੀ ਪਾਤਰ ਖੰਡੇਰਾਓ ਦੇ ਸਵੈਲਾਪ ਨਾਲ ਹੁੰਦਾ ਹੈ, 'ਕੌਣ ਹੈ? ਮੈਂ, ਮੈਂ ਹਾਂ ਖੰਡੇਰਾਓ....। ਖ਼ਾਮੋਸ਼ੀ। ਫਿਰ ਮੈਂ ਪੁੱਛਦਾਂ ਹਾਂ, ਤੂੰ ਕੌਣ ਏਂ? ਮੈਂ, ਤੂੰ ਹੀ ਏਂ ਖੰਡੇਰਾਓ। ਥੋੜ੍ਹੀ ਬੇਚੈਨੀ ਨਾਲ ਮੈਂ ਫਿਰ ਪੁੱਛਦਾਂ ਹਾਂ, ਯਾਨੀ... ਮੈਂ ਤੈਨੂੰ ਹੀ ਪੁੱਛ ਰਿਹੈਂ ਕਿ ਮੈਂ ਕੌਣ ਹਾਂ? ਆਪਣੇ ਆਪ ਨੂੰ ਹੀ ਪੁੱਛਣ ਜਿਹਾ ਕਿ ਮੈਂ ਕੌਣ ਹਾਂ? ਫਿਰ ਉਹ ਕੌਣ ਹੈ? ਮੈਂ ਹੀ ਹਾਂ, ਹੁਣ ਠੀਕ ਹੈ। ਤਾਂ ਹੀ ਤਾਂ ਅਸੀਂ ਕੁਝ ਗੱਲਾਂ ਕਰ ਸਕਾਂਗੇ। ਖੰਡੇਰਾਓ, ਮੈਂ, ਤੂੰ, ਉਹ ਸਾਰੇ ਇਕ ਹੀ ਹਾਂ। ਇਸ 'ਤੇ ਖ਼ਾਮੋਸ਼ੀ, ਕਈ ਸਦੀਆਂ ਦੀ। ਨਿਸ਼ਬਦ...। ਅਤੇ ਖੰਡੇਰਾਓ ਬਸ ਕਹਾਣੀ ਹੀ ਸੁਣਾਉਂਦਾ ਜਾ ਯਾਰ। ਰਾਮ ਰਾਮ, ਇਹ ਤਾਂ ਬੜੀ ਮੁਸੀਬਤ ਆ ਪਈ ਮੇਰੇ ਵਰਗੇ ਬੰਦੇ ਉੱਪਰ। ਅੱਜ ਕੱਲ੍ਹ ਸਾਰਿਆਂ ਕੋਲ ਕਹਿਣ ਲਈ ਬਹੁਤ ਕੁਝ ਹੁੰਦੈ ਪਰ ਕਹਾਣੀ ਨਹੀਂ ਹੁੰਦੀ।

'ਹਿੰਦੂ' 'ਚ ਨੇਮਾੜੇ ਕੋਲ ਕਹਿਣ ਲਈ ਬੜੀ ਰੌਚਕ ਤੇ ਮਹੱਤਵਪੂਰਣ ਕਹਾਣੀ ਹੈ ਜੋ ਭਾਰਤ ਦੇ ਪੰਜ ਹਜ਼ਾਰ ਸਾਲ ਦੀਆਂ ਜਾਤੀਗਤ ਤੇ ਸਾਂਸਕ੍ਰਿਤਕ ਸੰਰਚਨਾਵਾਂ ਦੇ ਵਿਕਾਸ ਦੀ ਮੀਮਾਂਸਾ 'ਤੇ ਆਧਾਰਿਤ ਹੈ। ਇਸ ਬਿਰਤਾਂਤ 'ਚ 'ਹਿੰਦੂ' ਸ਼ਬਦ ਦੇ ਅਸੀਮ ਤੇ ਨਿਰਾਕਾਰ ਵਿਸਤਾਰ ਦੇ ਅੰਦਰ ਸਮਾਈਆਂ ਆਪੋ ਆਪਣੇ ਢੰਗ ਨਾਲ ਸਮਾਜਿਕ ਰੂੜ੍ਹੀਆਂ 'ਚ ਬਦਲਦੀਆਂ, ਉਖੜੀਆਂ-ਪੁਖੜੀਆਂ, ਜੰਮੀਆਂ, ਬਿਖਰਦੀਆਂ ਵਿਚਾਰਕ ਧੁਰੀਆਂ, ਸਮੂਹਿਕ ਆਦਤਾਂ, ਸਵਾਰਥਾਂ ਤੇ ਪਰਮਾਰਥਾਂ ਦੀ ਆਪਸ 'ਚ ਉਲਝੀਆਂ ਹੋਈਆਂ ਅਨੇਕ ਜ਼ੰਜ਼ੀਰਾਂ-ਰੱਸੀਆਂ, ਸਮਾਜਿਕ-ਪਰਿਵਾਰਕ ਰਿਸ਼ਤਿਆਂ ਦੀ ਪੁਖ਼ਤਗੀ ਅਤੇ ਖਿਣਭੰਗਰਤਾ, ਸ਼ੋਸ਼ਣ-ਪੋਸ਼ਣ ਦੀਆਂ ਇਕ ਦੂਸਰੇ 'ਤੇ ਚੜ੍ਹੀਆਂ ਅੰਮ੍ਰਿਤ ਤੇ ਜ਼ਹਿਰ ਦੀਆਂ ਬੇਲਾਂ, ਸਮਾਜ ਦਾ ਅਸੀਮਭੂਤ ਆਤਮਸ਼ਾਤੀ ਪਉੜੀ ਪ੍ਰਬੰਧ, ਸਾਹ ਲੈਂਦਾ ਤੇ ਦਮ ਤੋੜਦਾ ਲੋਕ ਤੇ ਇਨ੍ਹਾਂ ਸਾਰੇ ਉਭੜ-ਖਾਬੜ ਦ੍ਰਿਸ਼ਾਂ ਵਿੱਚੋਂ ਰਾਹ ਬਣਾਉਂਦਾ ਸਮਾਂ, ਮੌਤ ਤੇ ਇੱਛਾ ਦਾ ਵੇਗ ਤੇ ਤੇਜ਼ ਵਹਾਅ ਦੇ ਡੂੰਘੇ ਭੰਵਰਾਂ 'ਚ ਡੁੱਬਦੇ,ਉਭਰਦੇ ਜੀਵਨ ਅਤੇ ਆਪਣੇ ਹੀ ਜ਼ਖ਼ਮਾਂ ਨੂੰ ਚੱਟਦੇ ਅਗ੍ਰਸਰ ਕਾਲ ਦੇ ਵਿਸ਼ਾਲ ਅਰਥ ਪੇਸ਼ ਹੁੰਦੇ ਹਨ।

'ਹਿੰਦੂ' ਦਾ ਬਿਰਤਾਂਤ ਦੇਸੀ-ਬਦੇਸ਼ੀ ਗੌਰਵ ਦਾ ਮਹਾਂਕਾਵਿ ਹੈ, ਜਿਸ 'ਚ ਭਾਰਤ ਦੇ ਜਾਤੀ 'ਸਵੈ' ਦੀ ਬਹੁਸਤੱਰੀ, ਬਹੁਮੁੱਖੀ ਤੇ ਬਹੁਵਰਣੀ ਖ਼ੁਦਾਈ ਰਾਹੀਂ ਕੀਤੀ ਖੋਜ ਪ੍ਰਸਤੁਤ ਹੋਈ ਹੈ। ਇਹ ਨਾ ਅਸਿਮਤਾ ਦੇ ਕਿਸੇ ਜੜ੍ਹ ਆਤਮ ਮੁਗਧ ਵਿਖਿਆਨ ਦਾ ਪਾਲਣ ਪੋਸ਼ਣ ਕਰਦਾ ਹੈ ਨਾ 'ਆਪਣਿਆਂ' ਦੇ ਨਾਂ 'ਤੇ ਸੰਸਕ੍ਰਿਤੀ ਤੇ ਸੱਭਿਆਚਾਰ ਦੀਆਂ ਰਗਾਂ 'ਚ ਰੀਂਘ ਦੀਆਂ ਸਿਉਂਕਾਂ ਦੇ ਪ੍ਰਤੱਖਣ ਤੇ ਪ੍ਰਗਟਾਵੇ ਦਾ ਤੁਸ਼ਟੀਕਰਣ ਹੈ ਜਿਨ੍ਹਾਂ ਨੇ 'ਭਾਰਤ ਵਰਸ਼' ਨੂੰ ਅੰਦਰੋਂ-ਅੰਦਰ ਖੋਖਲਾ ਕੀਤਾ ਹੈ। ਇਹ ਬਿਰਤਾਂਤ ਉਸ ਵਿਸਤ੍ਰਿਤ ਤੇ ਵਿਰਾਟ ਇਕਾਈ ਨੂੰ ਸਮੁੱਚਤਾ ਤੇ ਸਮੱਗਰਤਾ ਨਾਲ ਦੇਖਦੇ ਹੋਏ ਅੱਗੇ ਵਧਦਾ ਹੈ ਜਿਸ ਨੂੰ ਅਸਲ 'ਚ ਭਾਰਤੀ ਸੰਸਕ੍ਰਿਤੀ ਤੇ ਸੱਭਿਅਤਾ ਦਾ ਯਥਾਰਥ ਕਹਿੰਦੇ ਹਨ।

'ਹਿੰਦੂ' ਦਾ ਸਮੁੱਚਾ ਬਿਰਤਾਂਤ ਸਾਡਾ ਕਿਸੇ ਦਾ ਵੀ ਆਪਣੇ ਆਪ ਨਾਲ ਕੀਤਾ ਸੰਵਾਦ-ਸਵੈਲਾਪ ਹੋ ਸਕਦਾ ਹੈ। ਆਪਣੇ ਆਪ ਨਾਲ ਤੇ ਆਪਣੇ ਅੰਦਰ ਵੱਸੇ ਯਥਾਰਥ ਤੇ ਨਵੇਂ ਯਥਾਰਥ ਵਿਚਾਲਿਓਂ



ਰਾਹ ਲੱਭਦੇ ਹੋਏ ਰਸਤਿਆਂ 'ਚੋਂ ਪੈਦਾ ਹੋਇਆ ਆਲਾਪ, ਜਿਸ ਦਾ ਸੁਰ ਪੰਚਮ ਦਾ ਹੈ। ਇਸ ਨਾਵਲ 'ਚ ਅਨੇਕ ਪਾਤਰ ਹਨ ਜਿਵੇਂ ਖੰਡੇਰਾਓ, ਅਲੀ, ਮਾਂ ਤੇ ਹੋਰ। ਪਰ ਨਾਵਲ ਦੇ ਕੇਂਦਰ 'ਚ ਖੰਡੇਰਾਓ ਹੀ ਹੈ। ਉਸ ਦੇ ਗਿਰਦ ਹੀ ਸਾਰਾ ਬਿਰਤਾਂਤ ਪਸਰਦਾ ਹੈ। ਇਹ ਬਿਰਤਾਂਤ ਲਕੀਰੀ ਨਹੀਂ ਸਗੋਂ ਬਹੁਪਰਤੀ, ਬਹੁਧੁਨੀਆਂ ਵਾਲਾ ਤੇ ਬਹੁਪਾਸਾਰੀ ਹੈ। ਕਥਾ 'ਚ ਸਮਾਂ ਕਈ ਵਾਰ ਅੱਗੇ ਵਧਦਾ ਹੈ, ਪਿੱਛੇ ਪਰਤਦਾ ਹੈ ਅਤੇ ਫਿਰ ਅੱਗੇ ਵੱਧਦਾ ਹੈ।

'ਹਿੰਦੂ' 'ਚ ਖੰਡੇਰਾਓ ਇਕ ਪਾਤਰ ਹੀ ਨਹੀਂ ਬਲਕਿ ਸਾਰੇ ਦਾ ਸਾਰਾ ਸਮਾਜ ਹੈ। ਇਹ ਪਾਤਰ ਸਮਾਜ ਦੀਆਂ ਗੁੰਝਲਾਂ ਦਾ ਬਿੰਬ ਹੈ। ਇਸ ਬਿਰਤਾਂਤ 'ਚ ਸਮਾਜ ਹੀ ਆਪਣੀ ਸਮੱਗਰਤਾ ਨਾਲ ਇਕ ਪਾਤਰ ਵਾਂਗ ਵਿਵਹਾਰ ਕਰਦਾ ਹੈ। ਸੰਵਾਦ ਵੀ ਪੂਰਾ ਸਮਾਜ ਕਰਦਾ ਪ੍ਰਤੀਤ ਹੁੰਦਾ ਹੈ, ਪਾਤਰ ਨਹੀਂ। ਖੁਰਦੇ ਤੇ ਖੀਣ ਹੁੰਦੇ ਪਰ ਫਿਰ ਵੀ ਅਡਿੱਗ ਸਮਾਜ ਦੇ ਅੰਦਰ ਗੂੰਜਦੀ ਤੇ 'ਸਾਨੂੰ ਵੀ ਕਿਤੇ ਸੁਣ ਲਵੋ' ਦੀ ਬੇਨਤੀ-ਪ੍ਰਾਰਥਨਾ ਕਰਦੀ ਜਿਊਣ ਦੀ ਜ਼ਿੱਦ ਦੀ ਅਣਸੁਣੀ ਚੀਖ਼-ਪੁਕਾਰ ਇਨ੍ਹਾਂ ਸੰਵਾਦਾਂ ਦੇ ਆਰ ਪਾਰ ਫੈਲੀ ਹੋਈ ਹੈ। ਖੇਤੀ ਸੱਭਿਆਚਾਰ, ਪੇਂਡੂ ਵਿਵਸਥਾ, ਵਪਾਰ ਅਤੇ ਰਾਜ-ਸੱਤਾ ਦੀ ਗਲੇ ਤਕ ਫੱਸੀਆਂ ਤੇ ਸਿਰ ਤੋਂ ਪੈਰ ਤਕ ਭ੍ਰਿਸ਼ਟਾਚਾਰ ਨਾਲ ਲਿਬੜੀਆਂ ਸੰਚਨਾਵਾਂ, ਇਨ੍ਹਾਂ ਸਭ ਨੂੰ ਦੇਖਦੀ-ਪਰਖ ਦੀ ਤੇ ਪੇਸ਼ ਕਰਦੀ 'ਹਿੰਦੂ-ਜੀਨੇ ਕਾ ਸਮ੍ਰਿਧ ਕਬਾੜ' ਦੀ ਕਥਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਹੁੰਦੀ ਹੈ। ਇਸ ਤਰ੍ਹਾਂ 'ਹਿੰਦੂ' ਨਾਵਲ ਦਾ ਪਾਠ, ਪਾਠਕ ਨੂੰ ਆਪਣੀਆਂ ਆਂਦਰਾਂ 'ਚੋਂ ਖਿੱਚ ਕੇ ਸਮੋਅ ਲੈਣ ਖਮਤਾ ਦਾ ਪਾਠ ਹੈ।

'ਹਿੰਦੂ' ਦਾ ਬਿਰਤਾਂਤ ਭਾਵੇਂ ਖੰਡੇਰਾਓ ਦੇ ਸਵੈਲਾਪੀ ਸੰਵਾਦ ਨਾਲ ਸ਼ੁਰੂ ਹੁੰਦਾ ਹੈ ਪਰ ਇਸ ਦਾ ਅੰਤ ਮਰਾਠੀ ਸੱਭਿਆਚਾਰ 'ਚ ਪ੍ਰਚਲਿਤ ਦੇਵਤਾ ਦੇ ਸਾਹਮਣੇ ਆਪਣੀਆਂ ਸ਼ਿਕਾਇਤਾਂ ਨੂੰ ਸੁਣਾਉਣ ਦੀ ਸਮੂਹ ਗੀਤ ਦੀ ਰੀਤ 'ਗਾਹਰਾਣੇ' ਨਾਲ ਹੁੰਦਾ ਹੈ,

*'ਏਸ ਘਰ ਦੀ ਬੇਲ ਮੰਡੂਏ 'ਤੇ ਚਵ੍ਹਨੇ ਦੇ ਭਗਵਾਨ...*
*ਬੜੀ ਮਾਈ ਦੇ ਪੂਤ ਕੋ ਹਲਦੀ ਲਗਨੇ ਦੋ ਭਗਵਾਨ...*
*ਭੂਆ ਮਾਈ ਕੇ ਭੰਜੇ ਕੇ ਹਲਦੀ ਲਗਨੇ ਦੋ ਭਗਾਨ...*
*ਬੜੀ ਮਾਈ ਕੇ ਪੂਤ ਕੇ ਘਰ ਕੰਗਨ ਬਜਨੇ ਦੋ ਭਗਵਾਨ...*
*ਬੜੀ ਮਾਈ ਕੇ ਪੂਤ ਕੀ ਦੇਹਰੀ ਮੇਂ ਬਾਲ ਗੋਪਾਲ ਰੇਂਗਨੇ ਦੋ ਭਗਵਾਨ...*

'ਹਿੰਦੂ' ਦੇ ਇਸ ਤਰ੍ਹਾਂ ਦੇ ਅੰਤ ਦਾ ਭਾਵ ਹੈ ਕਿ ਅੰਤ ਏਕਾਲਾਪੀ ਸੰਵਾਦ ਦੀ ਮੁਕਤੀ ਸਮੂਹ ਗੀਤ ਰਾਹੀਂ ਹੀ ਹੋਣੀ ਹੈ , ਭਾਵ ਬੰਦੇ ਦੀ ਕੱਲੀ ਹੋਣੀ ਨੇ ਸਮੂਹ 'ਚ ਸੰਘਰਸ਼ਸ਼ੀਲ ਹੋ ਕੇ ਹੀ ਪਰਿਵਰਤਨ ਦਾ ਕਾਰਣ ਬਣਨਾ ਹੈ।

'ਹਿੰਦੂ-ਜੀਨੇ ਕਾ ਸਮ੍ਰਿਧ ਕਬਾੜ' ਜਿਹੇ ਕਥ 'ਚ ਹੀ ਨਹੀਂ ਬਲਕਿ ਆਕਾਰ ਤੇ ਸਰੋਕਾਰ 'ਚ ਵੀ ਵਿਸ਼ਾਲ ਤੇ ਵੱਡ ਆਕਾਰੀ ਨਾਵਲ ਦੇ ਲੇਖਕ ਭਾਲ ਚੰਦਰ ਮਹਾਰਾਸ਼ਟਰ ਦੇ ਜ਼ਿਲ੍ਹੇ ਜਲਗਾਂਵ ਦੇ ਪਿੰਡ ਸਾਂਗਵੀ ਵਿਖੇ 27 ਮਈ 1938 'ਚ ਜੰਮਿਆ। ਪੂਨੇ ਤੇ ਮੁੰਬਈ ਯੂਨੀਵਰਸਿਟੀਆਂ 'ਚੋਂ ਪੜ੍ਹਾਈ ਕਰ ਕੇ ਔਰੰਗਾਬਾਦ ਯੂਨੀਵਰਸਿਟੀ 'ਚੋਂ ਪੀਐਚਡੀ ਕਰ ਕੇ ਔਰੰਗਾਬਾਦ, ਲੰਡਨ, ਗੋਆ ਤੇ ਮੁੰਬਈ ਦੀਆਂ ਯੂਨੀਵਰਸਿਟੀਆਂ 'ਚ ਅਧਿਆਪਨ ਕੀਤਾ। ਨੇਮਾੜੇ ਮੁੰਬਈ ਯੂਨੀਵਰਸਿਟੀ 'ਚ ਤੁਲਨਾਤਮਕ ਸਾਹਿਤ ਅਧਿਐਨ ਦੀ ਗੁਰੂਦੇਵ ਰਵਿੰਦਰ ਨਾਥ ਟੈਗੋਰ ਚੇਅਰ ਦੇ ਮੁੱਖੀ ਰਹੇ ਤੇ 1998 ਉੱਥੋਂ ਹੀ ਸੇਵਾਮੁਕਤ ਹੋਏ। ਭਾਲ ਚੰਦਰ ਨੇਮਾੜੇ ਦੇ ਮਰਾਠੀ ਸਾਹਿਤ ਜਗਤ 'ਚ ਸਿਰਜਣਾਤਮਕ ਯੋਗਦਾਨ ਵੱਜੋਂ ਨਾਵਲ 'ਕੋਸਲਾ', 'ਬਿੜਾਰ', 'ਹੂਲ', 'ਜਰੀਲਾ' ਤੇ 'ਝੂਲ' ਤੇ ਕਵਿਤਾ ਸੰਗ੍ਰਹਿ 'ਮੇਲਡੀ' ਤੇ 'ਦੇਖਣੀ' ਹਨ। ਉਨ੍ਹਾਂ ਨੇ ਆਲੋਚਨਾ ਤੇ ਖੋਜ 'ਚ ਵੀ ਮਹੱਤਵਪੂਰਣ ਯੋਗਦਾਨ ਦਿੱਤਾ। ਉਨ੍ਹਾਂ ਦੀਆਂ ਆਲੋਚਨਾ ਦੀਆਂ ਪੁਸਤਕਾਂ 'ਸਾਹਿਤਯਾਚੀ ਭਾਸ਼ਾ', 'ਟੀਕਾ ਸੰਵਯਵਰ', ਸਾਹਿਤ ਸੰਸਕ੍ਰਿਤੀ ਤੇ ਜਾਗ੍ਰਿਤੀਕਰਣ' ਹਨ। ਉਨ੍ਹਾਂ ਦੀ ਪੁਸਤਕ 'ਤੁਕਾਰਾਮ' ਨੂੰ ਭਾਰਤੀ ਸਾਹਿਤ ਅਕਾਦਮੀ ਨੇ ਪ੍ਰਕਾਸ਼ਿਤ ਕੀਤਾ। ਅੰਗਰੇਜ਼ੀ 'ਚ ਉਨ੍ਹਾਂ ਦੀਆਂ ਕਿਤਾਬਾਂ 'ਦਾ ਇਨਫਲੂਐਂਸ ਆਨ ਮਰਾਠੀ : ਇੰਡੋ ਐਂਗਲੀਅਨ ਰਾਈਟਿੰਗਜ਼', 'ਫਰਾਂਜ਼ ਕਾਫਕਾ : ਏ ਕੰਟਰੀ ਡਾਕਟਰ', ਤੇ 'ਨੇਟਿਵਇਜ਼ਮ : ਦੇਸੀਵਾਦ'।

ਨੇਮਾੜੇ ਨੂੰ 'ਟੀਕਾ ਸਵਯੰਵਰ ਆਲੋਚਨਾ ਗ੍ਰੰਥ' ਲਈ 1991 'ਚ ਸਾਹਿਤ ਅਕਾਦਮੀ ਪੁਰਸਕਾਰ ਤੇ ਨਾਵਲ 'ਹਿੰਦੂ' ਤੇ ਸਮੁੱਚੇ ਸਾਹਿਤ ਯੋਗਦਾਨ ਬਦਲੇ ਗਿਆਨਪੀਠ ਪੁਰਸਕਾਰ ਦਿੱਤਾ ਗਿਆ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮਸ਼੍ਰੀ ਸਨਮਾਨ ਨਾਲ ਵੀ ਸਨਮਾਨਿਤ ਕੀਤਾ। ਇਸ ਨਾਵਲ ਦਾ ਹਿੰਦੀ 'ਚ ਅਨੁਵਾਦ ਡਾ. ਗੋਰਖ ਥੋਰਾਤ ਨੇ ਨੇਮਾੜੇ ਦੇ ਨਾਵਲ 'ਝੂਲ' ਤੇ ਕਵਿਤਾ ਸੰਗ੍ਰਹਿ 'ਦੇਖਣੀ' ਦਾ ਵੀ ਅਨੁਵਾਦ ਕੀਤਾ ਹੈ। ਪੰਜਾਬੀ ਦੇ ਪਾਠਕਾਂ ਨੂੰ ਭਾਰਤੀ ਸਮਾਜ ਦੀਆਂ ਜਾਤੀਗਤ ਸੂਖ਼ਮਤਾਵਾਂ ਤੇ ਗੁੰਝਲਾਂ ਨੂੰ ਸਮਝਣ ਲਈ ਭਾਲ ਚੰਦਰ ਨੇਮਾੜੇ ਦਾ 'ਹਿੰਦੂ-ਜੀਨੇ ਕਾ ਸਮ੍ਰਿਧ ਕਬਾੜ' ਜ਼ਰੂਰ ਪੜ੍ਹਨਾ ਚਾਹੀਦਾ ਹੈ।

# ਉਹ ਸਰਘੀ ਵਰਗੇ ਦਿਨ





ਅਰਤਿੰਦਰ ਸੰਧੂ
ਮੋਬਾਈਲ : 98153-02081

*ਸਾਡੇ ਸਮੇਂ ਪੜ੍ਹਾਈ ਦਾ ਕੋਈ ਵੀ ਬੋਝ, ਨਾ ਘਰ ਅਤੇ ਨਾ ਹੀ ਸਕੂਲ ਵਾਲਿਆ ਵੱਲੋਂ ਹੀ ਪਾਇਆ ਜਾਂਦਾ ਸੀ। ਗਰਮੀਆਂ ਦੀਆਂ ਛੁੱਟੀਆਂ 'ਚ ਸਕੂਲ ਦਾ ਕੰਮ ਮਿਲਦਾ ਕਿ ਮਿੱਟੀ ਦੀਆਂ ਸੌ ਗੋਲੀਆ ਬਣਾ ਕੇ ਲਿਆਉਣੀਆਂ ਹਨ...*

ਮੈਨੂੰ ਤਰਨ ਤਾਰਨ ਦੇ ਜੰਡਿਆਲਾ ਰੋਡ 'ਤੇ ਸਥਿਤ ਹਾਈ ਸਕੂਲ ਵਿਚ, ਉੱਨੀ ਸੌ ਇਕਵੰਜਾ ਜਾਂ ਬਵੰਜਾ ਵਿਚ ਦਾਖਲ ਕਰਵਾਇਆ ਗਿਆ ਸੀ। ਇਹ ਉਹ ਸਮਾਂ ਸੀ, ਜਦ ਦੇਸ਼ ਨੂੰ ਅਜ਼ਾਦੀ ਮਿਲਣ ਪਿੱਛੋਂ ਤੇ ਪੰਜਾਬ ਵਿਚ ਵੰਡ ਦੀ ਤਬਾਹੀ ਸਹਿਣ ਉਪਰੰਤ ਕੁਝ ਲੋਕਾਂ ਦਾ ਤਾਂ ਟਿਕ-ਟਿਕਾ ਹੋ ਚੁੱਕਾ ਸੀ ਤੇ ਕੁਝ ਦਾ ਹਾਲੇ ਹੋ ਰਿਹਾ ਸੀ। ਲੋਕਾਂ ਵਿਚ ਸਮਰਪਣ ਭਰਿਆ ਉਤਸ਼ਾਹ ਸੀ, ਉਦੋਂ। ਮੈਨੂੰ ਆਪਣੇ ਸਕੂਲ ਦਾਖਲੇ ਦੇ ਵਕਤ, ਸਕੂਲ ਦੀ ਖ਼ੂਬਸੂਰਤ ਮੁੱਖ ਅਧਿਆਪਕਾ ਰਾਜ ਬੇਦੀ ਦਾ ਚਿਹਰਾ ਅਜੇ ਵੀ ਯਾਦ ਹੈ। ਫਿਰ ਕੁਝ ਹੀ ਦਿਨਾਂ ਪਿੱਛੋਂ ਮਿਸ ਰਾਜਬੰਸ ਕੌਰ ਨੂੰ ਮੁੱਖ-ਅਧਿਆਪਕਾ ਬਣਾ ਦਿੱਤਾ ਗਿਆ। ਰਾਜ ਬੇਦੀ ਨੂੰ ਨੌਕਰੀ ਤੋਂ ਜਵਾਬ ਮਿਲਣ ਪਿੱਛੋਂ ਉਹ ਤੇ ਉਸ ਦੀ ਮਾਂ ਤਾਰਾ ਬੇਦੀ ਦੋਵੇਂ ਜਲੰਧਰ ਰੇਡੀਓ ਸਟੇਸ਼ਨ 'ਤੇ ਕੰਮ ਕਰਨ ਲੱਗ ਪਈਆਂ ਸਨ। ਘਰ ਵਿਚ ਇਸ ਬਾਰੇ ਗੱਲਾਂ ਵੀ ਹੁੰਦੀਆਂ ਰਹਿੰਦੀਆਂ।

ਰਾਜ ਬੇਦੀ ਅਤੇ ਰਾਜਬੰਸ, ਦੋਵਾਂ ਦੇ ਹੀ ਪਰਿਵਾਰ ਪਾਕਿਸਤਾਨ ਤੋਂ ਆਏ ਸਨ। ਮਿਸ ਰਾਜਬੰਸ ਲੰਬਾ ਸਮਾਂ ਮੁੱਖ-ਅਧਿਆਪਕਾ ਰਹੇ ਫਿਰ ਪ੍ਰਿੰਸੀਪਲ ਬਣੇ ਅਤੇ ਅਖੀਰ ਸਕੂਲਾਂ ਦੇ ਉਪ-ਨਿਰਦੇਸ਼ਕ ਦੇ ਤੌਰ ਤੇ ਸੇਵਾ ਮੁਕਤ ਹੋਏ। ਉਦੋਂ ਇਕ ਤਰ੍ਹਾਂ ਨਾਲ ਹਰ ਚੀਜ਼ ਦੀ ਨਵੇਂ ਤੌਰ ਤੇ ਉਸਾਰੀ ਹੋ ਰਹੀ ਸੀ। ਸਕੂਲ ਵਿਚ ਬਹੁਤੀਆਂ ਅਧਿਆਪਕਾਵਾਂ ਵਿਧਵਾ ਜਾਂ ਕੁਆਰੀਆਂ ਸਨ ਤੇ ਇਹੋ ਗੱਲ ਸਾਰੇ ਸ਼ਹਿਰ ਵਿਚ ਮਸ਼ਹੂਰ ਵੀ ਸੀ। ਉਦੋਂ ਮਿਡਲ ਪਾਸ ਔਰਤਾਂ ਵੀ ਸਕੂਲ ਦੀਆਂ ਅਧਿਆਪਕਾਵਾਂ ਲਾਈਆਂ ਗਈਆਂ ਸਨ। ਉਹ ਬਹੁਤ ਮਿਹਨਤੀ ਤੇ ਆਪਣੇ ਕੰਮ ਨੂੰ ਜੀ ਜਾਨ ਨਾਲ ਨਿਭਾਉਂਦੀਆਂ ਸਨ। ਸਕੂਲ ਵਿਚ ਸਵੇਰ ਵੇਲੇ ਪ੍ਰਾਰਥਨਾਂ ਵਿਚ ਆਮ ਤੌਰ ਤੇ ਦੋ ਗੀਤ ਵਾਰੀ ਵਾਰੀ ਗਾਏ ਜਾਂਦੇ, ਇਕ ਤਾਂ, "ਸਾਰੇ ਜਹਾਂ ਸੇ ਅੱਛਾ, ਹਿੰਦੋਸਤਾਂ ਹਮਾਰਾ" ਤੇ ਦੂਜਾ, "ਸ਼ੁਭ ਸੁਖ ਚੈਨ ਕੀ ਬਰਖਾ ਬਰਸੇ, ਭਾਰਤ ਭਾਗਯ ਹਮਾਰਾ"। ਇਕ ਦਿਨ ਸਾਡੀ ਜਮਾਤ ਤੇ ਹੋਰ ਜਮਾਤ ਦੀਆਂ ਵਿਦਿਆਰਥਣਾਂ ਨੂੰ ਦਫ਼ਤਰ ਵੱਲ ਬੁਲਾਇਆ ਗਿਆ। ਉੱਥੇ ਦਫ਼ਤਰ ਦੇ ਬਾਹਰ ਇਕ ਮੇਜ਼ ਤੇ ਰੇਡੀਓ ਰੱਖਿਆ ਹੋਇਆ ਸੀ ਤੇ ਬਾਰਾਂ ਵੱਜਣ ਦੀ ਉਡੀਕ ਹੋ ਰਹੀ ਸੀ, ਜਦ ਕਿ ਦੇਸ਼ ਦਾ ਨਵਾਂ ਰਾਸ਼ਟਰੀ ਗਾਣ ਰੇਡੀਓ ਤੋਂ ਪ੍ਰਸਾਰਤ ਹੋਣਾ ਸੀ। ਬਾਰਾਂ ਵਜੇ ਸ਼ੁਰੂ ਹੋਇਆ' ਜਨ ਗਨ ਮਨ...' ਕੁਝ ਕੁੜੀਆਂ ਗਾ ਰਹੀਆਂ ਸਨ ਤੇ ਇਕ ਮਰਦਾਵੀਂ ਅਵਾਜ਼, ਬਾਰ ਬਾਰ ਜਿੱਥੋਂ ਉਹ ਗਲਤੀ ਕਰਦੀਆਂ, ਉਨ੍ਹਾਂ ਨੂੰ ਟੋਕ ਕੇ ਸਹੀ ਤਰ੍ਹਾਂ ਗਾਣਾ ਸਿਖਾ ਰਹੀ ਸੀ। ਇਸ ਤਰ੍ਹਾਂ ਕਈ ਵਾਰ ਹੋਇਆ ਤੇ ਪ੍ਰੋਗਰਾਮ ਖਤਮ ਹੋਣ ਪਿੱਛੋਂ, ਮੁੱਖ-ਅਧਿਆਪਕਾ ਨੇ ਬੱਚਿਆਂ ਨੂੰ ਸਮਝਾਇਆ ਕਿ ਦੇਖੋ, ਕਿਸ ਤਰ੍ਹਾਂ ਗਲਤੀਆਂ ਨੂੰ ਠੀਕ ਕਰਵਾਇਆ ਜਾ ਰਿਹਾ ਹੈ। ਸਾਨੂੰ ਕੁਝ ਸਾਲਾਂ ਬਾਅਦ ਹੀ ਇਨ੍ਹਾਂ ਗੱਲਾਂ ਦੀ ਸਮਝ ਆ ਸਕੀ ਸੀ। ਇਸੇ ਤਰ੍ਹਾਂ ਹਰ ਰੋਜ਼ ਵੱਖ ਵੱਖ ਜਮਾਤਾਂ ਨੂੰ ਬੁਲਾ ਕੇ ਰੇਡੀਓ 'ਤੇ ਰਾਸ਼ਟਰੀ ਗੀਤ ਨੂੰ ਸਿਖਾਉਣ ਦੀ ਕਵਾਇਦ ਚਲਦੀ ਸੀ।

ਉਦੋਂ ਪੜ੍ਹਾਈ ਦਾ ਕੋਈ ਵੀ, ਕਿਸੇ ਤਰ੍ਹਾਂ ਦਾ ਵੀ ਬੋਝ, ਨਾ ਘਰ ਤੇ ਨਾ ਸਕੂਲ ਵਾਲਿਆ ਵੱਲੋਂ ਹੀ ਪਾਇਆ ਜਾਂਦਾ ਸੀ। ਗਰਮੀਆਂ ਦੀਆਂ ਛੁੱਟੀਆਂ ਵਿਚ ਸਕੂਲ ਦਾ ਕੰਮ ਮਿਲਦਾ ਕਿ, ਮਿੱਟੀ ਦੀਆਂ ਸੌ ਗੋਲੀਆ ਬਣਾ ਕੇ ਲਿਆਉਣੀਆਂ, ਤਾਂ ਕਿ ਬੱਚੇ ਖੇਡਦੇ ਖੇਡਦੇ ਗਿਣਤੀ ਸਿੱਖਣ। ਕਦੇ ਮਿੱਟੀ ਦਾ ਖਰਬੂਜਾ ਬਣਾ ਕੇ ਉਸ ਤੇ ਅਸਲੀ ਖਰਬੂਜੇ ਵਾਂਗ ਰੰਗ ਲਾ ਕੇ ਲਿਆਉਣਾ। ਇਕ ਵਾਰ, ਮੈਂ ਮਿੱਟੀ ਦੀਆਂ ਗੋਲੀਆਂ ਸ਼ਬਦ ਵੱਲ ਤੇ ਧਿਆਨ ਨਾ ਦਿੱਤਾ ਤੇ ਘਰ ਜਾ ਕੇ ਕਹਿ ਦਿੱਤਾ, 'ਮਿੱਟੀ ਦੇ ਸੌ ਦੇ ਸਾਰੇ ਹਿੰਦਸੇ ਬਣਾ ਕੇ ਖੜਨੇ ਹਨ। ਮੇਰੀ ਨਾਨੀ ਨੇ ਮੈਨੂੰ ਤਾਂ ਮਿੱਟੀ ਨੂੰ ਹੱਥ ਨਾ ਲਾਉਣ ਦਿੱਤਾ ਤੇ ਆਪ ਦੋ ਦਿਨ, ਛੱਤ ਤੇ ਧੁੱਪੇ ਬੈਠ ਕੇ, ਮਿੱਟੀ ਗੋ ਕੇ, ਇਕ ਤੋਂ ਲੈ ਕੇ ਸਾਰੇ ਹਿੰਦਸੇ ਬਣਾਏ, ਸੁਕਾਏ ਤੇ ਸਕੂਲ ਜਾਣ ਵਾਲੇ ਦਿਨ ਇਕ ਕੱਪੜੇ ਵਿਚ ਬੰਨ ਕੇ ਮੈਨੂੰ ਫੜਾ ਦਿੱਤੇ।

ਪਹਿਲੀ ਦੀ ਸਾਡੀ ਇਕ ਅਧਿਆਪਕਾ ਸੀ, ਹਰਨਾਮ ਕੌਰ। ਉਹ ਕੁੜੀਆਂ ਨੂੰ ਕੁਝ ਵੀ ਸਿਖਾਉਣ ਵਾਸਤੇ ਨਵਾਂ ਢੰਗ ਸੋਚ ਕੇ ਆਉਂਦੀ। ਰੰਗਾਂ ਦੀ ਪਹਿਚਾਣ ਕਰਵਾਉਣ ਵਾਸਤੇ ਉਹ ਨਿੱਕਾ ਜਿਹਾ ਨਾਟਕ ਕਰਵਾਉਂਦੀ। ਕੁਝ ਕੁੜੀਆਂ ਚੁੰਨੀਆਂ ਲੈ ਕੇ ਆਉਂਦੀਆਂ ਸਨ। ਉਹ ਵੱਖ ਵੱਖ ਰੰਗਾਂ ਦੀਆਂ ਚੁੰਨੀਆਂ ਉਨ੍ਹਾਂ ਕੋਲੋ ਇਕੱਠੀਆਂ ਕਰਦੀ ਤੇ ਇਕ ਕੁੜੀ ਨੂੰ ਚੁੰਨੀਆਂ ਵੇਚਣ ਵਾਲਾ ਭਾਈ ਬਣਾ ਦੇਂਦੀ। ਫਿਰ ਉਸ ਦੇ ਸਿਖਾਏ ਅਨੁਸਾਰ, ਚੁੰਨੀਆਂ ਵੇਚਣ ਵਾਲਾ ਦੁਕਾਨਦਾਰ ਬਣੀ ਕੁੜੀ, ਇਕ ਕਤਾਰ ਕੋਲ ਫਿਰਦੀ ਤੇ ਗਾਉਂਦੀ,

ਆਨੇ ਆਨੇ ਚੁੰਨੀਆਂ, ਤੇ ਲੈ ਲਓ ਸਿਰ ਮੁੰਨੀਆਂ...

ਕੋਈ ਕੁੜੀ ਅਵਾਜ਼ ਦੇਂਦੀ, "ਭਾਈ ਚੁੰਨੀ ਦੇ ਜਾ" ਭਾਈ ਬਣੀ ਕੁੜੀ, ਇਕ ਇਕ ਚੁੰਨੀ ਫੜਦੀ, ਤੇ ਪੁੱਛਦੀ" ਤੂੰ ਆਹ ਲਾਲ ਚੁੰਨੀ ਲੈਣੀ ਆ ਕਿ, ਆਹ ਨੀਲੀ, ਆਹ ਪੀਲੀ ਕਿ ਆਹ ਹਰੀ"? ਜਦੋਂ ਕੁੜੀ ਕੋਈ ਇਕ ਰੰਗ ਦੱਸਦੀ ਤਾਂ ਚੁੰਨੀਆਂ ਵੇਚਣ ਵਾਲਾ ਬਣੀ ਕੁੜੀ ਕਹਿੰਦੀ, "ਮੈਂ ਤਾਂ ਕਿਹਾ, ਚੁੰਨੀਆਂ, ਲੈ ਲਓ ਸਿਰਮੁੰਨੀਆਂ ਤੇ ਤੇਰਾ ਤਾਂ ਸਿਰ ਹੀ ਨਹੀਂ ਮੁੰਨਿਆ, ਮੈਂ ਨਹੀਂ ਤੈਨੂੰ ਚੁੰਨੀ ਵੇਚਣੀ"। ਤੇ ਫਿਰ ਉਹ ਦੂਸਰੀ ਕਤਾਰ ਵਿਚ ਵੀ ਇਹੋ ਡਰਾਮਾ ਦੁਹਰਾਉਂਦੀ। ਬੱਚਿਆਂ ਨੂੰ ਹੱਸਦਿਆਂ ਹੱਸਦਿਆਂ ਰੰਗ ਯਾਦ ਹੋ ਜਾਂਦੇ। ਕਿੰਨੇ ਅਸਾਨ ਤੇ ਬਿਨਾਂ ਕਿਸੇ ਖਰਚੇ ਦੇ, ਕਿੰਨੇ ਸਧਾਰਨ ਤੇ ਅਸਰਦਾਰ 'ਪਲੇਅ ਵੇਅ' ਦੇ ਤਰੀਕੇ ਸਨ ਉਹ, ਸਿਖਾਉਣ ਦੇ। ਇਸ ਤਰ੍ਹਾਂ ਸਹਿਜ ਸੁਭਾਅ ਸਿੱਖੀਆਂ ਜੀਵਨ ਜਾਂਚਾਂ ਹੀ ਇਸ ਪੀੜ੍ਹੀ ਦੀ ਵਧੀਆ ਕਾਰਜ ਕੁਸ਼ਲਤਾ ਦਾ ਕਾਰਨ ਰਹੀਆਂ ਹੋਣਗੀਆਂ ਸ਼ਾਇਦ।

# ਸਰਵ ਧਰਮ ਸਤਿਕਾਰਦੀ ਪ੍ਰੋ. ਪੂਰਨ ਸਿੰਘ ਦੀ ਕਵਿਤਾ



ਅੰਮ੍ਰਿਤਪਾਲ ਸਿੰਘ ਸੰਧੂ
ਮੋਬਾਈਲ : 94649-29718

*ਪ੍ਰੋ. ਪੂਰਨ ਸਿੰਘ ਨੇ ਸਿੱਖ, ਬੁੱਧ ਤੇ ਹਿੰਦੂ ਧਰਮ ਜਿਹੀ ਵਿਸ਼ਾਲ ਤ੍ਰਿਵੇਣੀ ਨੂੰ ਆਪਣੇ ਹਿਰਦੇ 'ਚ ਇਕਮਿਕ ਕੀਤਾ। ਉਨ੍ਹਾਂ ਦੀ ਕਵਿਤਾ 'ਚ ਕੱਟੜ ਧਾਰਮਿਕਤਾ ਨਹੀਂ ਹੈ, ਕਿਉਂਕਿ ਉਨ੍ਹਾਂ 'ਤੇ ਕਿਸੇ ਇਕ ਧਰਮ ਦਾ ਅਸਰ ਨਹੀਂ, ਨਾ ਹੀ ਕਿਸੇ ਧਰਮ ਦੇ ਨੇਮਾਂ ਅੰਦਰ ਉਨ੍ਹਾਂ ਦੀ ਕਵਿਤਾ ਬੱਝੀ ਹੈ...*

ਪ੍ਰੋ. ਪੂਰਨ ਸਿੰਘ ਅਧੁਨਿਕ ਪੰਜਾਬੀ ਕਾਵਿ ਨੂੰ ਥੰਮ ਦੇਣ ਵਾਲੇ ਕਵੀਆਂ ਵਿੱਚੋਂ ਤੇ ਪੰਜਾਬੀਆਂ ਦੇ ਖੁੱਲ੍ਹੇ ਡੁੱਲੇ ਸੁਭਾਅ ਵਾਂਗੂ ਖੁੱਲ੍ਹੀ ਕਵਿਤਾ ਦੇ ਪੈਂਡੇ ਤੋਰਨ ਵਾਲਾ ਕਵੀ ਹੈ। ਜੋ ਪ੍ਰਭਾਵ ਉਸ ਦੀ ਜ਼ਿੰਦਗੀ ਨੇ ਗ੍ਰਹਿਣ ਕੀਤੇ ਓਹ ਹੀ ਕਵਿਤਾ ਗ੍ਰਹਿਣ ਕਰਦੀ ਗਈ। ਭਾਵੇਂ ਅਮਰੀਕਾ ਦੇ ਛੰਦਮੁਕਤ ਕਵਿਤਾ ਦੇ ਪਿਤਾਮਾ ਵਾਲਟਵਿਟਮੈਨ ਦਾ ਪ੍ਰਭਾਵ ਗ੍ਰਹਿਣ ਕਰ ਕੇ ਪੰਜਾਬੀ ਵਿਚ ਖੁੱਲ੍ਹੀ ਕਵਿਤਾ ਦੀ ਪਿਰਤ ਪਾਉਣਾ ਹੋਵੇ ਜਾਂ ਜਪਾਨੀ ਬੁੱਧ ਭਿਕਸ਼ੂ ਦੇ ਪ੍ਰਭਾਵ ਵਿਚ ਆਉਣਾ ਹੋਵੇ, ਸਵਾਮੀ ਰਾਮਤੀਰਥ ਦਾ ਪ੍ਰਭਾਵ ਗ੍ਰਹਿਣ ਕਰਨਾ ਹੋਵੇ ਅਤੇ ਆਖਰ ਵਿਚ ਭਾਈ ਵੀਰ ਸਿੰਘ ਦਾ ਪ੍ਰਭਾਵ ਗ੍ਰਹਿਣ ਕਰਕੇ ਫਿਰ ਸਿੱਖ ਧਰਮ ਵੱਲ ਪਰਤਣਾ ਹੋਵੇ।

ਸਮੇਂ ਸਮੇਂ 'ਤੇ ਉਸ ਨੇ ਆਪਣੀ ਕਵਿਤਾ ਦੇ ਮਾਧਿਅਮ ਨਾਲ ਜ਼ਿੰਦਗੀ ਦੇ ਧਾਰਮਿਕ ਉਤਰਾਵਾਂ ਚੜ੍ਹਾਵਾਂ ਦੀ ਪੇਸ਼ਕਾਰੀ ਕੀਤੀ ਹੈ। ਉਸ ਦੀ ਕਵਿਤਾ ਵਿਚ ਭਾਈ ਵੀਰ ਸਿੰਘ ਵਰਗਾ ਧਰਮ ਜਾਂ ਅਧਿਆਤਮਵਾਦ ਦਾ ਬੱਝਵਾਂ ਰੂਪ ਨਹੀਂ ਸਗੋਂ ਵਾਲਟਵਿਟਮੈਨ ਦੀ ਧਾਰਮਿਕ ਫਿਲਾਸਫ਼ੀ ਸੀ ਜੋ ਕਿਸੇ ਵਿਸ਼ੇਸ਼ ਧਰਮ ਤਕ ਸੀਮਤ ਨਹੀਂ ਸੀ। ਵਿਗਿਆਨਕ ਹੋ ਕੇ ਵੀ ਇਸ ਮਹਾਂਸਾਗਰ ਨੇ ਸਿੱਖ ਧਰਮ, ਬੁੱਧ ਧਰਮ ਅਤੇ ਹਿੰਦੂ ਧਰਮ ਜਿਹੀ ਵਿਸ਼ਾਲ ਤ੍ਰਿਵੇਣੀ ਨੂੰ ਆਪਣੇ ਹਿਰਦੇ ਵਿਚ ਇਕਮਿਕ ਕੀਤਾ। ਉਸ ਦੀ ਕਵਿਤਾ ਵਿਚ ਕੱਟੜ ਧਾਰਮਿਕਤਾ ਨਹੀਂ ਕਿਉਂਕਿ ਉਸ ਉੱਪਰ ਕਿਸੇ ਇਕ ਧਰਮ ਦਾ ਅਸਰ ਨਹੀਂ, ਨਾ ਹੀ ਕਿਸੇ ਧਰਮ ਦੇ ਨੇਮਾਂ ਅੰਦਰ ਕਵਿਤਾ ਜਾਂ ਉਸ ਦਾ ਆਪਾ ਬੱਝਿਆ।

*ਨੇਮਾਂ ਵਾਲੀ ਗੱਲ ਨਾ ਕਰਨੀ ਕਾਈ,*
*ਧਰਮ ਕਰਮਾਂ ਥੀਂ ਨੱਸਣਾ*
*ਅਨੇਮੀ ਰਹਿਣਾ,*
*ਸੋਚ ਸਾਰੀ ਡੋਬਣਾ,*
*ਹੱਸਣਾ ਤੇ ਰੋਣਾ, ਚੀਖਣਾ*
*ਤੇ ਦਰਿਆਵਾਂ ਕਿਨਾਰੇ ਦੌੜ ਦੇ ਫਿਰਨਾ।*

ਉਸ ਦੀ ਕਵਿਤਾ ਧਰਮਾਂ ਕਰਮਾਂ ਤੋਂ ਭੱਜ ਕੇ ਰੱਬ ਨੂੰ ਭਾਲਦੀ ਫਿਰਦੀ ਹੈ। ਰੱਬ ਦੀ ਭਾਲ ਕਰਨ ਵਾਲਾ ਬੰਦਾ ਕਿਸੇ ਹੱਦ ਦੀ ਪਰਵਾਹ ਨਹੀਂ ਕਰਦਾ ਵੇਦਾਂਤ ਅਤੇ ਸਵਾਮੀ ਰਾਮ ਤੀਰਥ ਦੀ ਫ਼ਿਲਾਸਫ਼ੀ ਅਨੁਸਾਰ ਪਰਮਾਤਮਾ ਬ੍ਰਹਿਮੰਡ ਦੇ ਜ਼ੱਰੇ ਜ਼ੱਰੇ ਵਿਚ ਹੈ। ਉਸ ਦੀ ਹੋਂਦ ਸਤਿਚਿਤ ਅਨੰਦ ਹੈ। ਉਹ ਵੀ ਇਸ ਪ੍ਰਭਾਵ ਅਧੀਨ ਕਣ ਕਣ ਵਿਚ ਟਿਕੇ ਹੋਏ ਪਾਰਬ੍ਰਹਮ ਦੇ ਦੀਦਾਰ ਕਰਨਾ ਲੋਚਦਾ ਹੈ ਤਾਂ ਹੀ ਉਹ ਕਹਿੰਦਾ ਹੈ।

*ਹਾਲੇ ਮੇਰੀਆਂ ਅੱਖਾਂ*
*ਪੂਰੀਆਂ ਸੁਜਾਖੀਆਂ ਨਾ*
*ਮੈਨੂੰ ਰੱਬ ਨਾ ਦਿਸਦਾ*
*ਹਰ ਥਾਂ ਹਰ ਕਿਸੀ ਚੀਜ਼ ਵਿਚ...*

ਕਵਿਤਾ ਵਿਚਲੀ ਉਸ ਦੀ ਰੱਬੀ ਭਾਲ ਨੇ ਉਸ ਨੂੰ ਇਕ ਸਾਂਝੀਵਾਲਤਾ ਦਾ ਪ੍ਰਤੀਕ ਬਣਾ ਦਿੱਤਾ ਹੈ 'ਜੇ ਤੂੰ ਮੇਰਾ ਹੋਵੇਂ'



ਇਕ ਅਕਾਲ ਪੁਰਖ ਅਤੇ ਸਰਵਸਾਂਝੇ ਪਰਮਾਤਮਾ ਵੱਲ ਸੰਕੇਤ ਕਰਦੀ ਹੈ।

*ਜੇ ਤੂੰ ਮੇਰਾ ਹੋਵੇ , ਮੈਂ ਦੇਖਾਂ ਨਿੱਤ ਤੈਨੂੰ*
*ਮੰਦਰ ਦੀ ਨਾ ਲੋੜ ਮੈਨੂੰ*
*ਮਸਜਿਦ, ਗਿਰਜਾ ਮੇਰਾ ਤੂੰ ਹੈਂ...*

ਕਰਮਕਾਂਡ ਰਹਿਤ ਨਿਰੋਲ ਸਿਕ ਉਸ ਦੇ ਹਿਰਦੇ ਨੂੰ ਆਪਣੀ ਤਰਫ਼ ਖਿੱਚ ਰਹੀ ਹੈ। ਆਪਣੇ ਆਪ ਨੂੰ ਉਸ ਪਰਮ ਸ਼ਕਤੀ ਵੱਲ ਵਧਣੋ ਰੋਕਣ ਲਈ ਇਸ ਤਰ੍ਹਾਂ ਅਸਮਰੱਥ ਹੈ ਜਿਵੇਂ ਉਹ ਆਪ ਪਤੰਗ ਅਤੇ ਉਸ ਦੀ ਡੋਰ ਪ੍ਰਮਾਤਮਾ ਹੱਥ ਹੋਵੇ ਅਤੇ ਉਹ ਉਸ ਨੂੰ ਖਿੱਚ ਰਿਹਾ ਹੋਵੇ।

*ਮੈ ਪਤੰਗ ਕਿਸੇ ਦੀ,*
*ਡੋਰਾਂ ਵਾਲਾ ਖਿੱਚਦਾ।*
*ਪਤੰਗ ਪਈ ਚੜਦੀ,*
*ਉੱਚੀ ਹਵਾ ਵਿਚ...*

ਉਹ ਤਾਂ ਪਰਮਾਤਮਾਂ ਦੇ ਦਰਸ਼ਨ ਚਾਹੁੰਦਾ ਉਸ ਨੂੰ ਕੋਈ ਫ਼ਰਕ ਨਹੀਂ ਬੁੱਧ ਬਣ ਕੇ ਆਵੇ, ਕ੍ਰਿਸ਼ਨ ਮੁਰਾਰੀ, ਸਿੱਖ ਗੁਰੂ ਜਾਂ ਹਜ਼ਰਤ ਮੁਹੰਮਦ ਸਾਹਿਬ। ਉਹ ਤਾਂ ਜੀਵ ਰੂਪੀ ਇਸਤਰੀ ਬਣ ਕੇ ਬੂਹੇ ਬਾਰੀਆਂ ਖੋਲ੍ਹ ਖੜ੍ਹਾ ਹੈ।

*ਮੈਂ ਤਾਂ ਬੂਹੇ ਬਾਰੀਆਂ ਖੋਲ੍ਹ ਖੜ੍ਹੀ*
*ਸਾਰੇ ਰੂਹਾਂ ਦੀਆਂ,*
*ਲੱਖਾਂ ਬਾਰੀਆਂ ਵਾਲਾ ਰੂਹ ਮੇਰਾ...*

ਉਸ ਦੇ ਕੰਨ ਤਾਂ ਹਮੇਸ਼ਾ ਪੰਡਿਤ-ਪ੍ਰੋਹਤ, ਮੁੱਲਾ-ਮੁਲਾਣਿਆਂ ਤੋਂ ਦੀਨ ਈਮਾਨ ਦੀ ਬਜਾਏ ਇਹ ਸੁਣਨਾ ਲੋਚਦੇ 'ਉਹ ਮੈਨੂੰ ਪਿਆਰ ਕਰਦਾ' ਬੁੱਧ ਦੀ ਸਮਾਧੀ, ਕ੍ਰਿਸ਼ਨ ਮੁਰਾਰੀ ਦੀ ਬਾਂਸਰੀ, ਕਲਗੀਆਂ ਵਾਲੇ ਦੇ ਸੁੰਮਾ ਦੀ ਟਾਪ, ਨਾਨਕ ਜੀ ਦੇ ਸ਼ਬਦਾਂ ਵਿਚ ਗੱਲ ਕੀ , ਜਲ-ਥਲ, ਚਾਰ ਦਿਸ਼ਾਵਾਂ, ਪੱਤੇ-ਪੱਤੇ, ਬੂਟੇ-ਬੂਟੇ ਅੰਦਰ ਕਾਦਰ ਦੀ ਭਾਲ ਹੈ। ਉਸ ਦੀ ਭਟਕਣਾ ਜਾਂ ਕਸ਼ਮਕਸ਼ ਜਾਂ ਰੱਬੀ ਭਾਲ ਵਿਚ ਸਥਿਰਤਾ ਜਾਂ ਖੜੋਤ ਵੀ ਆਉਂਦੀ ਜਦੋਂ ਭਾਈ ਵੀਰ ਸਿੰਘ ਦੇ ਪ੍ਰਭਾਵ ਸਦਕਾ ਸਿੱਖ ਧਰਮ ਵਿਚ ਵਾਪਸ ਆਉਂਦਾ ਹੈ। ਆਪਣੇ ਹਿਰਦੇ ਦੀ ਵਿਥਿਆ ਬਿਆਨ ਕਰਦਾ ਸਿੱਖ ਧਰਮ ਤੋਂ ਦੂਰ ਹੋਣ ਬਾਰੇ ਉਹ ਲਿਖਦਾ ਹੈ :

*ਕਟੋਰਾ ਲਾਲ ਲਾਲ ਗੁਰਾਂ ਵਾਲਾ ਨਾਮ ਸੀ*
*ਜਿਸ ਵਿਚ ਉਨ੍ਹਾਂ ਦਾ ਅੰਮ੍ਰਿਤ ਨਾਮ ਸੀ*
*ਹੱਥੋਂ ਮੇਰੇ ਢਹਿ ਪਿਆ ਸੀ ਆਪ ਮੁਹਾਰਾ*
*ਕਟੋਰਾ ਭੱਜਿਆ ਅੰਮ੍ਰਿਤ ਭੌਂ 'ਤੇ*
*ਵੀਟਿਆ ਗਿਆ ਮੈਥੀਂ...*

ਪ੍ਰੋ. ਪੂਰਨ ਸਿੰਘ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ, ਫਾਰਸੀ, ਜਰਮਨੀ ਜਪਾਨੀ ਭਾਸ਼ਾਵਾਂ ਦਾ ਗਿਆਤਾ ਸੀ। ਉਸ ਨੇ ਉਲੱਥੇ ਜਾਂ ਅਨੁਵਾਦਤ ਸਾਹਿਤ ਦੀ ਬਜਾਏ ਮੂਲ ਭਾਸ਼ਾ ਵਿਚ ਸਾਹਿਤ ਪੜ੍ਹਿਆ। ਡੂੰਘੇ ਅਧਿਐਨ ਨੂੰ ਆਪਣੀ ਕਵਿਤਾ ਉੱਤੇ ਲਾਗੂ ਕੀਤਾ। ਸਿੱਖ ਧਰਮ ਵਿਚ ਮੁੜ ਤੋਂ ਆ ਕੇ ਉਸ ਦੀ ਕਵਿਤਾ ਸਰਵ ਧਰਮ ਸਤਿਕਾਰਦੀ ਰਹੀ। ਇਹ ਹੀ ਉਸ ਦੀ ਕਵਿਤਾ ਵਿਚਲੀ ਖੁੱਲ੍ਹਦਿਲੀ ਅਤੇ ਮਸਤਾਨੇ ਸੁਭਾਅ ਵਾਲੇ ਕਵੀ ਦੀ ਖ਼ਾਸੀਅਤ ਸੀ।

## ਕਵਿਤਾਵਾਂ

### ਮੇਰਾ ਯਕੀਨ ਕਾਫੀ ਨਹੀਂ

ਵਿਚਾਰਾਂ ਦਾ ਵਿਰੋਧ ਹੋਵੇ
ਜਾਨਲੇਵਾ
ਜ਼ਰੂਰੀ ਨਹੀਂ
ਆਵਾਜ਼ ਦੇ ਕਤਲ
ਕਤਲ ਦੀ ਸਾਜ਼ਿਸ਼
ਸਾਜ਼ਿਸ਼ ਦੇ ਬਿਰਤਾਂਤ
ਬਿਰਤਾਂਤ ਦੇ ਪਾਤਰਾਂ
ਪਾਤਰਾਂ ਦੇ ਕਤਲ ਦੇ ਦਿਨ
ਤਾਜ਼ਾ-ਤਰੀਨ ਸਰਗਰਮੀਆਂ
ਮੈਨੂੰ ਯਕੀਨ ਹੈ
ਸੱਤਾ ਦੀ ਕੋਈ
ਸਿੱਧੀ ਅਸਿੱਧੀ
ਸ਼ਮੂਲੀਅਤ ਨਹੀਂ ਹੋਣੀ
ਹੋਰ ਬਹੁਤ ਕੁਝ ਹੈ
ਜੋ ਆਪ ਕਰਨਾ ਹੁੰਦਾ
ਆਪਣੇ ਹੱਥੀਂ
ਹੱਥ ਸੁੱਚੇ ਕਰਨੇ ਹੁੰਦੇ ਨੇ
ਰਸਮਾਂ ਨਿਭਾਉਣੀਆਂ
ਪਰਸ਼ਾਦ ਕਰਾਉਣੇ
ਵਿਰੋਧਾਂ ਦੀ ਖਿੱਲੀ ਉਡਾਉਣੀ
ਵਾਅਦਿਆਂ ਦੇ ਪੇਚ
ਮਨ ਦੀਆਂ ਗੱਲਾਂ ਦੇ ਪਰਪੰਚ
ਬਣਾਉਣੇ ਹੁੰਦੇ ਨੇ
ਆਪਣੇ ਕੁਣਬੇ ਦੇ ਸਰਪੰਚ
ਜਿਤਾਉਣੇ ਹੁੰਦੇ ਨੇ
ਤਾਹੀਂ ਤੇ ਯਕੀਨ ਹੈ ਮੈਨੂੰ
ਮੇਰਾ ਯਕੀਨ ਕਾਫੀ ਨਹੀਂ !



• **ਦੇਵਿੰਦਰ ਸਿੰਘ ਜੌਹਲ**, ਮੋਬਾਈਲ : 95010-13457

### ਬੱਦਲਾਂ 'ਚੋਂ ਚੰਨ ਤੱਕਦਾ

ਬੱਦਲਾਂ 'ਚੋਂ ਚੰਨ ਤੱਕਦਾ
ਨੀ ਮੈਂ ਚੰਨ ਦੇ ਗੁਆਂਢ ਘਰ ਪਾਵਾਂ
ਚੰਨ ਤੋਂ ਮੈਂ ਲੈ ਕੇ ਚਾਨਣੀ
ਪਿੰਡੇ ਉੱਤੇ ਮਲ-ਮਲ ਨ੍ਹਾਵਾਂ
ਤੱਕ ਤੱਕ ਸੋਹਣੇ ਚੰਨ ਨੂੰ
ਇਸ਼ਕ ਦੇ ਸੋਹਲੇ ਗਾਵਾਂ
ਚੰਨ ਉੱਤੇ ਡਾਹ ਕੇ ਚਰਖਾ
ਨੀ ਮੈਂ ਤੰਦ ਰਿਸ਼ਮਾਂ ਦੀ ਪਾਵਾਂ
ਚੰਨ ਦੀਆਂ ਰਿਸ਼ਮਾਂ ਦਾ
ਦੁਪੱਟੇ 'ਤੇ ਲਹਿਰੀਆ ਪਾਵਾਂ
ਇਸ਼ਕ 'ਚ ਸੋਹਣੇ ਚੰਨ ਦੇ
ਨੂਰ-ਨੂਰ ਹੋ ਜਾਵਾਂ
ਬੱਦਲਾਂ 'ਚ ਫਿਰਾਂ ਨੱਚਦੀ
ਨੀ ਮੈਂ ਅੰਬਰੀ ਪੀਂਘਾਂ ਪਾਵਾਂ
ਚੰਨ ਦੀ ਮੜ੍ਹਾ ਕੇ ਚਾਨਣੀ
ਨੀ ਮੈਂ ਗਲ਼ ਦਾ ਤਵੀਤ ਬਣਾਵਾਂ
ਸੀਨੇ ਨਾਲ ਲਾ ਕੇ ਚੰਨ ਨੂੰ
ਨੀ ਮੈਂ ਚੰਨ ਦੀ ਚਕੋਰ ਬਣ ਜਾਵਾਂ।



• **ਜਸ ਪ੍ਰੀਤ**

### ਪਾਣੀ

ਅੱਜ ਪਾਣੀ ਦੋਗਲੇ ਹੋ ਗਏ ਨੇ ਰਲ਼ ਸਾਫ਼ ਤੇ ਗੰਦਲੇ,
ਕਈ ਹੰਸਾਂ ਦੀ ਥਾਂ ਬੈਠੇ ਨੇ ਨਿਰਮਲ ਹੋਏ ਬਗਲੇ।

ਸਾਨੂੰ ਕੀਹਨੇ ਪੁੱਛਣਾ ਮੁੱਲ ਨਾ ਪੈਂਦਾ ਰਾਜੇ ਦਾ,
ਝੂਠੀ ਡੱਫਲੀ ਰੋਜ਼ ਵਜਾਵੇ ਨਾ ਸੱਚ ਸੁਣਦਾ ਵਾਜੇ ਦਾ।

ਹਰ ਕੋਈ ਹੁਝਾਂ ਮਾਰੇ ਸਮਝ ਨਾ ਆਉਂਦੀ ਏ,
ਕਲਯੁੱਗ ਨਾਚ ਨਚਾਵੇ ਜਾਂ ਕੁਦਰਤ ਗਾਉਂਦੀ ਏ।

ਰੋਜ਼ ਗਿੱਠ ਲੰਬਾ ਕੱਦ ਹੋ ਜਾਂਦਾ ਝੂਠੇ ਲੋਕਾਂ ਦਾ,
ਸਦਾ ਪੈਰਾਂ ਵਿਚ ਰੁਲਦਾ ਜੀਵਨ ਚੰਗੀਆਂ ਸੋਚਾਂ ਦਾ।



• **ਲਵਲੀ ਬਰਾੜ ਭੇਖਾ** , ਮੋਬਾਈਲ : 98789-49996

## ਗ਼ਜ਼ਲਾਂ

ਗੋਲੀ ਮਾਰ ਬੰਦੂਕ ਚਲਾਓ ਸ਼ਬਦ ਕਦੇ ਵੀ ਮਰਦੇ ਨਹੀਂ।
ਪੌਣਾਂ ਅੰਦਰ ਘੁਲ਼ ਜਾਂਦੇ ਨੇ, ਵਕਤ ਅਜਾਈਂ ਕਰਦੇ ਨਹੀਂ।

ਰਾਜੇ ਨੂੰ ਸ਼ੀਂਹ ਆਖਣ ਵਾਲੀ ਪਿਰਤ ਮੇਰੇ ਗੁਰੂ ਨਾਨਕ ਦੀ,
ਹਾਲੇ ਤੀਕ ਮੁਕੱਦਮ ਜ਼ਹਿਰੀ, ਸ਼ੀਸ਼ੇ ਨੂੰ ਵੀ ਜਰਦੇ ਨਹੀਂ।

ਅੰਬਰ ਦੇ ਵਿਚ ਕਿੰਨੇ ਤਾਰੇ ਜਾਗ ਰਹੇ ਨੇ ਸਦੀਆਂ ਤੋਂ,
ਇਕ ਅੱਧ ਨੁੱਕਰ ਭੁਰ ਜਾਵੇ ਤਾਂ ਠੰਢੇ ਹਾਉਕੇ ਭਰਦੇ ਨਹੀਂ।

ਧਰਤੀ ਦੀ ਮਰਯਾਦਾ ਏਹੀ, ਚੋਰਾਂ ਨੂੰ ਬੱਸ ਚੋਰ ਕਹੋ,
ਹੱਕ ਸੱਚ ਤੇ ਇਨਸਾਫ਼ ਦੇ ਪਹਿਰੂ ਇੰਜ ਆਖਣ ਤੋਂ ਡਰਦੇ ਨਹੀਂ।

ਅੰਨ੍ਹੇ ਕੁੱਤੇ 'ਵਾ ਨੂੰ ਭੌਂਕਣ, ਦੁਸ਼ਮਣ ਦੀ ਪਹਿਚਾਣ ਬਿਨਾਂ,
ਆਪਣੀ ਨਸਲ ਬਿਨਾਂ ਬੇਨਸਲੇ, ਹੋਰ ਕਿਸੇ ਨੂੰ ਜਰਦੇ ਨਹੀਂ।

ਕਲਮਕਾਰ ਜੋ ਲਿਖੇ, ਮਿਟਾਵੇਂ, ਤੇਰੇ ਵੱਸ ਦੀ ਬਾਤ ਨਹੀਂ,
ਸ਼ਾਸਤਰਾਂ ਨੂੰ ਸ਼ਸਤਰ ਮਾਰੇ, ਸੂਰੇ ਏਦਾਂ ਕਰਦੇ ਨਹੀਂ।

ਇਕ ਦੀਵੇ ਦੀ ਲਾਟ ਬੁਝਾ ਕੇ ਤੇਜ਼ ਹਨ੍ਹੇਰੀ ਸਮਝੇ ਨਾ,
ਬੰਨ੍ਹ ਕਤਾਰਾਂ, ਜਗਦੇ ਜੁਗਨੂੰ, ਪੈਰ ਪਿਛਾਂਹ ਨੂੰ ਧਰਦੇ ਨਹੀਂ।



• **ਗੁਰਭਜਨ ਗਿੱਲ**, ਮੋਬਾਈਲ : 98726-31199

ਕਿਸੇ ਜੰਗਲ 'ਚ ਰਹਿ ਲਈਏ ਕਿ ਏਦੂੰ ਤਾਂ ਗ਼ਨੀਮਤ ਹੈ।
ਤਿਰੇ ਇਸ ਰਾਜ ਵਿਚ ਰਹਿ ਕੇ ਅਸਾਂ ਖੱਟੀ ਮੁਸੀਬਤ ਹੈ।

ਨਹੀਂ ਆਜ਼ਾਦ ਹੋਇਆ ਮੁਲਕ ਮੇਰਾ ਦੋਸਤੋ ਹਾਲੇ,
ਕਿ ਥੋੜ੍ਹੀ ਦੇਰ ਦੀ ਇਸ ਨੂੰ ਮਿਲੀ ਹਾਲੇ ਜ਼ਮਾਨਤ ਹੈ।

ਬੜਾ ਹੈ ਕਰਜ਼ ਮੇਰੇ ਪੁਰ ਮਿਰੀ ਇਸ ਮਾਤ ਭੂਮੀ ਦਾ,
ਮਿਰੇ ਹਰ ਖ਼ੂਨ ਦਾ ਕਤਰਾ ਤਾਂ ਏਸੇ ਦੀ ਅਮਾਨਤ ਹੈ।

ਮਰਾਂਗਾ ਲੋਕ ਘੋਲਾਂ ਵਿਚ ਮੈਂ ਪਿੱਛੇ ਨਹੀਂ ਹਟਦਾ,
ਇਹੋ ਮੇਰੀ ਅਦਾਵਤ ਹੈ, ਇਹੋ ਮੇਰੀ ਅਕੀਦਤ ਹੈ।

ਕਰਾਂ ਮਜ਼ਲੂਮ ਦੀ ਰਾਖੀ ਜ਼ੁਲਮ ਦਾ ਟਾਕਰਾ ਕਰ ਕੇ,
ਇਹੋ ਹੈ ਮਾਰਫ਼ਤ ਮੇਰੀ ਇਹੋ ਮੇਰੀ ਤਰੀਕਤ ਹੈ।

ਇਕੇਰਾਂ ਬੋਲ੍ਹ ਦੀ ਰਾਖੀ ਜਿਹੜਾ ਵੀ ਬੈਠ ਜਾਂਦਾ ਹੈ,
ਹਮੇਸ਼ਾਂ ਹੀ ਅਮਾਨਤ ਵਿਚ ਰਿਹਾ ਕਰਦਾ ਖ਼ਿਆਨਤ ਹੈ।

ਅਗਰ ਤੂੰ 'ਮੂਰਤੀ' ਚੁੱਕਦਾ ਨਹੀਂ ਇਨਸਾਨ ਦਾ ਝੰਡਾ,
ਤਿਰੀ ਇਹ ਬੁਜ਼ਦਿਲੀ ਹੈ ਇਹ ਨਹੀਂ ਤੇਰੀ ਦਿਆਨਤ ਹੈ।



• **ਡਾ.ਰਾਮ ਮੂਰਤੀ**, ਮੋਬਾਈਲ : 94174-49665

ਹਰ ਖ਼ੁਸ਼ੀ ਨੂੰ ਪਾਉਣ ਖਾਤਰ ਗਿਰ ਰਿਹਾ ਇਨਸਾਨ ਹੈ।
ਆਦਮੀਂ ਦੇ ਭੇਸ ਪਿੱਛੇ ਪਲ ਰਿਹਾ ਸ਼ੈਤਾਨ ਹੈ।

ਕੂੜ ਚਾਲਾਂ ਖੇਡ ਬਾਬੇ ਭਰਮ ਏਨੇ ਪਾ ਰਹੇ
ਖੇਡ ਐਸੀ ਖੇਡਦੇ ਕਿ ਰੱਬ ਵੀ ਹੈਰਾਨ ਹੈ।

ਬੇਈਮਾਨੀ ਦਾ ਪਸਾਰਾ ਹਰ ਤਰਫ਼ ਹੀ ਫੈਲਿਆ,
ਲਾਲਚਾਂ ਦੇ ਵੱਸ, ਬੰਦਾ ਬਣ ਰਿਹਾ ਹੈਵਾਨ ਹੈ।

ਕੌਣ ਬਹਿ ਕੇ ਸੋਚਦਾ ਕਿ ਕੀ ਭਲਾ ਤੇ ਕੀ ਬੁਰਾ,
ਕੋਲ ਨਾ ਜ਼ਮੀਰ, ਬੈਠਾ ਕਰ ਰਿਹਾ ਨੁਕਸਾਨ ਹੈ।

ਹੋ ਗਏ ਨੇ ਆਮ ਚੋਰੀ, ਠੱਗੀਆਂ ਦੇ ਮਾਮਲੇ,
ਮਿਲ ਰਹੇ ਨੇ ਚੋਰ, ਕੁੱਤੀ ਵਿਕ ਰਿਹਾ ਈਮਾਨ ਹੈ।

ਦੌਲਤਾਂ ਤੇ ਸ਼ੋਹਰਤਾਂ ਨੇ ਨਾਲ ਜਾਣਾ ਨਾ ਕਦੀ,
ਚਾਰ ਦਿਨ ਦੀ ਖੇਡ, ਬੰਦਾ ਦੋ ਘੜੀ ਮਹਿਮਾਨ ਹੈ।

ਜੋਰ ਕਿੰਨਾ ਲਾ ਲਵੋ, ਪਰ ਸੱਚ ਏਹੋ ਆਖਰੀ,
ਮੌਤ ਹੈ ਅਟੱਲ ਸਭ ਨੇ ਜਾਵਣਾਂ ਸ਼ਮਸ਼ਾਨ ਹੈ।



• **ਰਾਜਵਿੰਦਰ ਕੌਰ 'ਜਟਾਣਾ'**, ਮੋਬਾਈਲ : 97806-88270

## ਗੀਤ

### ਧੀਆਂ ਦੇ ਬੋਲ

ਧੀਆਂ ਦੇ ਬੋਲ ਚਿੜੀਆਂ ਦੀ ਚੀਂ-ਚੀਂ ਇਹੋ ਇਸ਼ਾਰਾ।
ਰਸਮਾਂ ਦੀ ਜ਼ੰਜ਼ੀਰ 'ਚ ਜਕੜਿਆ ਵਜੂਦ ਸਾਰਾ।

ਵਿਹੜੇ ਦੀ ਰੌਣਕ ਹਰ ਘਰ ਦਾ ਸ਼ਿੰਗਾਰ
ਰਹਿ ਜਾਣ ਤਰਸਦੀਆ ਨਾ ਮਿਲਦਾ ਪਿਆਰ
ਫੁੱਲਾਂ ਦੀ ਮਹਿਕ ਕਰੇ ਕੰਡਿਆ 'ਚ ਗੁਜ਼ਾਰਾ।

ਖੋਟੇ ਲੇਖ, ਸਿਰ ਦਾ ਭਾਰ, ਕਹਿ ਮਾਰਨ ਤਾਅਨੇ
ਭਾਵੇਂ ਸਦੀਆ ਤੋਂ ਇਨ੍ਹਾਂ ਦੇ ਰਿਣੀ ਨੇ ਜ਼ਮਾਨੇ
ਆਦਮੀ ਦੇ ਸਿਰ ਔਰਤ ਦਾ ਕਰਜ਼ ਹੈ ਭਾਰਾ।

ਬਾਬਲ ਨਾ ਸੁਣੇ ਤੇ ਦੁਨੀਆ ਵੀ ਅਣਜਾਣ
ਸਮਝੇ ਨਾ ਕੋਈ ਖ਼ਾਮੋਸ਼ ਅੱਖਾਂ ਦੀ ਜ਼ੁਬਾਨ
ਬਾਲੜੀਆਂ ਤਾਂ ਸਾਥੋਂ ਚਾਹੁੰਦੀਆਂ ਨੇ ਸਹਾਰਾ।

ਇਹ ਧਰਤੀ ਤੇ ਅੰਬਰ ਪਏ ਦਿੰਦੇ ਨੇ ਦੁਹਾਈ
ਕੁੱਖ ਦੇ ਕਾਤਲਾਂ ਨੇ ਅੱਤ ਬਹੁਤ ਮਚਾਈ
ਟੁੱਟ ਗਈ ਜੇ ਵਿਵੇਕ ਲੜੀ ਡੁੱਬ ਜਾਏਗਾ ਤਾਰਾ।



• **ਵਿਵੇਕ ਕੁਮਾਰ**, ਮੋਬਾਈਲ : 94633-84051

# ਰਾਗ ਨਾਦ ਸਬਦਿ ਸੋਹਣੇ 30

ਇਕਵਾਕ ਸਿੰਘ ਪੱਟੀ

ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ, 'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥' ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 30ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਪ੍ਰਭਾਤੀ' ਬਾਰੇ...



## ਰਾਗ ਪ੍ਰਭਾਤੀ

ਰਾਗ ਪ੍ਰਭਾਤੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ 'ਚ 30ਵੇਂ ਸਥਾਨ ਦਾ ਮਹੱਤਵਪੂਰਨ ਰਾਗ ਹੈ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵੱਲੋਂ 'ਆਦਿ ਗ੍ਰੰਥ' ਦੀ ਸੰਪਾਦਨਾ ਵੇਲੇ ਇਹ ਰਾਗ ਸਭ ਤੋਂ ਅੰਤਮ ਤੀਹਵੇਂ ਸਥਾਨ 'ਤੇ ਦਰਜ ਕੀਤਾ ਗਿਆ ਮੁੱਖ ਰਾਗ ਹੈ। ਕਿਉਂਕਿ ਇਕੱਤੀਵਾਂ ਰਾਗ ਜੈਜਾਵੰਤੀ ਗੁਰੂ ਗਬਿੰਦ ਸਿੰਘ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ 'ਚ ਸ਼ਾਮਲ ਕੀਤਾ ਗਿਆ ਸੀ, ਜੋ ਪੰਨਾ ਨੰਬਰ 1327 ਤੋਂ ਲੈ ਕੇ 1351 ਤਕ ਦਰਜ ਹੈ। ਭਗਤੀ ਭਾਵ ਨਾਲ ਇਸ ਰਾਗ ਦਾ ਗਾਇਨ ਕਰਨ ਨਾਲ ਸਕੂਨ ਤੇ ਆਨੰਦ ਮਿਲਦਾ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਨੇ ਬਾਣੀ ਉਚਾਰਣ ਕੀਤੀ ਹੈ। ਭਗਤ ਸਾਹਿਬਾਨਾਂ ਵਿੱਚੋਂ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਬੇਣੀ ਜੀ ਦੀ ਬਾਣੀ ਉਕਤ ਰਾਗ ਦੇ ਅੰਤਰਗਤ ਸ਼ਾਮਲ ਹੈ। ਗੁਰੂ ਗ੍ਰੰਥ ਸਾਹਿਬ 'ਚ ਰਾਗ ਪ੍ਰਭਾਤੀ ਦੇ ਤਿੰਨ ਹੋਰ ਰੂਪ 'ਪ੍ਰਭਾਤੀ ਬਿਭਾਸ', 'ਪ੍ਰਭਾਤੀ ਦਖਣੀ', 'ਬਿਭਾਸ ਪ੍ਰਭਾਤੀ' ਵੀ ਸ਼ਾਮਲ ਹਨ। 'ਪ੍ਰਭਾਤੀ ਬਿਭਾਸ ਪੜਤਾਲ ਮਹਲਾ 4 ਪੜਤਾਲ'ਅਤੇ 'ਪ੍ਰਭਾਤੀ ਮਹਲਾ 5 ਬਿਭਾਸ ਪੜਤਾਲ' ਸਿਰਲੇਖਾਂ ਹੇਠ ਬਾਣੀ ਦਰਜ ਹੈ। ਜਿਵੇਂ ਕਿ ਨਾਂ ਤੋਂ ਹੀ ਸਪਸ਼ਟ ਹੈ ਕਿ ਇਹ ਰਾਗ ਪ੍ਰਭਾਤ ਵੇਲੇ ਗਾਉਣ ਦਾ ਵਿਧਾਨ ਹੈ।

ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਰਾਗ ਪ੍ਰਭਾਤੀ ਦਾ ਭਾਰਤੀ ਸੰਗੀਤ ਗ੍ਰੰਥਾਂ ਵਿਚ ਜ਼ਿਕਰ ਨਹੀਂ ਮਿਲਦਾ ਹੈ। ਇਹ ਗੁਰਮਤਿ ਸੰਗੀਤ ਰਾਹੀਂ ਉਜਾਗਰ ਹੋਏ ਰਾਗਾਂ ਦੀ ਲੜੀ ਦਾ ਇਕ ਅਹਿਮ ਰਾਗ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਇਹ ਭੈਰਵ ਥਾਟ ਦੀ ਸੰਪੂਰਨ ਜਾਤੀ ਹੈ। ਇਸ 'ਚ ਸੜਜ ਗੰਧਾਰ, ਮੱਧਮ ਪੰਚਮ ਤੇ ਨਿਸ਼ਾਧ ਸ਼ੁੱਧ। ਰਿਸ਼ਭ ਅਤੇ ਧੈਵਤ ਕੋਮਲ ਹਨ। ਮੱਧਮ ਵਾਦੀ ਅਤੇ ਸੜਜ਼ ਸੰਵਾਦੀ ਹੈ। ਗ੍ਰਹ ਸੁਰ ਮੱਧਮ ਹੈ ਅਤੇ ਗਾਉਣ ਦਾ ਵੇਲਾ ਅੰਮ੍ਰਿਤ ਵੇਲਾ ਹੈ।' • 98150-24920

# ਬਾਣੀ ਗੁਰੂ ਗੁਰੂ ਹੈ ਬਾਣੀ



ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਸਹਿਬਾਨ, ਭਗਤਾਂ, ਮਹਾਂਪੁਰਸ਼ਾਂ, ਭੱਟਾਂ ਤੇ ਮਹਾਨ ਗੁਰਸਿੱਖਾਂ ਦੁਆਰਾ ਰਚੀ ਗਈ ਸਰਬ ਕਲਾ ਸਮਰੱਥ, ਜਗਦੀ ਜੋਤ, ਧੁਰ ਕੀ ਬਾਣੀ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਮਹਾਨ ਕਾਰਜ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਹਾਨ ਗੁਰਸਿੱਖ ਭਾਈ ਗੁਰਦਾਸ ਜੀ ਪਾਸੋਂ ਲਿਖਣ ਦੀ ਸੇਵਾ ਲੈ ਕੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸੰਪੂਰਨ ਕੀਤਾ। ਇਹ ਮਹਾਨ ਕਾਰਜ ਦੇ ਸੰਪੂਰਨ ਹੋਣ 'ਤੇ ਆਦਿ ਗ੍ਰੰਥ ਪੋਥੀ ਸਾਹਿਬ ਦੀ ਪਾਵਨ ਬੀੜ ਨੂੰ ਭਾਦੋਂ ਸੁਦੀ ਪਹਿਲੀ, ਸੰਮਤ 1661 (1604 ਈ:) ਨੂੰ ਨਗਰ ਕੀਰਤਨ ਦੇ ਰੂਪ 'ਚ ਲਿਆ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਕੀਤਾ ਗਿਆ। ਪਹਿਲੇ ਹੈੱਡ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਥਾਪਿਆ ਗਿਆ ਤੇ ਜੋ ਪਹਿਲਾ ਮੁਖਵਾਕ ਆਇਆ ਉਹ ਸੀ, '*ਸੰਤਾ ਕੇ ਕਾਰਜ ਆਪ ਖਲੋਇਆ ਹਰਿ ਕੰਮ ਕਰਾਵਣ ਆਇਆ ਰਾਮ॥*'

ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ, ਸ੍ਰੀ ਗੁਰੂ ਨਾਨਕ ਦੇਵ ਜੀ (1469-1539 ਈਸਵੀ) ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 974 ਛੰਦ ਹਨ ਤੇ 19 ਰਾਗਾਂ ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਿਠ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ ਵਿਚ ਉਚਾਰੇ ਗਏ ਹਨ। ਸ੍ਰੀ ਗੁਰੂ ਅੰਗਦ ਦੇਵ ਜੀ (1504-1552 ਈਸਵੀ) ਦੇ ਕੁੱਲ 62 ਸਲੋਕ ਵਾਰਾਂ ਵਿਚ (ਕੋਈ ਰਾਗ ਨਹੀ) ਉਚਾਰੇ ਗਏ ਹਨ। ਸ੍ਰੀ ਗੁਰੂ ਅਮਰਦਾਸ ਜੀ (1479-1574 ਈਸਵੀ) ਦੇ ਕੁੱਲ ਛੰਦ 907 ਹਨ। ਉਨ੍ਹਾਂ ਨੇ 17 ਰਾਗ ਗੁਰੂ ਨਾਨਕ ਦੇਵ ਜੀ ਵਾਲੇ-ਤਿਲੰਗ ਤੇ ਤੁਖਾਰੀ ਨੂੰ ਛੱਡ ਕੇ ਵਰਤੇ ਹਨ। ਸ੍ਰੀ ਗੁਰੂ ਰਾਮਦਾਸ ਜੀ (1534-1581 ਈਸਵੀ) ਕੁੱਲ ਛੰਦ 679 ਹਨ। ਉਨ੍ਹਾਂ ਜੈਜਾਵੰਤੀ ਤੇ ਕੇਦਾਰਾ ਨੂੰ ਛੱਡ ਕੇ 29 ਰਾਗ ਵਰਤੇ। ਸ੍ਰੀ ਗੁਰੂ ਅਰਜਨ ਦੇਵ ਜੀ (1563-1606 ਈਸਵੀ) ਦੇ ਕੁੱਲ ਛੰਦ 2218 ਹਨ ਤੇ ਆਪ ਨੇ ਰਾਗ ਜੈਜਾਵੰਤੀ ਨੂੰ ਛੱਡ ਕੇ 30 ਰਾਗ ਵਰਤੇ ਹਨ। ਸ੍ਰੀ ਗੁਰੂ ਤੇਗ਼ ਬਹਾਦਰ ਜੀ (1621-1675 ਈਸਵੀ) ਦੇ ਕੁੱਲ ਛੰਦ 115 ਹਨ ਤੇ ਆਪ ਨੇ 15 ਰਾਗਾਂ ਗਉੜੀ, ਆਸਾ, ਗੂਜਰੀ, ਬਿਹਾਗੜਾ, ਸੋਰਿਠ, ਜੈਤਸਰੀ, ਧਨਾਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ ਤੇ ਜੈਜਾਵੰਤੀ, ਜੋ ਕੇਵਲ ਆਪ ਜੀ ਨੇ ਹੀ ਵਰਤਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ (1661-1708 ਈਸਵੀ) ਦਾ ਇੱਕੋ-ਇਕ ਦੋਹਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ, ਜੋ ਆਪ ਨੇ ਪਿਤਾ ਗੁਰੂ ਵੱਲੋਂ ਲਿਖੇ ਸਲੋਕ ਦੇ ਜਵਾਬ ਵਿਚ ਰਚਿਆ ਸੀ। ਇਹ ਦੋਹਰਾ ਨੌਵੇਂ ਪਾਤਸ਼ਾਹ ਦੇ ਸਲੋਕਾਂ ਵਿਚ ਦਰਜ ਹੈ, ਉੱਥੇ ਇਸ ਦੇ ਵੱਖਰਾ ਹੋਣ ਦਾ ਕੋਈ ਸੰਕੇਤ ਨਹੀ ਪਰ ਹੱਥ ਲਿਖਤ ਬੀੜਾਂ ਵਿਚ 'ਮਹਲਾ 10 ਜਾਂ ਪਾਤਸ਼ਾਹੀ 10' ਲਿਖ ਕੇ ਇਸ ਦੀ ਪੁਸ਼ਟੀ ਕੀਤੀ ਗਈ ਹੈ।

'ਸ੍ਰੀ ਗੁਰੂ ਗ੍ਰੰਥ ਪ੍ਰਕਾਸ਼' (ਲੇਖਕ 'ਪਿਆਰਾ ਸਿੰਘ ਪਦਮ') ਵਿਚ ਦਰਜ ਹੈ ਕਿ 15 ਭਗਤ, ਭਗਤ ਜੈ ਦੇਵ ਜੀ (1171-1204 ਈਸਵੀ) ਕੁੱਲ ਛੰਦ 2, ਜੋ ਗੂਜਰੀ ਤੇ ਮਾਰੂ ਰਾਗਾਂ ਵਿਚ ਉਚਾਰੇ ਗਏ ਹਨ, ਭਗਤ ਸ਼ੇਖ਼ ਫ਼ਰੀਦ ਜੀ (1175-1265 ਈਸਵੀ), 18 ਗੁਰੂਆਂ ਦੇ ਪਾ ਕੇ ਕੁੱਲ 134 ਛੰਦ



ਧਰਮਿੰਦਰ ਸਿੰਘ ਚੱਬਾ

**ਸ੍ਰੀ ਗੁਰੂ ਗ੍ਰੰਥ ਸਾਹਿਬ ਕਲਯੁਗ ਵਿਚ ਚਾਨਣ-ਮੁਨਾਰਾ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਬਚਲ ਨਗਰ, ਸ੍ਰੀ ਹਜ਼ੂਰ ਸਾਹਿਬ, ਨੰਦੇੜ ਵਿਖੇ ਅਕਤੂਬਰ 1708 ਈਸਵੀ ਨੂੰ ਜੋਤੀ ਜੋਤ ਸਮਾਉਣ ਤੋਂ ਇਕ ਦਿਨ ਪਹਿਲਾਂ 'ਗ੍ਰੰਥ ਸਾਹਿਬ' ਨੂੰ 'ਗੁਰੂ' ਪਦਵੀ ਦਿੱਤੀ ਤੇ ਪੰਥ ਨੂੰ ਉਨ੍ਹਾਂ ਦੇ ਲੜ ਲਾਇਆ...**

ਆਸਾ ਤੇ ਸੂਹੀ ਰਾਗ ਵਿਚ ਉਚਾਰੇ ਗਏ ਹਨ। ਭਗਤ ਨਾਮਦੇਵ ਜੀ (1270-1350 ਈਸਵੀ) ਕੁੱਲ ਛੰਦ 60 ਜੋ 18 ਰਾਗਾਂ ਗਉੜੀ, ਆਸਾ, ਗੂਜਰੀ, ਸੋਰਿਠ, ਧਨਾਸਰੀ, ਟੋਡੀ, ਤਿਲੰਗ, ਬਿਲਾਵਲ, ਗੌਂਡ, ਰਾਮਕਲੀ, ਮਾਲੀ ਗਉੜਾ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ ਤੇ ਪ੍ਰਭਾਤੀ ਵਿਚ ਉਚਾਰੀ ਗਈ ਹੈ। ਭਗਤ ਤ੍ਰਿਲੋਚਨ ਜੀ (1267-1335 ਈਸਵੀ) ਕੁੱਲ ਛੰਦ 4, ਜੋ ਸਿਰੀ, ਗੂਜਰੀ ਤੇ ਪ੍ਰਭਾਤੀ ਰਾਗਾਂ ਵਿਚ ਉਚਾਰੇ ਗਏ ਹਨ। ਭਗਤ ਬੇਣੀ ਜੀ (14ਵੀਂ ਸਦੀ) ਕੁੱਲ 3 ਛੰਦ, ਜੋ ਸਿਰੀ, ਰਾਮਕਲੀ ਤੇ ਪ੍ਰਭਾਤੀ ਰਾਗ 'ਚ ਉਚਾਰੇ ਗਏ ਹਨ। ਭਗਤ ਸੈਣ ਜੀ (1390-1440 ਈਸਵੀ) 1 ਛੰਦ, ਧਨਾਸਰੀ ਰਾਗ ਵਿਚ, ਭਗਤ ਧੰਨਾ ਜੀ (15ਵੀਂ ਸਦੀ) 4 ਛੰਦ, ਆਸਾ ਤੇ ਧਨਾਸਰੀ ਰਾਗ ਵਿਚ, ਭਗਤ ਭੀਖਨ ਜੀ (1480-1573 ਈਸਵੀ) 2 ਛੰਦ ਸੋਰਿਠ ਰਾਗ ਵਿਚ, ਭਗਤ ਪੀਪਾ ਜੀ (1408-1468 ਈਸਵੀ) 1 ਛੰਦ ਧਨਾਸਰੀ ਰਾਗ ਵਿਚ ਹਨ। ਭਗਤ ਸਧਨਾ ਜੀ (15ਵੀਂ ਸਦੀ) 1 ਛੰਦ ਬਿਲਾਵਲ ਰਾਗ ਵਿਚ, ਭਗਤ ਰਾਮਾਨੰਦ ਜੀ (1366-1467 ਈਸਵੀ) 1 ਛੰਦ ਬਸੰਤ ਰਾਗ 'ਚ, ਭਗਤ ਕਬੀਰ ਜੀ (1389-1495 ਈਸਵੀ) ਕੁੱਲ ਛੰਦ 541, ਜੋ 17 ਰਾਗਾਂ ਸਿਰੀ, ਗਉੜੀ, ਆਸਾ, ਗੂਜਰੀ, ਸੋਰਿਠ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਸਾਰੰਗ ਤੇ ਪ੍ਰਭਾਤੀ 'ਚ ਉਚਾਰੇ ਗਏ ਹਨ। ਭਗਤ ਰਵਿਦਾਸ ਜੀ (15ਵੀਂ ਸਦੀ) ਦੇ ਕੁੱਲ ਛੰਦ 41, ਜੋ 16 ਰਾਗਾਂ ਸਿਰੀ, ਗਉੜੀ, ਆਸਾ, ਗੂਜਰੀ, ਸੋਰਿਠ, ਧਨਾਸਰੀ, ਜੈਤਸਰੀ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ ਤੇ ਮਲਾਰ 'ਚ ਉਚਾਰੇ ਗਏ ਹਨ। ਭਗਤ ਪਰਮਾਨੰਦ ਜੀ (15ਵੀਂ ਸਦੀ) 1 ਛੰਦ ਸਾਰੰਗ ਰਾਗ ਵਿਚ, ਭਗਤ ਸੂਰਦਾਸ ਜੀ 1 ਛੰਦ ਸਾਰੰਗ ਰਾਗ ਵਿਚ ਹੈ।



ਗਿਆਰਾਂ ਭੱਟਾਂ, ਭੱਟ ਭਿੱਖਾ ਜੀ (16ਵੀਂ ਸਦੀ) ਦੇ 2 ਛੰਦ ਹਨ, ਭੱਟ ਕਲਸਹਾਰ ਜੀ (16ਵੀਂ ਸਦੀ) 54 ਛੰਦ ਹਨ, ਭੱਟ ਜਾਲਪ ਜੀ (16ਵੀਂ ਸਦੀ) 5 ਛੰਦ, ਭੱਟ ਕੀਰਤ ਜੀ (16ਵੀਂ ਸਦੀ) 8 ਛੰਦ, ਭੱਟ ਸਲ ਜੀ (16ਵੀਂ ਸਦੀ) 3 ਛੰਦ ਹਨ, ਭੱਟ ਭੱਲ ਜੀ (16ਵੀਂ ਸਦੀ) 1 ਛੰਦ ਹੈ, ਭੱਟ ਨੱਲ ਜੀ (16ਵੀਂ ਸਦੀ) 16 ਛੰਦ, ਭੱਟ ਬੱਲ ਜੀ (16ਵੀਂ ਸਦੀ) 5 ਛੰਦ, ਭੱਟ ਪਰਮਾਨੰਦ ਜੀ 13 ਛੰਦ, ਭੱਟ ਹਰਿਬੰਸ ਜੀ (16ਵੀਂ ਸਦੀ) 2 ਛੰਦ, ਭੱਟ ਮਥਰਾ ਜੀ ਦੇ 14 ਛੰਦ ਗੁਰੂ ਗ੍ਰੰਥ ਸਾਹਿਬ 'ਚ ਦਰਜ ਹਨ।

ਚਾਰ ਗੁਰਸਿੱਖਾਂ ਭਾਈ ਸੁੰਦਰ ਜੀ (1560-1610 ਈਸਵੀ) ਦੇ ਕੁੱਲ 6 ਛੰਦ ਰਾਮਕਲੀ ਰਾਗ ਵਿਚ ਦਰਜ ਹਨ। ਭਾਈ ਮਰਦਾਨਾ ਜੀ (1460-1530 ਈਸਵੀ) ਦੇ ਕੁੱਲ 3 ਛੰਦ ਹਨ। ਭਾਈ ਸੱਤਾ ਜੀ (16ਵੀਂ ਸਦੀ) 3 ਛੰਦ ਰਾਮਕਲੀ ਰਾਗ ਵਿਚ ਅਤੇ ਭਾਈ ਰਾਇ ਬਲਵੰਡ ਜੀ (16ਵੀਂ ਸਦੀ) ਦੇ 5 ਛੰਦ ਰਾਮਕਲੀ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 5894 ਛੰਦ ਹਨ। ਇਹ ਵੇਰਵਾ ਡਾ. ਚਰਨ ਸਿੰਘ ਜੀ ਦੀ ਗਿਣਤੀ ਅਨੁਸਾਰ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਛੰਦਾਂ ਦੀ ਕੁੱਲ ਗਿਣਤੀ 5867 ਦਿੱਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁੱਲ 1430 ਅੰਗ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ 31 ਰਾਗਾਂ ਸ੍ਰੀ ਰਾਗ, ਰਾਗ ਮਾਝ, ਰਾਗ ਗਉੜੀ, ਰਾਗ ਆਸਾ, ਰਾਗ ਗੂਜਰੀ, ਰਾਗ ਦੇਵਗੰਧਾਰੀ, ਰਾਗ ਬਿਹਾਗੜਾ, ਰਾਗ ਵਡਹੰਸ, ਰਾਗ ਸੋਰਿਠ, ਰਾਗ ਧਨਾਸਰੀ, ਰਾਗ ਜੈਤਸਰੀ, ਰਾਗ ਟੋਡੀ, ਰਾਗ ਬੈਰਾੜੀ, ਰਾਗ ਤਿਲੰਗ, ਰਾਗ ਸੂਹੀ, ਰਾਗ ਬਿਲਾਵਲ, ਰਾਗ ਗੌਂਡ, ਰਾਗ ਰਾਮਕਲੀ, ਰਾਗ ਨਟ, ਰਾਗ ਮਾਲੀ ਗਉੜਾ, ਰਾਗ ਮਾਰੂ, ਰਾਗ ਤੁਖਾਰੀ, ਰਾਗ ਕੇਦਾਰਾ, ਰਾਗ ਭੈਰਉ, ਰਾਗ ਬਸੰਤੁ, ਰਾਗ ਸਾਰੰਗ, ਰਾਗ ਕਾਨੜਾ, ਰਾਗ ਮਲਾਰ, ਰਾਗ ਕਲਿਆਣ, ਰਾਗ ਪ੍ਰਭਾਤੀ ਤੇ ਰਾਗ ਜੈਜਾਵੰਤੀ ਵਿਚ ਉਚਾਰੀ ਗਈ ਹੈ। ਪਹਿਲਾਂ ਬਾਣੀ 30 ਰਾਗਾਂ ਵਿਚ ਰਚੀ ਗਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਮਹਾਨ ਬਾਣੀ ਨੂੰ ਰਾਗ 'ਜੈਜਾਵੰਤੀ' ਵਿਚ ਦਰਜ ਕੀਤਾ ਤਾਂ ਇਹ ਮਹਾਨ ਬਾਣੀ 31 ਰਾਗਾਂ ਵਿਚ ਹੋ ਗਈ। ਇਸ ਮਹਾਨ ਕਾਰਜ ਦੀ ਸੰਪੂਰਨਤਾ 1706 ਈਸਵੀ ਨੂੰ ਹੋਈ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 9 ਧੁਨੀਆਂ, 22 ਵਾਰਾਂ ਹਨ। ਬਾਣੀ ਰਾਗਾਂ ਵਿਚ ਪਹਿਲਾਂ ਪਦੇ, ਦੁਪਦੇ, ਤਿਪਦੇ, ਚੌਪਦੇ, ਸ਼ਬਦ, ਅਸ਼ਟਪਦੀਆਂ, ਛੰਤ, ਵਾਰਾਂ ਤੇ ਸਲੋਕ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀਆਂ ਦੇ ਤਿੰਨ ਭਾਗ ਹਨ-ਪਹਿਲਾ ਨਿੱਤਨੇਮ ਦੀਆਂ ਬਾਣੀਆਂ, ਦੂਜਾ ਰਾਗਬੱਧ ਬਾਣੀਆਂ, ਤੀਜਾ ਰਾਗ ਰਹਿਤ ਬਾਣੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੰਤ ਭਾਸ਼ਾ, ਬ੍ਰਿਜ ਭਾਸ਼ਾ, ਹਿੰਦਵੀ, ਭੱਟ ਭਾਸ਼ਾ, ਰੇਖਤਾ, ਸਹਸਕ੍ਰਿਤ, ਗਾਥਾ, ਅਪਭ੍ਰੰਸ, ਪੰਜਾਬੀ ਤੇ ਲਹਿੰਦੀ ਆਦਿ ਭਾਸ਼ਾਵਾਂ ਵਿਚ ਲਿਖੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਕਲਯੁਗ ਵਿਚ ਚਾਨਣ-ਮੁਨਾਰਾ ਹਨ। ਹਰ ਪ੍ਰਾਣੀ ਸੱਚੀ ਸ਼ਰਧਾ ਰੱਖ ਕੇ ਆਪਣਾ ਜੀਵਨ ਸਫਲ ਬਣਾ ਸਕਦਾ ਹੈ। ਬਾਣੀ ਵਿਚ ਉਚਾਰਿਆ ਗਿਆ ਹੈ :

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥*
*ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਬਚਲ ਨਗਰ, ਸ੍ਰੀ ਹਜ਼ੂਰ ਸਾਹਿਬ, ਨੰਦੇੜ ਵਿਖੇ ਅਕਤੂਬਰ 1708 ਈਸਵੀ ਨੂੰ ਜੋਤੀ ਜੋਤ ਸਮਾਉਣ ਤੋਂ ਇਕ ਦਿਨ ਪਹਿਲਾਂ ਮੱਥਾ ਟੇਕ ਕੇ ਗੁਰੂ ਪਦਵੀ ਦਿੱਤੀ ਅਤੇ ਸਿੱਖ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ :

*ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥*
*ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥*
*ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ॥*
*ਜੋ ਪ੍ਰਭੁ ਕੋ ਮਿਲਬੋ ਚਹੈ ਖੋਜ ਸ਼ਬਦ ਮੈ ਲੇਹ॥*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੂਹ ਸਿੱਖ ਸੰਗਤਾਂ ਨੂੰ ਹੁਕਮ ਕੀਤਾ ਕਿ ਅੱਜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰ-ਨਾਜਰ ਗੁਰੂ ਜਾਣ ਕੇ ਨਮਸਕਾਰ ਕਰਨੀ ਹੈ। ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨਾ ਹੈ ਤੇ ਦੇਹਧਾਰੀ ਪਾਖੰਡੀਆਂ ਦੇ ਪਿੱਛੇ ਨਹੀ ਲੱਗਣਾ ਅਤੇ ਹਮੇਸ਼ਾ ਬਾਣੀ ਤੇ ਬਾਣੇ ਦੀ ਲਾਜ ਰੱਖਣੀ ਹੈ। •

# ਜਵੱਦੀ ਟਕਸਾਲ ਦੀ ਗੁਰਮਤਿ ਸੰਗੀਤ ਨੂੰ ਦੇਣ



ਤੀਰਥ ਸਿੰਘ ਢਿੱਲੋਂ
98154-61710

ਗੁਰੂ ਨਾਨਕ ਦੇਵ ਜੀ ਮਹਾਰਾਜ ਵੱਲੋਂ ਤੰਤੀ ਸਾਜ਼ਾਂ ਨਾਲ ਸ਼ੁਰੂ ਕੀਤੀ ਗਈ ਕੀਰਤਨ ਦੀ ਮਹਾਨ ਪਰੰਪਰਾ ਦੀ ਬਹਾਲੀ ਲਈ ਲੁਧਿਆਣਾ ਦੇ ਨਾਲ ਲਗਦੇ ਇਤਿਹਾਸਕ ਪਿੰਡ ਜਵੱਦੀ ਕਲਾਂ ਸਥਿਤ ਜਵੱਦੀ ਟਕਸਾਲ ਦੀ ਦੇਣ ਉੱਪਰ ਸਮੁੱਚੇ ਕੀਰਤਨ ਤੇ ਸੰਗੀਤ ਪ੍ਰੇਮੀਆਂ ਨੂੰ ਮਾਣ ਹੈ। ਇਸ ਪਿੰਡ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਹੈ। ਇਸ ਪਾਵਨ ਭੂਮੀ ਉੱਤੇ ਗੁਰੂ ਸਾਹਿਬ ਦੀ ਰਹਿਮਤ ਸਦਕਾ ਸਚਖੰਡ ਵਾਸੀ ਸੰਤ ਸੁੱਚਾ ਸਿੰਘ ਨੇ 1991 ਵਿਚ 'ਵਿਸਮਾਦੁ ਨਾਦ' ਸੰਸਥਾ ਬਣਾਈ। ਸੰਸਥਾ ਨੇ ਸਿੱਖ ਵਿਰਸੇ ਦੀ ਖੋਜ ਦੇ ਕਾਰਜ ਨੂੰ ਸੰਭਾਲਣ ਦਾ ਜ਼ਿੰਮਾ ਲਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਰਾਗਾਂ ਦੇ ਸ਼ੁੱਧ ਸਰੂਪ ਨਿਸ਼ਚਤ ਕਰਨ ਲਈ 'ਰਾਗ ਨਿਰਣਾਇਕ ਕਮੇਟੀ' ਬਣਾਈ, ਜਿਸ ਵਿਚ ਸੰਤ ਸੁੱਚਾ ਸਿੰਘ ਦੇ ਨਿਰਦੇਸ਼ ਤਹਿਤ ਮਹਾਨ ਸੰਗੀਤ ਅਚਾਰੀਆ ਪੰਡਿਤ ਦਲੀਪ ਚੰਦਰ ਦੀ ਅਗਵਾਈ ਹੇਠ ਵਡਮੁੱਲਾ ਕੰਮ ਹੋਇਆ। ਇਸ ਕਮੇਟੀ ਨੇ ਜਿੱਥੇ ਭਾਰਤੀ ਸੰਗੀਤ ਨਾਲ ਮੇਲ ਖਾਂਦੇ 18 ਰਾਗ ਸਾਹਮਣੇ ਲਿਆਂਦੇ ਉੱਥੇ ਬੈਰਾੜੀ, ਸੂਹੀ ਗਉੜੀ, ਨੱਟ ਨਾਰਾਇਣ, ਤੁਖਾਰੀ, ਪ੍ਰਭਾਤੀ, ਮਾਲੀ ਗਉੜਾ ਵਰਗੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਬਾਰੇ ਵੀ ਰਾਏ ਸੰਗਤਾਂ ਨਾਲ ਸਾਂਝੀ ਕੀਤੀ। ਇਹ ਤੱਥ ਵੀ ਸਾਹਮਣੇ ਆਇਆ ਕਿ ਮਾਝ ਰਾਗ ਕੇਵਲ ਗੁਰਮਤਿ ਸੰਗੀਤ ਦੀ ਹੀ ਦੇਣ ਹੈ।

## ਸੰਗੀਤ ਸੰਮੇਲਨਾਂ ਦਾ ਆਗਾਜ਼

ਸੰਤ ਸੁੱਚਾ ਸਿੰਘ ਦੀ ਸੁਨਹਿਰੀ ਅੱਖਰਾਂ 'ਚ ਲਿਖੀ ਜਾਣ ਵਾਲੀ ਦੇਣ ਹੈ ਉਨ੍ਹਾਂ ਵੱਲੋਂ ਜਵੱਦੀ ਕਲਾਂ ਵਿਖੇ 1991 'ਚ ਆਰੰਭ ਕੀਤੇ ਗਏ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ। ਇਹ ਗੁਰਮਤਿ ਸੰਗੀਤ ਲੜੀ ਉਨ੍ਹਾਂ ਦੇ ਸੱਚਖੰਡ ਜਾ ਬਿਰਾਜਣ ਮਗਰੋਂ ਸੰਤ ਅਮੀਰ ਸਿੰਘ ਦੁਆਰਾ ਜਾਰੀ ਰੱਖੀ ਜਾ ਰਹੀ ਹੈ। ਇਸ ਲੜੀ ਦਾ ਪਲੇਠਾ ਸੰਮੇਲਨ 10 ਤੋਂ 13 ਅਕਤੂਬਰ ਤਕ ਹੋਇਆ। ਇਸ ਸੰਗੀਤ ਸੰਮੇਲਨ ਨੇ ਗੁਰਮਤਿ ਸੰਗੀਤ ਦਾ ਜੋ ਮਿਆਰ ਸਥਾਪਤ ਕੀਤਾ ਉਹ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ-ਸਰੋਤ ਰਹੇਗਾ। ਪਹਿਲੇ ਸੰਮੇਲਨ ਵਿਚ ਭਾਈ ਬਲਬੀਰ ਸਿੰਘ, ਡਾ. ਗੁਰਨਾਮ ਸਿੰਘ ਪਟਿਆਲਾ, ਪ੍ਰੋ. ਕਰਤਾਰ ਸਿੰਘ, ਪ੍ਰੋ. ਹਰਚੰਦ ਸਿੰਘ, ਸਿੰਘ ਬੰਧੂ ਦਿੱਲੀ, ਗੀਤਾ ਪੇਂਤਲ, ਡਾ. ਜਸਬੀਰ ਕੌਰ ਪਟਿਆਲਾ, ਭਾਈ ਦਿਲਬਾਗ ਸਿੰਘ-ਗੁਲਬਾਗ਼ ਸਿੰਘ, ਪ੍ਰਿੰ. ਚੰਨਣ ਸਿੰਘ ਮਜਬੂਰ, ਡਾ. ਨਿਵੇਦਿਤਾ ਸਿੰਘ ਪਟਿਆਲਾ ਤੇ ਹੋਰ ਮਹਾਨ ਰਾਗੀਆਂ ਨੇ ਸ਼ੁੱਧ ਗੁਰਮਤਿ ਸ਼ੈਲੀ ਰਾਹੀਂ ਸਮਾਂ ਬੰਨ੍ਹਿਆ। ਇਸ ਤੋਂ ਬਾਅਦ ਦੇ ਅਦੁੱਤੀ ਸੰਗੀਤ ਸੰਮੇਲਨਾਂ 'ਚ ਪਦਮਸ਼੍ਰੀ ਭਾਈ ਨਿਰਮਲ





ਸਿੰਘ ਖ਼ਾਲਸਾ, ਸਵਰਗੀ ਭਾਈ ਅਮਰੀਕ ਸਿੰਘ ਜ਼ਖ਼ਮੀ, ਭਾਈ ਪ੍ਰਿਥੀਪਾਲ ਸਿੰਘ, ਮੋਹਨ ਪਾਲ ਸਿੰਘ ਪਟਿਆਲਾ, ਭਾਈ ਰਣਧੀਰ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਇਲਾਵਾ ਸੰਤ ਸਤਨਾਮ ਸਿੰਘ ਕਿਸ਼ਨਗੜ੍ਹ, ਉਸਤਾਦ ਕਾਲੇ ਰਾਮ (ਤਬਲਾ), ਅਸ਼ਵਨੀ ਕੁਮਾਰ (ਤਾਨਪੂਰਾ), ਓਮ ਪ੍ਰਕਾਸ਼ ਤੇ ਭਾਈ ਚਤਰ ਸਿੰਘ (ਦਿਲਰੁਬਾ), ਜਸਵੰਤ ਸਿੰਘ ਦਿੱਲੀ ਤੇ ਕਸਤੂਰੀ ਲਾਲ (ਵਾਇਲਨ) ਵੀ ਸੰਗੀਤਕ ਫ਼ਨ ਪੇਸ਼ ਕਰਦੇ ਰਹੇ ਹਨ। ਇਸ ਤੋਂ ਇਲਾਵਾ ਤਾਰ ਸ਼ਹਿਨਾਈ, ਤਾਊਸ ਤੇ ਸਾਰੰਦੇ ਦੀ ਵੀ ਕਲਾਤਮਕ ਵਰਤੋਂ ਗੁਰਬਾਣੀ ਕੀਰਤਨ ਵਿਚ ਕੀਤੀ ਗਈ। ਇਸ ਦੌਰਾਨ, ਤਾਲ ਕਹਿਰਵਾ ਤੇ ਦਾਦਰਾ ਵਜਾਉਣ ਦੀ ਆਗਿਆ ਨਹੀਂ ਸੀ, ਸਿਰਫ਼ ਪ੍ਰਵਾਨਤ ਬਿਖਰੇ ਤਾਲਾਂ ਵਿਚ ਹੀ ਗੁਰਬਾਣੀ ਗਾਇਨ ਪੇਸ਼ ਕੀਤਾ ਗਿਆ।

ਸੰਤ ਸੁੱਚਾ ਸਿੰਘ ਨੇ ਪੰਜਾਬ ਤੋਂ ਬਾਹਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਤੋਂ ਇਲਾਵਾ ਮੁੰਬਈ, ਪੂਨਾ, ਇੰਦੌਰ, ਗਵਾਲੀਅਰ, ਆਗਰਾ ਸਮੇਤ ਵੱਖ-ਵੱਖ ਥਾਵਾਂ 'ਤੇ ਵੀ ਮਹਾਨ ਗੁਰਮਤਿ ਸੰਗੀਤ ਸੰਮੇਲਨ ਕਰਵਾਏ। ਇਹ ਸੰਮੇਲਨ ਸੰਤ ਸੁੱਚਾ ਸਿੰਘ ਨੇ 27 ਅਗਸਤ 2002 ਨੂੰ ਆਪਣੇ ਸਚਖੰਡ ਪਿਆਨੇ ਤਕ ਨਿਰੰਤਰਤਾ ਨਾਲ ਜਾਰੀ ਰੱਖੇ। ਉਨ੍ਹਾਂ ਤੋਂ ਉਪਰੰਤ ਸੰਤ ਅਮੀਰ ਸਿੰਘ ਨੂੰ ਇਸ ਟਕਸਾਲ ਦੇ ਮੁਖੀ ਦੀ ਸੇਵਾ ਪੰਥ ਵੱਲੋਂ ਸੌਂਪੀ ਗਈ। ਸੰਤ ਅਮੀਰ ਸਿੰਘ ਨੇ 2016 ਵਿਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਸਿਲਵਰ ਜੁਬਲੀ ਮਨਾਈ, ਜਿਸ ਵਿਚ 25 ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਪੰਜਾਬ ਦੇ ਵੱਖ-ਵੱਖ ਸ਼ਹਿਰਾਂ 'ਚ 25 ਰਾਗ ਦਰਬਾਰ ਸੰਤ ਅਮੀਰ ਸਿੰਘ ਜੀ ਵੱਲੋਂ ਕਰਵਾਏ ਗਏ ਤੇ ਇਕ ਯੂਨੀਵਰਸਿਟੀ ਵਿਚ ਗੁਰਮਤਿ ਸੰਗੀਤ ਬਾਰੇ ਵਿਚਾਰ-ਗੋਸ਼ਟੀ ਕਰਵਾਈ ਗਈ। ਸੰਤ ਅਮੀਰ ਸਿੰਘ ਦੀ ਅਗਵਾਈ ਵਿਚ ਵਿਦਿਆਰਥੀਆਂ ਨੂੰ ਤੰਤੀ ਸਾਜ਼ਾਂ ਨਾਲ ਗੁਰਮਤਿ ਸੰਗੀਤ ਦੀ ਸਿੱਖਿਆ ਪ੍ਰੋ. ਜਤਿੰਦਰ ਪਾਲ ਸਿੰਘ, ਪੰਡਿਤ ਰਮਾਕਾਂਤ, ਪ੍ਰੋ. ਰਮਨਦੀਪ ਕੌਰ, ਪ੍ਰੋ. ਚਰਨਜੀਤ ਕੌਰ, ਪ੍ਰੋ. ਤਜਿੰਦਰ ਸਿੰਘ, ਪ੍ਰੋ. ਇੰਦਰਜੀਤ ਸਿੰਘ ਬਿੰਦੂ ਤੇ ਪ੍ਰੋ. ਮਨਿੰਦਰ ਸਿੰਘ ਤਬਲਾ ਵਾਦਕ, ਉਸਤਾਦ ਸਵਰਨ ਸਿੰਘ ਦੁਆਰਾ ਦਿੱਤੀ ਜਾ ਰਹੀ ਹੈ। ਟਕਸਾਲ ਵੱਲੋਂ ਗੁਰਮਤਿ ਸੰਗੀਤ ਦੇ ਘੋੜੀਆਂ, ਅਲਾਹੁਣੀਆਂ, ਵਾਰਾਂ, ਅੰਜਲੀ ਤੇ ਛੰਤ ਆਦਿ ਲੋਕ ਅੰਗਾਂ ਬਾਰੇ ਵੀ ਵਿਸ਼ੇਸ਼ ਕੀਰਤਨ ਦਰਬਾਰ ਕਰਵਾਏ ਗਏ।

ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਗੀ ਸਿੰਘਾਂ ਨਾਲ ਜਿੰਨੇ ਵੀ ਉਚ ਕੋਟੀ ਦੇ ਤੰਤੀ ਸਾਜ਼ ਵਜਾਉਣ ਵਾਲੇ ਫ਼ਨਕਾਰ ਸੰਗਤ ਕਰਦੇ ਹਨ ਉਹ ਜਵੱਦੀ ਟਕਸਾਲ ਤੋਂ ਹੀ ਸਿੱਖਿਆ ਪ੍ਰਾਪਤ ਕਰ ਕੇ ਸੇਵਾ ਨਿਭਾ ਰਹੇ ਹਨ। ਸੰਤ ਸੁੱਚਾ ਸਿੰਘ ਤੋਂ ਲੈ ਕੇ ਸੰਤ ਅਮੀਰ ਸਿੰਘ ਤਕ ਲਗਪਗ 30 ਹਜ਼ਾਰ ਤੋਂ ਵਧੇਰੇ ਵਿਦਿਆਰਥੀ ਗੁਰਮਤਿ ਸੰਗੀਤ, ਗੁਰਬਾਣੀ ਸੰਥਿਆ ਤੇ ਵਾਦਨ ਦੀ ਸਿੱਖਿਆ ਪ੍ਰਾਪਤ ਕਰ ਚੁੱਕੇ ਹਨ। ਜਵੱਦੀ ਕਲਾਂ ਵਿਖੇ ਵਿਦਿਆਰਥੀਆਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਟਕਸਾਲ ਵੱਲੋਂ ਕੀਤਾ ਜਾਂਦਾ ਹੈ ਤੇ ਉਨ੍ਹਾਂ ਨੂੰ ਵਜ਼ੀਫ਼ੇ ਵੀ ਦਿੱਤੇ ਜਾਂਦੇ ਹਨ।

## ਪ੍ਰਕਾਸ਼ਨਾਵਾਂ

ਰਾਗ ਨਾਦੁ ਸਬਦਿ ਸਬੰਧੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਮਨ ਦਾ ਸੰਕਲਪ, ਦੇਹੀ ਦਾ ਸੰਕਲਪ, ਮੌਤ ਦਾ ਸੰਕਲਪ, ਰਾਗ ਨਾਦੁ ਸਬਦਿ ਸੋਹਣੇ, ਮਿਲਬੇ ਕੀ ਮਹਿਮਾ, ਗੁਰੂ ਨਾਲ ਸੰਗੀਤ ਪੱਧਤੀ-ਭਾਗ 1 ਤੇ 2 ਸਮੇਤ ਅਨੇਕ ਪ੍ਰਕਾਸ਼ਨਾਵਾਂ ਦੁਨੀਆ ਭਰ ਦੇ ਸੰਗੀਤ ਪ੍ਰੇਮੀਆਂ ਦਾ ਮਾਰਗਦਰਸ਼ਨ ਕਰ ਰਹੀਆਂ ਹਨ।

## ਆਡੀਓ-ਵੀਡੀਓ

1991 ਤੋਂ ਹੁਣ ਤਕ ਹੋਏ ਸੰਗੀਤ ਸੰਮੇਲਨਾਂ ਦੀਆਂ ਆਡੀਓ-ਵੀਡੀਓ ਕੈਸੇਟਾਂ ਟਕਸਾਲ ਕੋਲ ਉਪਲਬਧ ਹਨ ਤੇ ਇਨ੍ਹਾਂ ਨੂੰ ਯੂ-ਟਿਊਬ 'ਤੇ ਵੀ ਪਾਇਆ ਗਿਆ ਹੈ। 'ਗਉੜੀ ਰਾਗੁ ਸੁਲਖਣੀ' ਨਾਂ ਦਾ ਤਿੰਨ ਸੀਡੀਜ਼ ਦਾ ਸੈੱਟ ਬਹੁਤ ਸਲਾਹਿਆ ਗਿਆ। ਟਕਸਾਲ ਦੇ ਜਥਿਆਂ ਦੀ 'ਵੱਡਾ ਤੇਰਾ ਦਰਬਾਰ' ਨਾਂ ਦੀ ਆਡੀਓ ਵੀ ਉਪਲਬਧ ਹੈ।

## ਗੁਰਮਤਿ ਸੰਗੀਤ ਐਵਾਰਡ

ਗੁਰਮਤਿ ਸੰਗੀਤ ਦੇ ਖੇਤਰ 'ਚ ਵਡਮੁੱਲਾ ਯੋਗਦਾਨ ਪਾਉਣ ਵਾਲੇ 14 ਜਥਿਆਂ ਨੂੰ ਹੁਣ ਤਕ ਟਕਸਾਲ ਵੱਲੋਂ ਗੁਰਮਤਿ ਸੰਗੀਤ ਐਵਾਰਡ ਨਾਲ ਸਨਮਾਨਤ ਕੀਤਾ ਜਾ ਚੁੱਕਾ ਹੈ। ਟਕਸਾਲ ਵੱਲੋਂ ਗੁਰਦੁਆਰਾ ਹਰਗੋਬਿੰਦਗੜ੍ਹ (ਜੈਤੋ ਮੰਡੀ) ਤੇ ਗੁਰਦੁਆਰਾ ਸਾਹਿਬਜ਼ਾਦਾ ਫ਼ਤਹਿ ਸਿੰਘ ਹੈਬੋਵਾਲ ਵਿਖੇ ਵੀ ਤਬਲਾ ਵਾਦਨ ਤੇ ਤੰਤੀ ਸਾਜ਼ਾਂ ਦੀ ਸਿੱਖਿਆ ਦਿੱਤੀ ਜਾ ਰਹੀ ਹੈ। ਮੌਜੂਦਾ ਮੁਖੀ ਸੰਤ ਅਮੀਰ ਸਿੰਘ ਜਿੱਥੇ ਪੰਥ ਦੇ ਮਹਾਨ ਕਥਾ ਵਾਚਕ ਹਨ ਉੱਥੇ ਪੁਰਾਤਨ ਗੁਰਮਤਿ ਸ਼ੈਲੀ ਅਨੁਸਾਰ ਖ਼ੁਦ ਵੀ ਕੀਰਤਨ ਕਰ ਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜ ਰਹੇ ਹਨ।

## ਸੰਤ ਸੁੱਚਾ ਸਿੰਘ ਨੂੰ 'ਸ਼੍ਰੋਮਣੀ ਗੁਰਮਤਿ ਸੰਗੀਤ ਪ੍ਰਚਾਰਕ' ਐਵਾਰਡ

ਸੰਤ ਸੁੱਚਾ ਸਿੰਘ ਨੇ ਦੇਸ਼-ਵਿਦੇਸ਼ 'ਚ ਕੀਰਤਨ ਦੀਆਂ ਵਰਕਸ਼ਾਪਾਂ, ਗੋਸ਼ਟੀਆਂ, ਪ੍ਰਕਾਸ਼ਨਾਵਾਂ ਤੇ ਰਾਗਬੱਧ ਕੀਰਤਨ ਦਰਬਾਰਾਂ ਜ਼ਰੀਏ ਜੋ ਸੇਵਾ ਕੀਤੀ ਹੈ, ਉਹ ਸੁਨਹਿਰੀ ਅੱਖ਼ਰਾਂ 'ਚ ਲਿਖਣਯੋਗ ਹੈ। ਉਨਾਂ ਦੀ ਇਸ ਮਹਾਨ ਦੇਣ ਦੇ ਮੱਦੇਨਜ਼ਰ ਸਿੱਖ ਪੰਥ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ 24 ਅਗਸਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਉਨ੍ਹਾਂ ਨੂੰ 'ਸ਼੍ਰੋਮਣੀ ਗੁਰਮਤਿ ਸੰਗੀਤ ਪ੍ਰਚਾਰਕ' ਦਾ ਵੱਕਾਰੀ ਸਨਮਾਨ ਦਿੱਤਾ ਗਿਆ। ਇਹ ਸਨਮਾਨ ਮੌਜੂਦਾ ਜਾਨਸ਼ੀਨ ਸੰਤ ਬਾਬਾ ਅਮੀਰ ਸਿੰਘ ਨੇ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਪਾਸੋਂ ਪ੍ਰਾਪਤ ਕੀਤਾ। ਇਹ ਐਵਾਰਡ ਪਹਿਲੀ ਵਾਰੀ ਕਿਸੇ ਪੰਥਕ ਸ਼ਖ਼ਸੀਅਤ ਨੂੰ ਦਿੱਤਾ ਗਿਆ ਹੈ। ਇਸ ਤੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਨਾ ਮਿਲੇਗੀ। ਨਿਰਸੰਦੇਹ ਸੰਤ ਸੁੱਚਾ ਸਿੰਘ ਦੀ ਦੇਣ ਨੂੰ ਸਿਜਦਾ ਕਰਨਾ ਬਣਦਾ ਹੈ। •

# ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦਾ ਅਸਥਾਨ
# ਦਮਦਮਾ ਸਾਹਿਬ



ਪ੍ਰੋ. ਨਵ ਸੰਗੀਤ ਸਿੰਘ

ਦਮਦਮਾ ਸਾਹਿਬ, ਜੋ ਕਿ ਇਤਿਹਾਸਕ ਕਸਬੇ ਤਲਵੰਡੀ ਸਾਬੋ ਦਾ ਹੀ ਦੂਜੀ ਨਾਂ ਹੈ, ਅਧਿਆਤਮ, ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਮਹੱਤਤਾ ਦਾ ਧਾਰਨੀ ਹੈ। ਇਸ ਨੂੰ 'ਗੁਰੂ ਕੀ ਕਾਸ਼ੀ' ਵਜੋਂ ਵੀ ਜਾਣਿਆ ਜਾਂਦਾ ਹੈ। ਸਿੱਖ ਪੰਥ ਦੇ ਚੌਥੇ ਤਖ਼ਤ ਵਜੋਂ ਮਾਨਤਾ ਪ੍ਰਾਪਤ ਇਸ ਧਰਮੱਗ ਧਰਤੀ 'ਤੇ ਗੁਰੂ ਨਾਨਕ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਦੀ ਨੇ ਆਪਣੇ ਚਰਨ ਪਾਏ।

'ਗੁਰ ਬਿਲਾਸ ਪਾਤਿਸ਼ਾਹੀ ਛੇਵੀਂ' ਵਿਚ ਅੰਕਿਤ ਹੈ ਕਿ ਇਕ ਵਾਰ ਸੰਗਤਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਬੇਨਤੀ ਕੀਤੀ, "ਹਜ਼ੂਰ ਆਪਨੇ ਪਹਿਲੇ ਸਤਿਗੁਰਾਂ ਵਾਂਗ ਗੁਰਬਾਣੀ ਦਾ ਉਚਾਰਨ ਕਿਉਂ ਨਹੀਂ ਕੀਤਾ" ਤਾਂ ਗੁਰੂਦੇਵ ਨੇ ਅੰਤਰਧਿਆਨ ਹੋ ਕੇ ਫਰਮਾਇਆ, "ਅਸੀਂ ਦਸਵੇਂ ਜਾਮੇ ਵਿਚ ਤਲਵੰਡੀ ਸਾਬੋ ਵਿਖੇ ਸ੍ਰੀ ਦਮਦਮਾ ਸਾਹਿਬ ਪ੍ਰਗਟ ਕਰ ਕੇ 'ਗੁਰੂ ਕੀ ਕਾਸ਼ੀ' ਦੀ ਸਥਾਪਨਾ ਕਰਾਂਗੇ ਅਤੇ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕ ਬੀੜ ਲਿਖਾਂਗੇ" :

**ਸੁਣ ਕੇ ਹਮ ਤਾਹਿ ਕੇ ਬੈਨਨ ਕੋ,**
**ਦਮਦਮਾ ਸੁ ਮਾਲਵੇ ਬੀਚ ਸੁਧਾਰੋ।**
**ਫਿਰ ਤਾਹਿ ਤਲਵੰਡੀ ਕੇ ਕਾਸ਼ੀ ਰਚੋ,**
**ਜਹਿ ਬੈਲ ਪਢੇ ਹੋਏ ਬੁਧ ਉਦਾਰੋ।**
**ਗ੍ਰੰਥ ਉਚਾਰ ਕਰੋਂ ਤਹਾਂ ਬੈਠ ਕੇ, ਬੀੜ ਸੋਊ ਜਗ ਮਾਹਿ ਬਿਥਾਰੋ।**
**ਅਖਰ ਏਕ ਕਾ ਭੇਦ ਧਰੋ ਨਹਿ, ਮਮ ਦਾਸ ਗੁਰੂ ਸਮਰਥ ਬਿਚਾਰੋ।**

ਜਗਤ-ਗੁਰੂ ਬਾਬਾ ਨਾਨਕ ਪਹਿਲੀ ਉਦਾਸੀ ਸਮੇਂ 1515 ਈਸਵੀ ਵਿਚ ਸਰਸੇ ਤੋਂ ਸੁਲਤਾਨਪੁਰ ਜਾਂਦੇ ਹੋਏ ਇਥੇ ਬਿਰਾਜੇ ਸਨ, 159 ਸਾਲ ਪਿੱਛੋਂ 1674 ਈਸਵੀ ਵਿਚ ਗੁਰੂ ਤੇਗ਼ ਬਹਾਦਰ ਜੀ ਨੇ ਇਥੇ ਗੁਰੂਸਰ ਸਰੋਵਰ ਦਾ ਟੱਕ ਲਾਇਆ ਅਤੇ 5 ਦੁਸ਼ਾਲੇ ਮਿੱਟੀ ਦੇ ਭਰ ਕੇ ਕੱਢੇ; 31 ਸਾਲ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ 1705 ਈਸਵੀ ਵਿਚ ਜੰਗਾਂ-ਯੁੱਧਾਂ ਪਿੱਛੋਂ ਇਸ ਅਸਥਾਨ 'ਤੇ ਇਕ ਉੱਚੀ ਥੇੜ੍ਹੀ 'ਤੇ ਆ ਕੇ ਦਮ ਲਿਆ ਅਤੇ ਕਮਰਕੱਸਾ ਖੋਲ੍ਹਿਆ। ਇਸ ਅਸਥਾਨ ਤੋਂ ਸਿੱਖ ਸੰਗਤਾਂ ਦੇ ਨਾਂ ਹੁਕਮਨਾਮੇ ਜਾਰੀ ਕੀਤੇ ਅਤੇ 1706 ਈਸਵੀ ਦੀ ਵਿਸਾਖੀ 'ਤੇ ਕਰੀਬ ਸਵਾ ਲੱਖ ਲੋਕਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ਿਸ਼ ਕੀਤੀ।

ਇਸ ਇਲਾਕੇ ਦਾ ਚੌਧਰੀ ਉਨ੍ਹੀਂ ਦਿਨੀਂ ਭਾਈ ਡੱਲਾ ਹੁੰਦਾ ਸੀ, ਜੋ ਦਸ਼ਮੇਸ਼ ਪਿਤਾ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਪਿੱਛੋਂ ਡਲ ਸਿੰਘ ਵਜੋਂ ਜਾਣਿਆ ਗਿਆ। ਇਹ ਨਗਰ ਫਿਲਹਾਲ ਰੇਲਵੇ ਨਾਲ ਨਹੀਂ ਜੁੜਿਆ ਅਤੇ ਬਠਿੰਡਾ-ਰਾਮਾ ਸੜਕ ਉੱਤੇ ਬਠਿੰਡਾ ਤੋਂ 28 ਕਿੱਲੋਮੀਟਰ, ਰਾਮਾ ਤੋਂ 13 ਕਿੱਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਇਸ ਪਵਿੱਤਰ ਸਰਜ਼ਮੀਂ ਉੱਤੇ ਗੁਰੂ ਗੋਬਿੰਦ ਸਿੰਘ ਜੀ ਨੇ ਕਰੀਬ ਸਵਾ ਸਾਲ ਬਿਸ਼ਰਾਮ ਕੀਤਾ ਅਤੇ 1706 ਈਸਵੀ 'ਚ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕ ਤੇ ਸੰਪੂਰਨ ਬੀੜ ਤਿਆਰ ਕਰਵਾਈ। ਇਸ ਬੀੜ ਨੂੰ ਗੁਰੂ ਜੀ ਨੇ ਆਪਣੀ ਅਧਿਆਤਮਿਕ ਸ਼ਕਤੀ ਦੁਆਰਾ ਭਾਈ ਮਨੀ ਸਿੰਘ ਦੇ ਹੱਥੋਂ ਲਿਖਵਾਇਆ, ਜਿਸ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਤੇ ਰਾਗ ਜੈਜਾਵੰਤੀ ਸ਼ਾਮਲ ਕਰ ਕੇ ਇਸ ਨੂੰ ਸੰਪੂਰਨਤਾ ਪ੍ਰਦਾਨ ਕੀਤੀ। ਇਸੇ ਬੀੜ ਨੂੰ 'ਦਮਦਮੀ ਬੀੜ' ਵਜੋਂ ਜਾਣਿਆ ਜਾਂਦਾ ਹੈ। 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਬਾਰੇ ਅੰਕਿਤ ਕੀਤਾ ਹੈ :

**ਅਬ ਦਰਬਾਰ ਦਮਦਮਾ ਜਹਾਂ।**
**ਤੰਬੂ ਲਗਵਾ ਕੈ ਗੁਰ ਤਹਾਂ।**
**ਮਨੀ ਸਿੰਘ ਕੋ ਲਿਖਨ ਬਠੈ ਕੈ।**
**ਗੁਰ ਨਾਨਕ ਦਾ ਧਿਆਨ ਧਰੈ ਕੈ।**
**ਨਿਤਪ੍ਰਤਿ ਗੁਰੂ ਉਚਾਰੀ ਜੈਸੇ।**
**ਬਾਣੀ ਲਿਖੀ ਮਨੀ ਸਿੰਘ ਤੈਸੇ।**
**ਬੀੜ ਆਦਿ ਗੁਰ ਗ੍ਰੰਥੈ ਜੇਹੀ।**
**ਕਰੀ ਦਸਮ ਗੁਰ ਤਿਆਰ ਉਜੇਹੀ।**

'ਸਾਹਿਤਯ-ਸ਼ਾਸਤਰੀ' ਗਿਆਨੀ ਬਲਵੰਤ ਸਿੰਘ ਕੋਠਾਗੁਰੂ ਮੁਤਾਬਕ ਇਹ ਬੀੜ ਵੈਸਾਖੀ ਵਾਲੇ ਦਿਨ (1763 ਬਿਕਰਮੀ) ਵਿਖਣੀ ਆਰੰਭ ਕੀਤੀ ਅਤੇ ਭਾਦਰੋਂ ਵਦੀ ਤੀਜ ਨੂੰ ਪੂਰਨ ਹੋਈ। ਦਮਦਮੀ ਬੀੜ ਦੀ ਲਿਖਾਈ ਬਾਰੇ ਉਨ੍ਹਾਂ ਨੇ 1736 ਈਸਵੀ ਵਿਚ ਲਿਖੀ 'ਦੌਰਾ ਸਾਖੀ' ਵਿੱਚੋਂ ਵੀ ਮਹੱਤਵਪੂਰਨ ਹਵਾਲੇ ਦਿੱਤੇ ਹਨ। ਇਸ ਦੀ ਪੁਸ਼ਟੀ ਗਿਆਨੀ ਗਿਆਨੀ ਗਿਆਨ ਸਿੰਘ ਨੇ ਇਨ੍ਹਾਂ ਪੰਕਤੀਆਂ ਵਿਚ ਕੀਤੀ ਹੈ :

**ਅਉਹ ਚਾਰ ਤਿਸ ਪ੍ਰਤੇ ਭਾਏ।**
**ਦੀਪ ਸਿੰਘ ਸ਼ਹੀਦ ਲਿਖਾਏ।**
**ਇਕ ਅਕਾਲ ਬੁੰਗੇ ਇਕ ਪਟਨੇ।**
**ਤਿਰਤੀ ਹਜ਼ੂਰ ਦਿਯੋ ਹਿਤ ਪਢਨੇ।**
**ਚਤਰਥ ਰਾਖਯੋ ਦਮਦਮੇ ਮਾਹਿ।**
**ਬਢ ਬਾਬੇ ਯਾਹਿ ਚਾਰ ਕਹਾਏ।**

ਅਰਥਾਤ, ਕਲਗੀਧਰ ਪਿਤਾ ਦੇ ਹੁਕਮ 'ਤੇ ਬਾਬਾ ਦੀਪ ਸਿੰਘ ਨੇ ਇਸ ਬੀੜ ਦੇ ਚਾਰ ਉਤਾਰੇ ਕੀਤੇ, ਜੋ ਕ੍ਰਮਵਾਰ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ, ਪਟਨਾ ਸਾਹਿਬ, ਹਜ਼ੂਰ ਸਾਹਿਬ ਅਤੇ ਦਮਦਮਾ ਸਾਹਿਬ ਵਿਚ ਰੱਖੇ ਗਏ। ਪਿੱਛੋਂ ਬਾਬਾ ਦੀਪ ਸਿੰਘ ਨੇ ਹਿੰਦੀ, ਮਰਾਠੀ, ਉਰਦੂ, ਫ਼ਾਰਸੀ ਤੇ ਅਰਬੀ ਵਿਚ ਵੀ ਇਸ ਦਾ ਅਨੁਵਾਦ ਕੀਤਾ।

ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਲੇਖਨ ਬਾਰੇ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਅੰਮ੍ਰਿਤ ਵੇਲੇ ਇਸ ਦੀ ਲਿਖਾਈ ਹੁੰਦੀ ਸੀ ਅਤੇ ਸ਼ਾਮ ਨੂੰ ਲਿਖੀ ਬਾਣੀ ਦੀ ਕਥਾ ਕੀਤੀ ਜਾਂਦੀ ਸੀ। ਦਸਮੇਸ਼ ਪਿਤਾ ਖ਼ੁਦ ਕਥਾ ਕਰਿਆ ਕਰਦੇ ਸਨ। ਜਿਨ੍ਹਾਂ ਗੁਰਮੁਖਾਂ ਨੇ ਆਦਿ ਤੋਂ ਅੰਤ ਤਕ ਕਥਾ ਸ੍ਰਵਣ ਕੀਤੀ, ਉਨ੍ਹਾਂ ਨੂੰ 'ਬ੍ਰਹਮ ਗਿਆਨੀ' ਦੀ ਪਦਵੀ ਦਿੱਤੀ ਗਈ। ਇਨ੍ਹਾਂ ਬ੍ਰਹਮ ਗਿਆਨੀਆਂ ਵਿਚ 48 ਗੁਰਮੁਖ ਸਨ- ਭਾਈ ਮਨੀ ਸਿੰਘ ਸ਼ਹੀਦ, ਬਾਬਾ ਦੀਪ ਸਿੰਘ ਸ਼ਹੀਦ, ਬਾਬਾ ਰਾਮ ਸਿੰਘ ਕੁਇਰ, ਬਾਬਾ ਕਾਨ੍ਹ ਸਿੰਘ, ਬਾਬਾ ਬਿਨੋਦ ਸਿੰਘ, ਬਾਬਾ ਗੁਰਮੁਖ ਸਿੰਘ ਸ਼ਹੀਦ, ਭਾਈ ਦਾਨ ਸਿੰਘ, ਭਾਈ ਧਰਮ ਸਿੰਘ, ਭਾਈ ਪਰਮ ਸਿੰਘ, ਭਾਈ ਸ਼ਮੀਰ ਸਿੰਘ, ਭਾਈ ਨੰਦ ਲਾਲ, ਭਾਈ ਧੰਨਾ ਸਿੰਘ, ਭਾਈ ਦਇਆ ਸਿੰਘ, ਭਾਈ ਜੀਵਾ ਸਿੰਘ, ਭਾਈ ਪਿਆਰਾ ਸਿੰਘ, ਭਾਈ ਬੀਰ ਸਿੰਘ, ਭਾਈ ਧੀਰ ਸਿੰਘ, ਭਾਈ ਸੁੰਦਰ ਸਿੰਘ, ਭਾਈ ਅਮਰ ਸਿੰਘ, ਭਾਈ ਤਾਰਾ ਸਿੰਘ, ਭਾਈ ਜਗਜੀਵਨ ਸਿੰਘ, ਭਾਈ ਗੋਪਾਲ ਸਿੰਘ, ਭਾਈ ਗਿਆਨ ਸਿੰਘ, ਭਾਈ ਬਿਸੰਭਰ ਸਿੰਘ, ਭਾਈ ਹਰਗੋਪਾਲ ਸਿੰਘ, ਭਾਈ ਮਾਨ ਸਿੰਘ, ਭਾਈ ਰਾਏ ਸਿੰਘ, ਭਾਈ ਮੱਖਣ ਸਿੰਘ, ਭਾਈ ਮਦਨ ਸਿੰਘ, ਭਾਈ ਧਰਨ ਸਿੰਘ, ਭਾਈ ਸੁਜਾਨ ਸਿੰਘ, ਭਾਈ ਜੀਵਨ ਸਿੰਘ, ਭਾਈ ਅਕਾਲ ਸਿੰਘ, ਭਾਈ ਪ੍ਰਿਤਪਾਲ ਸਿੰਘ, ਭਾਈ ਦਿਆਲ ਸਿੰਘ, ਭਾਈ ਬਖ਼ਤਾਵਰ ਸਿੰਘ, ਭਾਈ ਦੇਵਾ ਸਿੰਘ, ਭਾਈ ਮੇਵਾ ਸਿੰਘ, ਭਾਈ ਗਿਆਨ ਸਿੰਘ, ਭਾਈ ਅਚਲ ਸਿੰਘ, ਰਾਜਾ ਜੈ ਸਿੰਘ, ਰਾਜਾ ਬਿਸ਼ਨ ਸਿੰਘ, ਭਾਈ ਭਾਗ ਸਿੰਘ, ਭਾਈ ਵਸਾਵਾ ਸਿੰਘ, ਭਾਈ ਘਣੀਆ ਸਿੰਘ, ਭਾਈ ਰਾਮ ਸਿੰਘ, ਭਾਈ ਤਿਰਲੋਕ ਸਿੰਘ ਅਤੇ ਭਾਈ ਮਲਿਅਗਰ ਸਿੰਘ ਸ਼ਾਮਲ ਸਨ। ਇਨ੍ਹਾਂ ਗੁਰਸਿੱਖਾਂ ਬਾਰੇ ਗਿਆਨੀ ਗੁਰਬਚਨ ਸਿੰਘ ਭਿੰਡਰਾਂ ਨੇ 'ਗੁਰਮੁਖ ਪ੍ਰਕਾਸ਼' 'ਚ ਅੰਕਿਤ ਕੀਤਾ ਹੈ :

**ਤਖ਼ਤ ਦਮਦਮੇ ਸੋਂ ਪੜੇ**
**ਅਠਤਾਲੀ ਸਿੰਘ ਰਾਸ।**
**ਅਰਕ ਸੰਪਦਾ ਪਾਠ ਕੀ**
**ਚਲੀ ਤਬੀ ਤੇ ਖਾਸ।**

ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਪਿੱਛੋਂ ਗੁਰੂ ਜੀ ਨੇ ਬਚੀਆਂ ਹੋਈਆਂ ਕਲਮਾਂ ਤੇ ਸਿਆਹੀ ਆਦਿ ਸਮੱਗਰੀ ਲਿਖਣਸਰ ਦੇ ਟੋਭੇ 'ਚ ਪ੍ਰਵਾਹਿਤ ਕਰ ਕੇ ਇਸ ਧਰਤੀ ਨੂੰ 'ਗੁਰੂ ਕੀ ਕਾਸ਼ੀ' ਹੋਣ ਦਾ ਵਰਦਾਨ ਦਿੰਦਿਆਂ ਫਰਮਾਇਆ ਸੀ :

**ਇਹ ਹੈ ਪ੍ਰਗਟ ਹਮਾਰੀ ਕਾਸ਼ੀ॥**
**ਪੜ੍ਹ ਹੈਂ ਈਹਾਂ ਢੋਰ ਮਤ ਰਾਸੀ॥**
**ਲੇਖਨ ਗੁਨੀ ਕਵਿੰਦ ਗਿਆਨੀ॥**
**ਬੁਧਿਸਿੰਧੂ ਹ੍ਵੈ ਹੈਂ ਇਤਿ ਆਨੀ॥**
**ਤਿਨ ਕੇ ਕਾਰਨ ਕਲਮ ਗਢ,**
**ਦੇਤ ਪ੍ਰਗਟ ਹਮ ਡਾਰ॥**
**ਸਿਖ ਸਖਾ ਸਭ ਪੜ੍ਹੈਂਗੇ,**
**ਹਮਰੇ ਕਈ ਹਜ਼ਾਰ॥**

ਚੌਧਰੀ ਡੱਲੇ ਦਾ ਮਾਣ ਤੋੜਨ ਲਈ ਗੁਰੂ ਜੀ ਨੇ ਲਾਹੌਰ ਵਾਸੀ ਭਾਈ ਉਦੇ ਸਿੰਘ ਵੱਲੋਂ ਭੇਟ ਕੀਤੀ ਬੰਦੂਕ ਦੀ ਪਰਖ ਲਈ ਉਸ ਨੂੰ ਆਪਣੇ ਯੋਧੇ ਭੇਜਣ ਲਈ ਕਿਹਾ ਪਰ ਡੱਲੇ ਦੇ ਸੈਨਿਕ ਅਣਿਆਈ ਮੌਤ ਮਰਨ ਤੋਂ ਕੋਰਾ ਜਵਾਬ ਦੇ ਗਏ। ਗੁਰੂ ਜੀ ਦਾ ਹੁਕਮ ਮੰਨ ਕੇ ਪਿਉ-ਪੁੱਤਰ ਬਾਬਾ ਬੀਰ ਸਿੰਘ ਤੇ ਬਾਬਾ ਧੀਰ ਸਿੰਘ ਨੇ ਖ਼ੁਦ ਨੂੰ ਗੁਰੂ ਜੀ ਦੇ ਸਨਮੁੱਖ ਪੇਸ਼ ਕੀਤਾ। ਉਨ੍ਹਾਂ ਮਰਜੀਵੜਿਆਂ ਦੀ ਯਾਦ 'ਚ ਇਥੇ ਇਕ ਗੁਰਦੁਆਰਾ ਮੌਜੂਦ ਹੈ।

ਗੁਰੂ ਜੀ ਜੇ ਦਰਬਾਰ ਵਿਚ ਇਥੇ ਦਿੱਲੀ ਤੋਂ ਮਾਤਾਵਾਂ (ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ) ਭਾਈ ਮਨੀ ਸਿੰਘ ਸਮੇਤ ਪਹੁੰਚੀਆਂ ਤਾਂ ਉਨ੍ਹਾਂ ਨੂੰ ਆਪਣੇ ਸਾਹਿਬਜ਼ਾਦੇ ਨਜ਼ਰ ਨਾ ਆਏ। ਗੁਰੂ ਜੀ ਤੋਂ ਪੁੱਛਣ 'ਤੇ ਦਸਮੇਸ਼ ਪਿਤਾ ਨੇ ਭਰੇ ਦਰਬਾਰ ਵੱਲ ਸੰਕੇਤ ਕਰ ਕੇ ਫਰਮਾਇਆ :

**ਇਨ ਪੁਤਰਨ ਕੇ ਸੀਸ ਪਰ**
**ਵਾਰ ਦੀਏ ਸੁਤ ਚਾਰ॥**
**ਚਾਰ ਮੂਏ ਤੋਂ ਕਿਆ ਹੂਆ**
**ਜੀਵਤ ਕਈ ਹਜ਼ਾਰ॥**

ਉਸ ਯਾਦਗਾਰ ਦਾ ਪ੍ਰਤੀਕ ਇਕ ਗੁਰਦੁਆਰਾ (ਜੋ ਮਾਤਾਵਾਂ ਦੇ ਨਾਂ 'ਤੇ ਹੈ) ਇਥੇ ਸੁਸ਼ੋਭਿਤ ਹੈ।

ਗੁਰਦੁਆਰਾ ਜੰਡਸਰ ਸਾਹਿਬ ਉਹ ਸਥਾਨ ਹੈ, ਜਿੱਥੇ ਗੁਰੂ ਜੀ ਨੇ ਜੰਡ ਨਾਲ ਘੋੜਾ ਬੰਨ੍ਹ ਕੇ ਆਪਣੇ ਸੈਨਿਕਾਂ ਨੂੰ ਗੁਪਤ ਖ਼ਜ਼ਾਨਾ ਕੱਢ ਕੇ ਤਨਖ਼ਾਹਾਂ ਵੰਡੀਆਂ। ਗੁਰਦੁਆਰਾ ਮਹੱਲਸਰ ਵਿਖੇ ਗੁਰੂ ਜੀ ਨੇ ਬੀਰ ਰਸ ਦਾ ਪ੍ਰਤੀਕ ਮਹੱਲਾ ਖੇਡਿਆ ਸੀ। ਬਾਬਾ ਦੀਪ ਸਿੰਘ ਨਾਲ ਸਬੰਧਤ ਤਿੰਨ ਸਥਾਨ ਇਥੇ ਮੌਜੂਦ ਹਨ, ਜਿਨ੍ਹਾਂ ਵਿਚ ਭੋਰਾ ਸਾਹਿਬ, ਬੁਰਜ ਅਤੇ ਖੂਹ ਸ਼ਾਮਲ ਹਨ।

ਤਖ਼ਤ ਸਾਹਿਬ ਵਿਖੇ ਜੋ ਇਤਿਹਾਸਕ ਨਿਸ਼ਾਨੀਆਂ ਮੌਜੂਦ ਹਨ, ਉਨ੍ਹਾਂ ਵਿਚ ਇਤਿਹਾਸਕ ਬੰਦੂਕ, ਅਬਰੇ ਰਹਿਮਤ ਬਾਰ ਸ਼ੀਸ਼ਾ, ਤੇਗਾ ਬਾਬਾ ਦੀਪ ਸਿੰਘ, ਮੋਹਰ ਤਖ਼ਤ ਸਾਹਿਬ ਅਤੇ ਕ੍ਰਿਪਾਨ ਗੁਰੂ ਸਾਹਿਬ ਸ਼ਾਮਲ ਹਨ। ਇਸ ਤੋਂ ਇਲਾਵਾ ਭਾਈ ਡੱਲੇ ਦੇ ਖ਼ਾਨਦਾਨ ਕੋਲ ਵੀ ਗੁਰੂ-ਬਖ਼ਸ਼ਿਸ਼ ਦੁਆਰਾ ਰੱਖੀਆਂ ਕੁਝ ਦੁਰਲੱਭ ਤੇ ਪਵਿੱਤਰ ਵਸਤਾਂ ਪਈਆਂ ਹਨ, ਜਿਨ੍ਹਾਂ ਵਿਚ ਤੇਗਾ, ਸ੍ਰੀ ਸਾਹਿਬ, ਵੱਡੀ ਦਸਤਾਰ, ਛੋਟੀ ਦਸਤਾਰ, ਵੱਡਾ ਚੋਲਾ, ਛੋਟਾ ਚੋਲਾ, ਬਾਜ਼ ਦੀ ਡੋਰ, ਰੇਬ ਪਜਾਮਾ, ਮਾਤਾ ਸਾਹਿਬ ਕੌਰ ਦਾ ਰੇਬ ਪਜਾਮਾ ਅਤੇ ਛੋਟੇ ਆਕਾਰ ਦੀ ਬੀੜ ਸ਼ਾਮਲ ਹੈ। ਇਨ੍ਹਾਂ ਚੀਜ਼ਾਂ ਦੇ ਦਰਸ਼ਨ ਭਾਈ ਡਲ ਸਿੰਘ ਦੇ ਗ੍ਰਹਿ ਵਿਖੇ ਸਵੇਰ ਤੋਂ ਸ਼ਾਮ ਤਕ ਸੰਗਤਾਂ ਨੂੰ ਕਰਵਾਏ ਜਾਂਦੇ ਹਨ ਜਦਕਿ ਕਿਸੇ ਸਮੇਂ ਹਰੇਕ ਚਾਨਣੀ ਦਸਮੀਂ ਨੂੰ ਇਹ ਵਸਤਾਂ ਵਿਖਾਈਆਂ ਜਾਂਦੀਆਂ ਹਨ।

ਵੀਹ ਕੁ ਸਾਲ ਪਹਿਲਾਂ ਤਕ ਤਖ਼ਤ ਸਾਹਿਬ ਵਿਖੇ ਸੰਗਤਾਂ ਦੀ ਆਮਦ ਬਹੁਤ ਘੱਟ ਸੀ ਪਰ ਹੁਣ ਵਿਸਾਖੀ ਤੋਂ ਇਲਾਵਾ ਆਮ ਦਿਨ੍ਹਾਂ ਵਿਚ ਵੀ ਸੰਗਤਾਂ ਦਾ ਇਕੱਠ ਬਹੁਤ ਹੁੰਦਾ ਹੈ। ਮੱਸਿਆ ਅਤੇ ਐਤਵਾਰ ਦੇ ਦਿਨਾਂ ਵਿਚ ਵਿਸ਼ੇਸ਼ ਦੀਵਾਨ ਲਗਦੇ ਹਨ, ਜਿਸ ਵਿਚ ਢਾਡੀ ਤੇ ਕਵੀਸ਼ਰ ਗੁਰੂ-ਜੱਸ ਦਾ ਗਾਇਨ ਕਰ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ।

ਕਰੀਬ ਤਿੰਨ ਸੌ ਸਾਲ ਪਹਿਲਾਂ ਦਸਮੇਸ਼ ਪਿਤਾ ਨੇ ਜੋ ਵਰਦਾਨ ਇਸ ਬੰਜਰ ਭੂਮੀ ਤੇ ਪਛੜੇ ਇਲਾਕੇ ਨੂੰ ਦਿੱਤੇ ਸਨ, ਉਹ ਸਾਰੇ ਹੀ ਸਹਿਜਤਾ ਤੇ ਨਿਰੰਤਰਤਾ ਨਾਲ ਫਲੀਭੂਤ ਹੁੰਦੇ ਨਜ਼ਰ ਆ ਰਹੇ ਹਨ। ਉੱਚ ਵਿੱਦਿਆ ਦੀ ਸਭ ਤੋਂ ਵੱਡੀ ਸੰਸਥਾ, ਗੁਰੂ ਕਾਸ਼ੀ ਕਾਲਜ ਇਥੇ 1962 ਵਿਚ ਸਥਾਪਤ ਹੋਇਆ, 1988 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪਣਾ ਕੈਂਪਸ ਸਥਾਪਤ ਕੀਤਾ, 1997 ਵਿਚ ਸ਼੍ਰੋਮਣੀ ਕਮੇਟੀ ਵੱਲੋਂ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਦੀ ਸਥਾਪਨਾ ਕੀਤੀ ਗਈ, ਦੋ ਯੂਨੀਵਰਸਿਟੀਆਂ 'ਗੁਰੂ ਕਾਸ਼ੀ ਯੂਨੀਵਰਸਿਟੀ' ਅਤੇ 'ਅਕਾਲ ਯੂਨੀਵਰਸਿਟੀ' ਤੋਂ ਇਲਾਵਾ ਇਥੇ ਸਕੂਲੀ ਪੜ੍ਹਾਈ ਲਈ ਬਹੁਤ ਸਾਰੇ ਸਰਕਾਰੀ ਅਤੇ ਨਿੱਜੀ ਵਿੱਦਿਅਕ ਅਦਾਰੇ 'ਗੁਰੂ ਕੀ ਕਾਸ਼ੀ' ਦੇ ਸੰਕਲਪ ਨੂੰ ਮੂਰਤੀਮਾਨ ਕਰ ਰਹੇ ਹਨ। •

94176-92015

# ਵਿਰੋਧੀ ਧਿਰ ਦੇ ਆਗੂ ਨੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਅਤੇ ਭ੍ਰਿਸ਼ਟ ਅਧਿਕਾਰੀਆਂ ਦਾ ਪੱਖ ਪੂਰਿਆ: ਬਰਿੰਦਰ ਕੁਮਾਰ ਗੋਇਲ

**➢ ਭ੍ਰਿਸ਼ਟਾਚਾਰ ਨੂੰ ਰੋਕਣ ਅਤੇ ਕੰਮਾਂ ਦੀ ਗੁਣਵੱਤਾ ਯਕੀਨੀ ਬਣਾਉਣ ਲਈ ਵਿਭਾਗੀ ਵਿਜੀਲੈਂਸ ਦੀਆਂ ਕਾਰਵਾਈਆਂ ਅੰਦਰੂਨੀ ਜਾਂਚ ਦਾ ਹਿੱਸਾ ➢ ਲੋਕਾਂ ਅਤੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਯਕੀਨੀ ਬਣਾਉਂਦਿਆਂ 924 ਹੜ੍ਹ ਸੁਰੱਖਿਆ ਕਾਰਜ ਪਹਿਲਾਂ ਹੀ ਨੇਪਰੇ ਚਾੜ੍ਹੇ ਗਏ**

**ਚੰਡੀਗੜ੍ਹ, 6 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਪੰਜਾਬ ਵਿਧਾਨ ਸਭਾ ਦੇ ਹਾਲੀਆ ਵਿਸ਼ੇਸ਼ ਸੈਸ਼ਨ ਦੌਰਾਨ ਵਿਭਾਗੀ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਅਤੇ ਹੈਰਾਨੀਜਨਕ ਤੌਰ 'ਤੇ ਭ੍ਰਿਸ਼ਟ ਅਧਿਕਾਰੀਆਂ ਦਾ ਪੱਖ ਲੈਣ ਲਈ ਵਿਰੋਧੀ ਧਿਰ ਦੇ ਨੇਤਾ (ਐਲ.ਓ.ਪੀ) ਪ੍ਰਤਾਪ ਸਿੰਘ ਬਾਜਵਾ ਨੂੰ ਕਰੜੇ ਹੱਥੀਂ ਲਿਆ।

ਕੈਬਨਿਟ ਮੰਤਰੀ ਨੇ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਦੇ ਅਜਿਹੇ ਬਿਆਨ ਸਦਨ ਨੂੰ ਗੁੰਮਰਾਹ ਕਰਨ ਅਤੇ ਵਿਭਾਗ ਵੱਲੋਂ ਪਾਰਦਰਸ਼ੀ ਢੰਗ ਅਤੇ ਇਮਾਨਦਾਰੀ ਨਾਲ ਕੀਤੇ ਜਾ ਰਹੇ ਕੰਮਕਾਜ 'ਤੇ ਉਂਗਲ ਉਠਾਉਣ ਦੀ ਕੋਝੀ ਚਾਲ ਹਨ।

ਸ੍ਰੀ ਗੋਇਲ ਨੇ ਸਪੱਸ਼ਟ ਕੀਤਾ ਕਿ ਬਾਜਵਾ ਵੱਲੋਂ 22 ਅਗਸਤ, 2025 ਦੇ ਉਸ ਪੱਤਰ ਦਾ ਹਵਾਲਾ ਦਿੱਤਾ ਗਿਆ ਸੀ, ਜੋ ਵਿਭਾਗ ਦੇ ਮੁੱਖ ਇੰਜੀਨੀਅਰ (ਵਿਜੀਲੈਂਸ) ਵੱਲੋਂ ਹੜ੍ਹ ਸੁਰੱਖਿਆ ਸਬੰਧੀ ਕੁਝ ਕਾਰਜਾਂ ਦਾ ਮੁੜ ਮੁਲਾਂਕਣ ਕਰਨ ਬਾਬਤ ਮੁੱਖ ਇੰਜੀਨੀਅਰ (ਡਰੇਨੇਜ) ਨੂੰ ਲਿਖਿਆ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਪੱਤਰ ਫੰਡਾਂ ਦੀ ਸੁਚੱਜੀ ਵਰਤੋਂ ਅਤੇ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਖਾਸ ਕਰਕੇ ਮਾਨਸੂਨ ਦੀ ਸ਼ੁਰੂਆਤ ਤੋਂ ਬਾਅਦ ਜਾਂਚ ਅਤੇ ਸੰਤੁਲਨ ਬਰਕਰਾਰ ਰੱਖਣ ਸਬੰਧੀ ਇੱਕ ਅੰਦਰੂਨੀ ਪ੍ਰਕਿਰਿਆ ਸੀ। ਕੈਬਨਿਟ ਮੰਤਰੀ ਨੇ ਕਿਹਾ ਕਿ ਐਲ.ਓ.ਪੀ. ਨੇ ਜਾਣਬੁੱਝ ਕੇ ਇਨ੍ਹਾਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ।

ਜਲ ਸਰੋਤ ਮੰਤਰੀ ਨੇ ਅੱਗੇ ਕਿਹਾ ਕਿ ਵਿਰੋਧੀ ਧਿਰ ਵੱਲੋਂ ਦੱਸਿਆ ਗਿਆ ਪੱਤਰ ਸਿਰਫ਼ 35 ਕੰਮਾਂ ਨਾਲ ਸਬੰਧਤ ਸੀ, ਜੋ ਮਾਨਸੂਨ ਦੀ ਸ਼ੁਰੂਆਤ ਮੌਕੇ ਚਲ ਰਹੇ ਸਨ, ਜਦੋਂ ਕਿ ਵਿਭਾਗ ਵੱਲੋਂ



ਹੜ੍ਹਾਂ ਦੇ ਮੌਸਮ ਤੋਂ ਪਹਿਲਾਂ ਹੀ 924 ਕੰਮ ਮੁਕੰਮਲ ਕੀਤੇ ਜਾ ਚੁੱਕੇ ਸਨ। ਵਿਰੋਧੀ ਧਿਰ ਦੇ ਨੇਤਾ ਨੇ ਇਹ ਹਵਾਲਾ ਦਿੰਦਿਆਂ ਇਸ ਬਾਰੇ ਜ਼ਿਕਰ ਤੱਕ ਨਹੀਂ ਕੀਤਾ ਕਿ ਇਹ 35 ਕੰਮ ਕੁੱਲ ਪ੍ਰਾਜੈਕਟਾਂ ਦਾ ਸਿਰਫ਼ 3.8 ਫ਼ੀਸਦ ਹਨ। ਉਨ੍ਹਾਂ ਕਿਹਾ ਕਿ ਇਸ ਗੱਲ ਤੋਂ ਵਿਰੋਧੀ ਧਿਰ ਦੇ ਨੇਤਾ ਵੱਲੋਂ ਤੱਥਾਂ ਨੂੰ ਛੁਪਾਉਣ ਅਤੇ ਉਸ ਵੱਲੋਂ ਗੁਮਰਾਹ ਕਰਨ ਦੇ ਇਰਾਦੇ ਦਾ ਸਾਫ਼ ਪਤਾ ਲਗਦਾ ਹੈ।

ਵਿਰੋਧੀ ਧਿਰ ਦੇ ਇਕ ਹੋਰ ਦੋਸ਼ ਦਾ ਜਵਾਬ ਦਿੰਦਿਆਂ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਵਿਰੋਧੀ ਧਿਰ ਆਗੂ ਨੇ ਗ਼ਲਤ ਦਾਅਵਾ ਕੀਤਾ ਹੈ ਕਿ ਵਿਭਾਗ ਦੇ 8,000 ਕਰਮਚਾਰੀਆਂ ਨੂੰ ਚਾਰਜਸ਼ੀਟ ਕੀਤਾ ਗਿਆ ਹੈ ਜਦਕਿ ਅਸਲ ਅੰਕੜਾ ਕੁੱਲ 16,000 ਤੋਂ ਵੱਧ ਕਰਮਚਾਰੀਆਂ ਵਿੱਚੋਂ ਸਿਰਫ਼ 750 ਤੋਂ ਵੀ ਘੱਟ ਹੈ। ਸ੍ਰੀ ਗੋਇਲ ਨੇ ਕਿਹਾ ਕਿ ਇਹ ਚਾਰਜਸ਼ੀਟਾਂ ਭ੍ਰਿਸ਼ਟਾਚਾਰ, ਗ਼ਲਤ ਰਵੱਈਏ ਅਤੇ ਡਿਊਟੀ ਵਿੱਚ ਕੁਤਾਹੀ ਦੇ ਮਾਮਲਿਆਂ ਵਿੱਚ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਕੁਝ ਮਾਮਲਿਆਂ ਦੀ ਸਿਫਾਰਸ਼ ਵਿਜੀਲੈਂਸ ਬਿਊਰੋ ਵੱਲੋਂ ਗੁਰਿੰਦਰ ਸਿੰਘ ਠੇਕੇਦਾਰ ਮਾਮਲੇ ਵਿੱਚ ਕੀਤੀ ਗਈ ਸੀ। ਡਿਊਟੀ ਵਿੱਚ ਕੁਤਾਹੀ ਵਰਤਣ ਬਾਰੇ ਤੱਥ ਪੇਸ਼ ਕਰਦਿਆਂ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਇੱਕ ਅਧਿਕਾਰੀ ਨੂੰ ਕਿਸੇ ਖਾਸ ਠੇਕੇਦਾਰ ਦਾ ਪੱਖ ਲੈਣ ਅਤੇ ਟੈਂਡਰ ਭਰਨ ਲਈ ਆਪਣੇ ਹੀ ਲੈਪਟਾਪ ਦੀ ਵਰਤੋਂ ਕਰਨ ਉਪਰੰਤ ਡਿਮੋਟ ਕਰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇੱਕ ਹੋਰ ਅਧਿਕਾਰੀ ਨੇ ਆਪਣੇ ਤਬਾਦਲੇ ਉਪਰੰਤ ਗ਼ੈਰ-ਕਾਨੂੰਨੀ ਤੌਰ 'ਤੇ ਟੈਂਡਰਾਂ ਨੂੰ ਮਨਜ਼ੂਰੀ ਦਿੱਤੀ ਸੀ। ਇਸੇ ਤਰ੍ਹਾਂ ਖਣਨ ਵਿਭਾਗ ਵਿੱਚ ਤਾਇਨਾਤ ਗੁਰਦਾਸਪੁਰ ਦੇ ਇੱਕ ਅਧਿਕਾਰੀ ਨੂੰ 2.5 ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਫੜੇ ਜਾਣ ਤੋਂ ਬਾਅਦ ਬਰਖ਼ਾਸਤ ਕਰ ਦਿੱਤਾ ਗਿਆ ਸੀ। ਉਨ੍ਹਾਂ ਅੱਗੇ ਦੱਸਿਆ ਕਿ ਕੁਝ ਅਧਿਕਾਰੀ ਠੇਕੇਦਾਰਾਂ 'ਤੇ ਰਿਸ਼ਵਤ ਲਈ ਦਬਾਅ ਪਾਉਂਦੇ ਰਹੇ ਸਨ, ਜਦੋਂ ਕਿ ਕੁਝ ਅਧਿਕਾਰੀ ਨਿਯਮਾਂ ਅਨੁਸਾਰ ਰਾਇਲਟੀ ਇਕੱਠੀ ਕਰਨ ਵਿੱਚ ਜਾਣਬੁੱਝ ਕੇ ਅਸਫਲ ਰਹੇ ਜਿਸ ਕਾਰਨ ਸਰਕਾਰੀ ਖ਼ਜ਼ਾਨੇ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਸੀ।

ਸ੍ਰੀ ਗੋਇਲ ਨੇ ਕਿਹਾ ਕਿ ਭ੍ਰਿਸ਼ਟਾਚਾਰ ਵਿਰੁੱਧ ਸਰਕਾਰ ਦੀ ਜ਼ੀਰੋ-ਟੌਲਰੈਂਸ ਨੀਤੀ ਦੀ ਸ਼ਲਾਘਾ ਕਰਨ ਦੀ ਬਜਾਏ ਵਿਰੋਧੀ ਧਿਰ ਦੇ ਨੇਤਾ ਨੇ ਭ੍ਰਿਸ਼ਟ ਅਤੇ ਡਿਊਟੀ ਵਿੱਚ ਕੁਤਾਹੀ ਵਰਤਣ ਵਾਲਿਆਂ ਨੂੰ ਬਚਾਉਣ ਅਤੇ ਜਵਾਬਦੇਹੀ ਦੇ ਮਾਪਦੰਡਾਂ 'ਤੇ ਸਵਾਲ ਉਠਾਉਣ ਦੀ ਕੋਝੀ ਚੋਣ ਕੀਤੀ ਹੈ। ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪੰਜਾਬ ਦੇ ਲੋਕ ਇਹ ਜਾਣਨਾ ਚਾਹੁੰਦੇ ਹਨ ਕਿ ਜਦੋਂ ਵਿਭਾਗ ਵੱਲੋਂ ਭ੍ਰਿਸ਼ਟ ਗਤੀਵਿਧੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ ਤਾਂ ਵਿਰੋਧੀ ਧਿਰ ਦੇ ਨੇਤਾ ਨੂੰ ਇੰਨੀ ਤਕਲੀਫ਼ ਕਿਉਂ ਹੋ ਰਹੀ ਹੈ.

ਉਨ੍ਹਾਂ ਕਿਹਾ ਕਿ ਇਹ ਬਹੁਤ ਹੈਰਾਨੀਜਨਕ ਹੈ ਕਿ ਕੋਈ ਵਿਰੋਧੀ ਧਿਰ ਦਾ ਨੇਤਾ ਖੁੱਲ੍ਹ ਕੇ ਉਨ੍ਹਾਂ ਵਿਅਕਤੀਆਂ ਦਾ ਪੱਖ ਲੈ ਰਿਹਾ ਹੈ, ਜਿਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਲਈ ਸਜ਼ਾ ਦਿੱਤੀ ਗਈ ਹੈ।

# ਤਿਉਹਾਰਾਂ ਦੇ ਮੌਸਮ ਨੂੰ ਸ਼ਾਂਤੀਪੂਰਨ ਬਣਾਉਣ ਲਈ ਮਾਲੇਰਕੋਟਲਾ ਪੁਲਿਸ ਵੱਲੋਂ ਫਲੈਗ ਮਾਰਚ




**ਮਲੇਰਕੋਟਲਾ, 6 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਆਉਣ ਵਾਲੇ ਤਿਉਹਾਰਾਂ ਦੇ ਸੀਜਨ ਨੂੰ ਸ਼ਾਂਤੀਪੂਰਨ ਅਤੇ ਸੁਰੱਖਿਅਤ ਬਣਾਉਣ ਲਈ ਮਾਲੇਰਕੋਟਲਾ ਪੁਲਿਸ ਵੱਲੋਂ ਅੱਜ ਸਦਰ ਮੁਕਾਮ ਅਤੇ ਵੱਖ-ਵੱਖ ਸਬ ਡਵੀਜ਼ਨਾਂ ਵਿਖੇ ਭਾਰੀ ਪੁਲਿਸ ਫੋਰਸ ਨਾਲ ਫਲੈਗ ਮਾਰਚ ਕੀਤਾ ਗਿਆ। ਇਹ ਫਲੈਗ ਮਾਰਚ ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਦੀ ਅਗਵਾਈ ਹੇਠ ਕਪਤਾਨ ਪੁਲਿਸ (ਸਥਾਨਕ) ਮਾਲੇਰਕੋਟਲਾ ਗੁਰਸਰਨਜੀਤ ਸਿੰਘ, ਉਪ ਕਪਤਾਨ ਪੁਲਿਸ (ਸਥਾਨਕ) ਮਾਲੇਰਕੋਟਲਾ ਮਾਨਵਜੀਤ ਸਿੰਘ, ਯਾਦਵਿੰਦਰ ਸਿੰਘ ਦੀ ਅਗਵਾਈ ਵਿੱਚ ਸਬ ਡਵੀਜਨ ਦੇ ਮੁੱਖ ਅਫਸਰਾਂ ਤੇ ਭਾਰੀ ਪੁਲਿਸ ਫੋਰਸ ਨੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਫਲੈਗ ਮਾਰਚ ਕੀਤਾ। ਇਹ ਮਾਰਚ ਜਾਕਿਰ ਹੁਸੈਨ ਸਟੇਡੀਅਮ ਤੋਂ ਸ਼ੁਰੂ ਹੋ ਕੇ ਸਤਾਰ ਹਸਪਤਾਲ ਚੌਂਕ, ਗੁਰਦੁਆਰਾ ਤੇਗ ਬਹਾਦਰ ਚੌਂਕ, ਹੰਗਰੀ ਪੁਆਇੰਟ ਚੌਂਕ, ਮੁਲਤਾਨੀ ਚੌਂਕ, ਪਿੱਪਲੀ ਪੈਟਰੋਲ ਪੰਪ, ਸਰਹੰਦੀ ਗੇਟ, ਜਰਗ ਚੌਂਕ, ਗਰੇਵਾਲ ਚੌਂਕ, ਕਿਲ੍ਹਾ ਰਹਿਮਤਗੜ੍ਹ, ਕਚਹਿਰੀ ਰੋਡ, ਟਰੱਕ ਯੂਨੀਅਨ, ਠੰਡੀ ਸੜਕ ਰਾਹੀਂ ਮੁੜ ਕੇ ਡਾ. ਜਾਕਿਰ ਹੁਸੈਨ ਸਟੇਡੀਅਮ ਵਿੱਚ ਸੰਪੰਨ ਹੋਇਆ।

ਇਸੇ ਤਰ੍ਹਾਂ ਅਹਿਮਦਗੜ੍ਹ ਸਬ ਡਵੀਜਨ ਵਿੱਚ ਕਪਤਾਨ ਪੁਲਿਸ ਅਹਿਮਦਗੜ੍ਹ ਸ੍ਰੀ ਰਾਜਨ ਸ਼ਰਮਾ, ਅਮਰਗੜ੍ਹ ਸਬ ਡਵੀਜਨ ਵਿੱਚ ਸਤੀਸ ਕੁਮਾਰ, ਦੀ ਅਗਵਾਈ ਵਿੱਚ ਸ਼ਹਿਰ ਦੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਫਲੈਗ ਮਾਰਚ ਕੀਤਾ ਗਿਆ।

ਇਸ ਮੌਕੇ ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਨੇ ਕਿਹਾ ਕਿ ਮਾਲੇਰਕੋਟਲਾ ਪੁਲਿਸ ਦੀ ਪਹਿਲੀ ਜ਼ਿੰਮੇਵਾਰੀ ਆਮ ਜਨਤਾ ਦੀ ਸੁਰੱਖਿਆ ਹੈ। ਤਿਉਹਾਰਾਂ ਦੇ ਮੌਸਮ ਦੌਰਾਨ ਹਰ ਕਿਸਮ ਦੀ ਸ਼ੱਕੀ ਗਤੀਵਿਧੀ 'ਤੇ ਕੜੀ ਨਿਗਰਾਨੀ ਰੱਖੀ ਜਾ ਰਹੀ ਹੈ। ਜਨਤਾ ਨੂੰ ਅਪੀਲ ਕੀਤੀ ਗਈ ਕਿ ਉਹ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਜਾਣਕਾਰੀ ਤੁਰੰਤ 112 ਹੈਲਪਲਾਈਨ ਜਾਂ ਮਾਲੇਰਕੋਟਲਾ ਕੰਟਰੋਲ ਰੂਮ ਨੰਬਰ 91155-87100 'ਤੇ ਦੇਣ।

ਸੀਨੀਅਰ ਕਪਤਾਨ ਪੁਲਿਸ ਨੇ ਕਿਹਾ ਮਾਲੇਰਕੋਟਲਾ ਪੁਲਿਸ 24 ਘੰਟੇ ਚੌਕਸ ਹੈ। ਸਾਡਾ ਮਕਸਦ ਹੈ ਕਿ ਜਨਤਾ ਸ਼ਾਂਤੀ ਅਤੇ ਸੁਰੱਖਿਆ ਦੇ ਮਾਹੌਲ ਵਿੱਚ ਤਿਉਹਾਰਾਂ ਦਾ ਆਨੰਦ ਮਾਣ ਸਕੇ।

# ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਪੰਜਾਬ ਦੀ ਪੇਂਡੂ ਪ੍ਰਤਿਭਾ ਅਤੇ ਮਹਿਲਾ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਿਵਲ ਸਕੱਤਰੇਤ ਵਿਖੇ 'ਪਹਿਲ ਮਾਰਟ' ਦਾ ਉਦਘਾਟਨ

**ਚੰਡੀਗੜ੍ਹ, 6 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਪਿੰਡਾਂ ਵਿੱਚ ਰਹਿਣ ਵਾਲੀਆਂ ਮਹਿਲਾਵਾਂ ਨੂੰ ਸਸ਼ਕਤ ਬਣਾਉਣ ਅਤੇ ਰਵਾਇਤੀ ਕਾਰੀਗਰੀ ਨੂੰ ਉਤਸ਼ਾਹਿਤ ਕਰਨ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ, ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ (ਪੀ.ਐਸ.ਆਰ.ਐਲ.ਐਮ.) ਵੱਲੋਂ ਅੱਜ ÷ਪਹਿਲ ਮਾਰਟ÷ ਦਾ ਉਦਘਾਟਨ ਕੀਤਾ ਗਿਆ ਹੈ। ਇਹ ਮਾਰਟ ਪੰਜਾਬ ਦੇ ਦਿਹਾਤੀ ਖੇਤਰਾਂ ਦੇ ਸਵੈ-ਸਹਾਇਤਾ ਸਮੂਹਾਂ (ਐਸ.ਐਚ.ਜੀ.) ਵੱਲੋਂ ਤਿਆਰ ਦਸਤੀ ਵਸਤਾਂ ਅਤੇ ਔਰਗੈਨਿਕ ਉਤਪਾਦਾਂ ਨੂੰ ਸਮਰਪਿਤ ਇੱਕ ਵਿਸ਼ੇਸ਼ ਬਾਜ਼ਾਰ ਹੈ।





ਇਸ ਮਾਰਟ ਦਾ ਉਦਘਾਟਨ ਬੁੱਧਵਾਰ ਨੂੰ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਪੰਜਾਬ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਦੇ ਪ੍ਰਬੰਧਕੀ ਸਕੱਤਰ ਅਜੀਤ ਬਾਲਾਜੀ ਜੋਸ਼ੀ ਵੱਲੋਂ ਪੰਜਾਬ ਸਿਵਲ ਸਕੱਤਰੇਤ, ਸੈਕਟਰ 1, ਚੰਡੀਗੜ੍ਹ ਵਿਖੇ ਕੀਤਾ ਗਿਆ।

ਸੂਬੇ ਦੇ ਦਿਹਾਤੀ ਖੇਤਰਾਂ ਦੀ ਕਾਰੀਗਰੀ ਅਤੇ ਉੱਦਮਤਾ ਨੂੰ ਪੇਸ਼ ਕਰਨ ਵਾਲਾ ਇਹ 'ਪਹਿਲ ਮਾਰਟ' ਲੋਕਾਂ ਨੂੰ ਪੰਜਾਬ ਦੀ ਅਮੀਰ ਵਿਰਾਸਤ ਦਾ ਵਿਲੱਖਣ ਅਨੁਭਵ ਪ੍ਰਦਾਨ ਕਰਦਾ ਹੈ ਅਤੇ ਦਿਹਾਤੀ ਕਾਰੀਗਰਾਂ ਦੇ ਸਮਰਪਣ ਅਤੇ ਨਵੀਨਤਾ ਨੂੰ ਦਰਸਾਉਂਦਿਆਂ ਜੈਵਿਕ ਉਤਪਾਦਾਂ ਦੀ ਇੱਕ ਲੜੀ ਪੇਸ਼ ਕਰਦਾ ਹੈ। ਇਸ ਪਹਿਲਕਦਮੀ ਤਹਿਤ ਨਾ ਸਿਰਫ਼ ਸਵੈ-ਸਹਾਇਤਾ ਸਮੂਹਾਂ ਵੱਲੋਂ ਤਿਆਰ ਵਸਤਾਂ ਨੂੰ ਸਿੱਧੇ ਬਾਜ਼ਾਰ ਤੱਕ ਪਹੁੰਚਾਇਆ ਜਾਂਦਾ ਹੈ ਬਲਕਿ ਪੇਂਡੂ ਭਾਈਚਾਰਿਆਂ ਦਰਮਿਆਨ ਸਵੈ-ਨਿਰਭਰਤਾ, ਆਰਥਿਕ ਉੱਨਤੀ ਅਤੇ ਮਹਿਲਾ ਸਸ਼ਕਤੀਕਰਨ ਦੀ ਲਹਿਰ ਪੈਦਾ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਮਾਰਟ 'ਤੇ ਉਪਲਬਧ ਮੁੱਖ ਉਤਪਾਦਾਂ ਵਿੱਚ ਫੁਲਕਾਰੀ, ਸੂਟ, ਜੁੱਤੀਆਂ, ਸ਼ਹਿਦ, ਅਚਾਰ, ਸਕੁਐਸ਼, ਸਿਰਕਾ, ਤੇਲ, ਮਸਾਲੇ, ਕਣਕ ਦਾ ਆਟਾ, ਪਾਪੜ, ਸਾਬਣ, ਮੁਰੱਬੇ, ਮੋਮਬੱਤੀਆਂ ਆਦਿ ਸ਼ਾਮਲ ਹਨ।

ਸੌਂਦ ਨੇ ਮਾਰਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਵੈ-ਨਿਰਭਰਤਾ, ਪੇਂਡੂ ਵਿਕਾਸ ਅਤੇ ਮਹਿਲਾ ਸਸ਼ਕਤੀਕਰਨ ਵੱਲ ਇੱਕ ਸਾਰਥਕ ਕਦਮ ਹੈ। ਉਨ੍ਹਾਂ ਕਿਹਾ ਕਿ ਪਹਿਲ ਮਾਰਟ ਪੰਜਾਬ ਦੀਆਂ ਪੇਂਡੂ ਔਰਤਾਂ ਦੀ ਰਚਨਾਤਮਕਤਾ ਅਤੇ ਉੱਦਮੀ ਭਾਵਨਾ ਦਾ ਪ੍ਰਤੱਖ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਇਹ ਮਾਰਟ ਸਵੈ-ਸਹਾਇਤਾ ਸਮੂਹਾਂ ਨੂੰ ਨਵੇਂ ਬਾਜ਼ਾਰਾਂ ਤੱਕ ਲੈ ਜਾਣ ਅਤੇ ਸਥਾਈ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਏਗਾ।

ਉਨ੍ਹਾਂ ਆਸ ਪ੍ਰਗਟਾਈ ਕਿ ਇਹ ਮੰਚ ਹੋਰਨਾਂ ਔਰਤਾਂ ਨੂੰ ਸਵੈ-ਰੁਜ਼ਗਾਰ ਅਪਣਾਉਣ ਲਈ ਪ੍ਰੇਰਿਤ ਕਰੇਗਾ ਜਿਸ ਨਾਲ ਭਾਈਚਾਰਕ ਪ੍ਰਗਤੀ ਵਿੱਚ ਵਾਧਾ ਹੋਵੇਗਾ।

ਇਸ ਮੌਕੇ ਸੰਯੁਕਤ ਵਿਕਾਸ ਕਮਿਸ਼ਨਰ ਸ਼ੇਨਾ ਅਗਰਵਾਲ, ਸੀ.ਈ.ਓ. ਪੀ.ਐਸ.ਆਰ.ਐਲ.ਐਮ. ਵਰਜੀਤ ਵਾਲੀਆ, ਏ.ਸੀ.ਈ.ਓ. ਪੀ.ਐਸ.ਆਰ.ਐਲ.ਐਮ. ਰੁਪਾਲੀ ਟੰਡਨ ਅਤੇ ਸਕੱਤਰ ਜਨਰਲ ਪ੍ਰਬੰਧਨ ਗੌਰੀ ਪਰਾਸ਼ਰ ਜੋਸ਼ੀ ਸਮੇਤ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਸੀਨੀਅਰ ਅਧਿਕਾਰੀ ਅਤੇ ਐਸ.ਐਚ.ਜੀ. ਮੈਂਬਰ ਮੌਜੂਦ ਸਨ। ਇਸ ਮੌਕੇ ਸਾਰਿਆਂ ਨੇ ਪੇਂਡੂ ਮਹਿਲਾ ਉੱਦਮੀਆਂ ਦੇ ਅਦੁੱਤੀ ਜਜ਼ਬੇ ਦੀ ਸ਼ਲਾਘਾ ਕੀਤੀ।

ਪਹਿਲ ਮਾਰਟ ਦੀ ਸ਼ੁਰੂਆਤ ਨਾਲ, ਪੀ.ਐਸ.ਆਰ.ਐਲ.ਐਮ. ਸੂਬੇ ਦੀ ਪੇਂਡੂ ਪ੍ਰਤਿਭਾ ਨੂੰ ਵਿਕਸਤ ਕਰਨ, ਸਥਾਈ ਆਜੀਵਕਾ ਵਿੱਚ ਸਹਾਇਤਾ ਕਰਨ ਅਤੇ ਪੰਜਾਬ ਵਿੱਚ ਮਹਿਲਾ ਸਸ਼ਕਤੀਕਰਨ ਸਬੰਧੀ ਪਹਿਲਕਦਮੀਆਂ ਯਕੀਨੀ ਬਣਾਉਣ ਪ੍ਰਤੀ ਵਚਨਬੱਧ ਹੈ।

# ਭੁੱਖੇ ਰਹਿ ਕੇ ਕੀਤੀ ਪੁਰਾਣੀ ਪੈਨਸ਼ਨ ਬਹਾਲੀ ਦੀ ਮੰਗ



**ਰੂਪ ਨਗਰ, 6 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਇਕ ਅਕਤੂਬਰ ਨੂੰ ਸੀ ਪੀ ਐੱਫ ਕਰਮਚਾਰੀ ਯੂਨੀਅਨ ਪੰਜਾਬ ਅਤੇ ਪੁਰਾਣੀ ਪੈਨਸ਼ਨ ਬਹਾਲ ਕਮੇਟੀ ਵੱਲੋਂ 2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਸਕੀਮ ਬਹਾਲੀ ਲਈ ਜਿਲਾ ਪੱਧਰ ਤੇ ਇਕ ਰੋਜਾ ਭੁੱਖ ਹੜਤਾਲ ਦੇ ਪ੍ਰੋਗਰਾਮ ਪੰਜਾਬ ਭਰ ਵਿੱਚ ਕੀਤੇ ਗਏ ਇਸੇ ਲੜੀ ਤਹਿਤ ਜਿਲਾ ਰੂਪਨਗਰ ਵਿਖੇ ਵੀ ਇੱਕ ਰੋਜ਼ਾ ਭੁੱਖ ਹੜਤਾਲ ਦਾ ਪ੍ਰੋਗਰਾਮ ਮਹਾਰਾਜਾ ਰਣਜੀਤ ਸਿੰਘ ਪਾਰਕ ਵਿਖੇ ਕੀਤਾ ਗਿਆ ਜਿਸ ਵਿੱਚ ਵੱਖ ਵੱਖ ਵਿਭਾਗਾਂ ਵਿੱਚ ਵੱਖ ਵੱਖ ਅਹੁਦਿਆਂ ਤੇ ਕੰਮ ਕਰਦੇ ਐਨ ਪੀ ਐਸ ਮੁਲਾਜ਼ਮਾਂ ਨੇ ਭਾਗ ਲਿਆ ਇਸ ਮੌਕੇ ਸੀ ਪੀ ਐੱਫ ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੰਜੀਵ ਕੁਮਾਰ ਨੇ ਸੀ ਪੀ ਐੱਫ ਕਰਮਚਾਰੀ ਯੂਨੀਅਨ ਦੀ ਹੋਂਦ ਵਿੱਚ ਆਉਣ ਦੀ ਕਹਾਣੀ ਅਤੇ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਅੱਜ ਤੱਕ ਕੀਤੇ ਸੰਘਰਸ਼ ਅਤੇ ਪ੍ਰਾਪਤੀਆਂ ਬਾਰੇ ਦੱਸਿਆ ਉਹਨਾਂ ਨੇ ਐਨ ਪੀ ਐਸ ਵਿੱਚ ਮੈਡੀਕਲ ਪ੍ਰਤੀ ਪੂਰਤੀ ਨਾ ਹੋਣ ਜਹੀਆਂ ਕਈ ਕਮੀਆਂ ਬਾਰੇ ਵੀ ਮੁਲਾਜ਼ਮਾਂ ਨੂੰ ਦੱਸਿਆ ਉਹਨਾਂ ਨੇ ਸਰਕਾਰ ਦੁਆਰਾ 2022 ਵਿੱਚ ਪੁਰਾਣੀ ਪੈਨਸ਼ਨ ਸਕੀਮ ਬਹਾਲੀ ਦਾ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਵੀ ਪੁਰਾਣੀ ਪੈਨਸ਼ਨ ਲਾਗੂ ਨਾ ਕਰਨ ਤੇ ਪੰਜਾਬ ਸਰਕਾਰ ਦੀ ਲਾਰੇਬਾਜੀ ਵਾਲੀ ਨੀਤੀ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ।

ਪੰਜਾਬ ਸਟੇਟ ਮਨਿਸਟਰੀਅਲ ਕਰਮਚਾਰੀ ਯੂਨੀਅਨ ਦੇ ਜਿਲਾ ਪ੍ਰਧਾਨ ਅਮਰਜੀਤ ਸਿੰਘ ਗਰੇਵਾਲ ਨੇ ਮੁਲਾਜ਼ਮਾ ਦੀ ਆਪਸੀ ਏਕਤਾ ਤੇ ਧਰਨਿਆਂ ਦੀ ਮਹੱਤਤਾ ਬਾਰੇ ਮੁਲਾਜ਼ਮਾਂ ਨਾਲ ਵਿਚਾਰ ਸਾਂਝੇ ਕੀਤੇ ਉਹਨਾਂ ਨੇ ਕਿਹਾ ਕਿ ਬਿਨਾਂ ਏਕੇ ਤੋਂ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਉਹਨਾਂ ਨੇ ਕਿਹਾ ਕਿ ਜੇਕਰ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਇਸ ਤਰ੍ਹਾਂ ਹੀ ਅਣਗੌਲੇ ਕਰਦੀ ਰਹੀ ਤਾਂ ਆਉਣ ਵਾਲੀਆਂ ਚੋਣਾਂ ਵਿੱਚ ਸਰਕਾਰ ਨੂੰ ਹਾਰ ਦਾ ਮੂੰਹ ਦੇਖਣ ਪਵੇਗਾ ਮੁਲਾਜ਼ਮ ਆਪਣੀ ਮੰਗਾਂ ਤੋਂ ਪਿੱਛੇ ਨਹੀਂ ਹਟਣਗੇ ਸਗੋਂ ਸੰਘਰਸ਼ ਦਾ ਰਾਸਤਾ ਅਪਣਾਉਣਗੇ ਅਤੇ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ।

ਪੁਰਾਣੀ ਪੈਨਸ਼ਨ ਬਹਾਲੀ ਵੱਲੋਂ ਬਲਵਿੰਦਰ ਲੋਧੀਪੁਰ ਅਤੇ ਗੁਰਪ੍ਰੀਤ ਸਿੰਘ ਨੇ ਮੁਲਾਜ਼ਮ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਯੂ ਪੀ ਐਸ ਦੇ ਨੁਕਸਾਨ ਦੱਸੇ। ਉਹਨਾਂ ਨੇ ਕਿਹਾ ਕਿ ਮੁਲਾਜ਼ਮਾਂ ਨੂੰ ਇਸ ਸਰਕਾਰ ਤੋਂ ਬਹੁਤ ਉਮੀਦਾਂ ਸਨ ਪਰ ਇਨਾ ਲੰਮਾ ਸਮਾਂ ਗੁਜਰ ਜਾਣ ਤੋਂ ਬਾਅਦ ਵੀ ਮੁਲਾਜ਼ਮਾਂ ਦੀਆਂ ਮੰਗਾਂ ਤੇ ਸਰਕਾਰ ਦਾ ਕੋਈ ਧਿਆਨ ਨਹੀਂ ਹੈ ਜਿਸ ਕਾਰਨ ਪੂਰੇ ਮੁਲਾਜ਼ਿਮ ਵਰਗ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਇਸ ਮੌਕੇ ਕਈ ਹੋਰ ਵੀ ਮੁਲਾਜ਼ਮ ਆਗੂਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਜਿਹਨਾਂ ਵਿੱਚੋਂ ਅਮਨਦੀਪ ਸਿੰਘ ਪੀ ਡਬਲਯੂ ਡੀ, ਸੁਨੀਲ ਕੁਮਾਰ ਫੂਡ ਸਪਲਾਈ ਵਿਭਾਗ, ਸੰਦੀਪ ਸਿੰਘ ਕਮਿਸ਼ਨਰ ਦਫਤਰ, ਪ੍ਰਿੰਸ ਰਾਣਾ ਇਰੀਗੇਸ਼ਨ ਵਿਭਾਗ ਸੰਦੀਪ ਭੱਟ ਜਿਲਾ ਸਿੱਖਿਆ ਦਫਤਰ ਪਰਮਿੰਦਰ ਸਿੰਘ ਬੀ ਡੀ ਪੀ ਓ ਦਫਤਰ ਨਰਿੰਦਰ ਸਿੰਘ ਆਬਕਾਰੀ ਦਫਤਰ ਪ੍ਰਮੁੱਖ ਸਨ ਮਹਿਲਾ ਕਰਮਚਾਰੀਆਂ ਨੇ ਵੀ ਵੱਡੀ ਗਿਣਤੀ ਵਿੱਚ ਇਸ ਪ੍ਰੋਗਰਾਮ ਵਿੱਚ ਭਾਗ ਲਿਆ ਜਿਨਾਂ ਵਿੱਚ ਮੈਡਮ ਜਸਵਿੰਦਰ ਕੌਰ ਪੀਡਬਲੂਡੀ , ਜਸਵਿੰਦਰ ਕੌਰ ਵਾਟਰ ਸਪਲਾਈ, ਜਸਵਿੰਦਰ ਕੌਰ ਫੂਡ ਸਪਲਾਈ, ਗੁਰਜੀਤ ਕੌਰ, ਕੁਲਦੀਪ ਕੌਰ , ਹਰਪਾਲ ਕੌਰ, ਜਸਮੀਤ ਕੌਰ ਕਮਲਜੀਤ ਕੌਰ ਸ਼ਿਵਾਨੀ ਅਤੇ ਅਨੰਨਿਆ ਸ਼ਰਮਾ ਸ਼ਾਮਲ ਸਨ।

ਇਹਨਾਂ ਤੋਂ ਇਲਾਵਾ ਸਤਿੰਦਰ ਪਾਲ ,ਅਮਰਜੀਤ ਸਿੰਘ, ਸ਼ੇਰ ਸਿੰਘ ਸੁਪਰਡੈਂਟ, ਪਾਰੁਲ ,ਦਵਿੰਦਰ ਸਿੰਘ ,ਵਰਿੰਦਰ ਸਿੰਘ, ਹਰਮੇਸ਼ ਕੁਮਾਰ, ਵਿਸ਼ਵ ਰਾਣਾ, , ਓਮ ਪ੍ਰਕਾਸ਼ ਓਮੀ, ਯੋਗੇਸ਼ ਕੁਮਾਰ, ਰਵੀ ਕੁਮਾਰ, ਗਗਨ ਰਾਣਾ, ਉਮਰਾਓ ਸਿੰਘ ਹਾਜ਼ਰ ਸਨ ਰਾਹੁਲ ਸ਼ਰਮਾ ਮਾਈਨਿੰਗ ਵਿਭਾਗ ਨੇ ਆਈ ਟੀ ਸੈਲ ਇੰਚਾਰਜ ਦਾ ਕੰਮ ਕੀਤਾ ਸਾਰੇ ਸਾਥੀਆਂ ਨੇ ਨਵੰਬਰ ਵਿੱਚ ਦਿੱਲੀ ਵਿੱਚ ਕੀਤੇ ਜਾਣ ਵਾ ਵਾਲੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਭਾਗ ਲੈਣ ਦਾ ਵੀ ਪ੍ਰਣ ਕੀਤਾ

# ਯੁੱਧ ਨਸ਼ਿਆਂ ਵਿਰੁੱਧ ਦੇ ਸੱਤ ਮਹੀਨੇ ਮੁਕੰਮਲ: 1359 ਕਿਲੋਗ੍ਰਾਮ ਹੈਰੋਇਨ ਸਮੇਤ 31 ਹਜ਼ਾਰ ਤੋਂ ਵੱਧ ਨਸ਼ਾ ਤਸਕਰ ਕਾਬੂ

**➢ ਪੁਲਿਸ ਟੀਮਾਂ ਨੇ 12.73 ਕਰੋੜ ਰੁਪਏ, 437 ਕਿਲੋਗ੍ਰਾਮ ਅਫੀਮ, 248 ਕੁਇੰਟਲ ਭੁੱਕੀ, 37 ਲੱਖ ਨਸ਼ੀਲੀਆਂ ਗੋਲੀਆਂ ਵੀ ਕੀਤੀਆਂ ਜ਼ਬਤ ➢ ਇਸ ਆਪਰੇਸ਼ਨ ਦੇ 214ਵੇਂ ਦਿਨ, 2.6 ਕਿਲੋਗ੍ਰਾਮ ਹੈਰੋਇਨ, 1.34 ਲੱਖ ਨਸ਼ੀਲੀਆਂ ਗੋਲੀਆਂ ਸਮੇਤ 81 ਨਸ਼ਾ ਤਸਕਰ ਕਾਬੂ**

**ਚੰਡੀਗੜ੍ਹ, 6 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਵਿੱਢੀ ਫੈਸਲਾਕੁੰਨ ਜੰਗ 'ਯੁੱਧ ਨਸ਼ਿਆਂ ਵਿਰੁੱਧ' ਦੇ ਸੱਤ ਮਹੀਨੇ ਮੁਕੰਮਲ ਹੋ ਗਏ ਹਨ ਅਤੇ ਇਸ ਦੌਰਾਨ ਪੰਜਾਬ ਪੁਲਿਸ ਵੱਲੋਂ 1 ਮਾਰਚ, 2025 ਤੋਂ ਹੁਣ ਤੱਕ 20,641 ਐਫਆਈਆਰਜ਼ ਦਰਜ ਕਰਕੇ 31,478 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਕੋਲੋਂ 1359.5 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ ਹੈ।

ਇਸ ਨਸ਼ਾ ਵਿਰੋਧੀ ਮੁਹਿੰਮ ਦੌਰਾਨ ਪੰਜਾਬ ਪੁਲਿਸ ਵੱਲੋਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ਤਹਿਤ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਰੋਜ਼ਾਨਾ ਵਿਸ਼ੇਸ਼ ਆਪਰੇਸ਼ਨ ਚਲਾਏ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਇਹਨਾਂ ਸੱਤ ਮਹੀਨਿਆਂ ਦੌਰਾਨ 1359.5 ਕਿਲੋਗ੍ਰਾਮ ਹੈਰੋਇਨ ਦੀ ਬਰਾਮਦਗੀ ਤੋਂ ਇਲਾਵਾ, ਪੁਲਿਸ ਵੱਲੋਂ 437 ਕਿਲੋਗ੍ਰਾਮ ਅਫੀਮ, 248 ਕੁਇੰਟਲ ਭੁੱਕੀ, 31 ਕਿਲੋਗ੍ਰਾਮ ਚਰਸ, 498 ਕਿਲੋਗ੍ਰਾਮ ਗਾਂਜਾ, 7.2 ਕਿਲੋਗ੍ਰਾਮ ਆਈਸ, 37 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 12.73 ਕਰੋੜ ਰੁਪਏ ਦੀ ਡਰੱਗ ਮਨੀ ਵੀ ਜ਼ਬਤ ਕੀਤੀ ਗਈ ਹੈ।

ਇਸ ਮੁਹਿੰਮ ਨੂੰ 214ਵੇਂ ਦਿਨ ਵੀ ਜਾਰੀ ਰੱਖਦਿਆਂ ਪੰਜਾਬ ਪੁਲਿਸ ਵੱਲੋਂ ਅੱਜ 81 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2.6 ਕਿਲੋਗ੍ਰਾਮ ਹੈਰੋਇਨ, 1.3 ਕਿਲੋਗ੍ਰਾਮ ਅਫੀਮ, 1.34 ਲੱਖ ਨਸ਼ੀਲੀਆਂ ਗੋਲੀਆਂ ਅਤੇ 8110 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਇਸ ਆਪਰੇਸ਼ਨ ਦੌਰਾਨ 79 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1200 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 150 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 392 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ, ਜਿਸ ਨਾਲ ਸੂਬੇ ਭਰ ਵਿੱਚ 63 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਪੁਲਿਸ ਟੀਮਾਂ ਨੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 431 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 53 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਪੰਜਾਬ ਸਰਕਾਰ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਸਰਕਾਰੀ ਸਕੂਲਾਂ 'ਚ ਮਿਗ-21 ਲੜਾਕੂ ਜੈੱਟ ਪ੍ਰਦਰਸ਼ਿਤ ਕਰਨ ਦੀ ਇੱਛਾ ਪ੍ਰਗਟਾਈ

**➢ ਭਾਰਤੀ ਹਵਾਈ ਸੈਨਾ ਮੁਖੀ ਨੂੰ ਪੰਜ ਮਿਗ-21 ਜਹਾਜ਼ਾਂ ਨੂੰ ਵੱਖ-ਵੱਖ ਸਕੂਲ ਆਫ਼ ਐਮੀਨੈਂਸ ਵਿੱਚ ਪ੍ਰਦਰਸ਼ਿਤ ਕਰਨ ਲਈ ਲਿਖਿਆ ਪੱਤਰ ➢ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਪਨਿਆਂ ਨੂੰ ਪਰਵਾਜ਼ ਦੇਣ ਅਤੇ ਦੇਸ਼ ਭਗਤੀ ਦੀ ਭਾਵਨਾ ਜਗਾਉਣ ਲਈ ਕੀਤਾ ਉਪਰਾਲਾ: ਬੈਂਸ**

**ਚੰਡੀਗੜ੍ਹ, 6 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਵਿਦਿਆਰਥੀਆਂ ਵਿੱਚ ਦੇਸ਼ ਭਗਤੀ ਦੀ ਭਾਵਨਾ ਭਰਨ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਉਡਾਣ ਦੇਣ ਲਈ ਅਹਿਮ ਤੇ ਦੂਰਅੰਦੇਸ਼ ਕਦਮ ਚੁੱਕਦਿਆਂ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਭਾਰਤੀ ਹਵਾਈ ਸੈਨਾ ਨੂੰ ਪੰਜ ਮਿਗ-21 ਫ਼ਾਈਟਰ ਜੈੱਟ, ਜੋ ਹਾਲ ਹੀ ਵਿੱਚ ਰਿਟਾਇਰ ਕੀਤੇ ਗਏ ਹਨ, ਨੂੰ ਸੂਬੇ ਦੇ ਪ੍ਰਮੁੱਖ ਸਕੂਲ ਆਫ਼ ਐਮੀਨੈਂਸ ਵਿਖੇ ਪ੍ਰਦਰਸ਼ਿਤ ਕਰਨ ਲਈ ਅਪੀਲ ਕੀਤੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਜੀਵਨ ਵਿੱਚ ਨਵੀਆਂ ਉਚਾਈਆਂ ਛੋਹਣ ਲਈ ਪ੍ਰੇਰਿਆ ਜਾ ਸਕੇ।

ਸਿੱਖਿਆ ਮੰਤਰੀ ਸ. ਬੈਂਸ ਨੇ ਹਵਾਈ ਸੈਨਾ ਮੁਖੀ ਏਅਰ ਚੀਫ਼ ਮਾਰਸ਼ਲ ਸ. ਅਮਰ ਪ੍ਰੀਤ ਸਿੰਘ ਨੂੰ ਇੱਕ ਪੱਤਰ ਲਿਖਿਆ ਹੈ, ਜਿਸ ਵਿੱਚ ਉਨ੍ਹਾਂ ਕਿਹਾ, ਅਸੀਂ ਮਿਲ ਕੇ, ਮਿਗ-21 ਨੂੰ ਇੱਕ ਜੀਵੰਤ ਸ਼ਰਧਾਂਜਲੀ ਦੇ ਸਕਦੇ ਹਾਂ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਦੇਸ਼ ਭਗਤੀ ਅਤੇ ਸਮਰਪਣ ਦੀ ਭਾਵਨਾ ਪੈਦਾ ਕਰ ਸਕਦੇ ਹਾਂ। ਉਨ੍ਹਾਂ ਨੇ ਪੰਜ ਮਿਗ-21 ਲੜਾਕੂ ਜੈਟ ਨੂੰ ਪ੍ਰਦਰਸ਼ਨ ਲਈ ਲੁਧਿਆਣਾ, ਅੰਮ੍ਰਿਤਸਰ, ਫਿਰੋਜ਼ਪੁਰ, ਨੰਗਲ ਅਤੇ ਖਰੜ ਦੇ ਸਕੂਲਾਂ ਵਿੱਚ ਪ੍ਰਦਰਸ਼ਿਤ ਕਰਨ ਦਾ ਪ੍ਰਸਤਾਵ ਰੱਖਿਆ।

ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਪੰਜਾਬ ਦੇ



ਹਜ਼ਾਰਾਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਰੱਖਿਆ, ਇੰਜੀਨੀਅਰਿੰਗ, ਏਅਰੋ-ਸਪੇਸ ਤਕਨਾਲੋਜੀ ਅਤੇ ਹੋਰ ਸਬੰਧਤ ਖੇਤਰਾਂ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕਰਨਾ ਹੈ। ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਵਿਦਿਆਰਥੀਆਂ ਵਿੱਚ ਉੱਤਮਤਾ ਅਤੇ ਸਮਰਪਣ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਇਨ੍ਹਾਂ ਸਕੂਲਾਂ ਵਿੱਚ ਇਨ੍ਹਾਂ ਲੜਾਕੂ ਜਹਾਜ਼ਾਂ ਦੀ ਰਸਮੀ ਸਥਾਪਤੀ ਲਈ ਸਮਾਗਮਾਂ ਵਾਸਤੇ ਭਾਰਤੀ ਹਵਾਈ ਸੈਨਾ ਨਾਲ ਭਾਈਵਾਲੀ ਦੀ ਯੋਜਨਾ ਬਣਾ ਰਹੀ ਹੈ। ਸਿੱਖਿਆ ਮੰਤਰੀ ਨੇ ਆਸ ਪ੍ਰਗਟਾਈ ਕਿ ਸਕੂਲਾਂ ਵਿੱਚ ਇਨ੍ਹਾਂ ਲੜਾਕੂ ਜਹਾਜ਼ਾਂ ਦੀ ਮੌਜੂਦਗੀ ਵਿਦਿਆਰਥੀਆਂ ਨੂੰ ਰੋਜ਼ਾਨਾ ਹਿੰਮਤ, ਸਾਹਸ ਅਤੇ ਦ੍ਰਿੜ੍ਹਤਾ ਲਈ ਪ੍ਰੇਰਿਤ ਕਰੇਗੀ।

ਭਾਰਤੀ ਹਵਾਈ ਸੈਨਾ ਦੀਆਂ ਰਾਸ਼ਟਰ ਪ੍ਰਤੀ ਸ਼ਾਨਦਾਰ ਸੇਵਾਵਾਂ ਨੂੰ ਸਲਾਮ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਪ੍ਰੀਮੀਅਰ ਮਿਗ-21 ਜਹਾਜ਼ ਦੇ ਹਾਲ ਹੀ ਵਿੱਚ ਹੋਈ ਰਸਮੀ ਰਿਟਾਇਰਮੈਂਟ ▾ਤੇ ਨਿੱਘੀ ਵਧਾਈ ਦਿੱਤੀ ਅਤੇ ਇਸਨੂੰ ਭਾਰਤ ਦੇ ਰੱਖਿਆ ਇਤਿਹਾਸ ਵਿੱਚ ਹਿੰਮਤ, ਅਨੁਸ਼ਾਸਨ ਅਤੇ ਸਮਰਪਣ ਦੇ ਪ੍ਰਤੀਕ ਵਜੋਂ ਮਾਨਤਾ ਦਿੱਤੀ। ਉਨ੍ਹਾਂ ਕਿਹਾ ਕਿ ਮਿਗ-21, ਜਿਸਨੇ 1965 ਦੀ ਭਾਰਤ-ਪਾਕਿ ਜੰਗ, 1971 ਦੀ ਬੰਗਲਾਦੇਸ਼ ਮੁਕਤੀ ਜੰਗ ਅਤੇ 1999 ਦੀ ਕਾਰਗਿਲ ਜੰਗ ਵਿੱਚ ਅਹਿਮ ਭੂਮਿਕਾ ਨਿਭਾਈ, ਆਪਣੀ ਮਹਾਨ ਵਿਰਾਸਤ ਦੀ ਯਾਦ ਦਿਵਾਉਂਦੇ ਰਹਿਣਗੇ।

ਸਿੱਖਿਆ ਮੰਤਰੀ ਨੇ ਭਰੋਸਾ ਦਿੱਤਾ ਕਿ ਭਾਰਤੀ ਹਵਾਈ ਸੈਨਾ ਦੇ ਪ੍ਰੋਟੋਕੋਲ ਅਤੇ ਪਰੰਪਰਾਵਾਂ ਦੀ ਸਖ਼ਤੀ ਨਾਲ ਪਾਲਣਾ ਕਰਦਿਆਂ ਇਨ੍ਹਾਂ ਜਹਾਜ਼ਾਂ ਦੀ ਸਥਾਪਨਾ ਅਤੇ ਪ੍ਰਦਰਸ਼ਨੀ ਪੂਰੇ ਸਤਿਕਾਰ ਨਾਲ ਕੀਤੀ ਜਾਵੇਗੀ।

ਸ. ਬੈਂਸ ਨੇ ਕਿਹਾ ਕਿ ਇਹ ਨਿਵੇਕਲੀ ਪਹਿਲ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਨਵੀਨਤਾਕਾਰੀ ਅਤੇ ਪਰਿਵਰਤਨਸ਼ੀਲ ਸਿੱਖਿਆ ਪ੍ਰਦਾਨ ਕਰਨ ਵਾਲੀ ਪੇਸ਼ਕਦਮੀ ਦੀ ਤਰਜ਼ ▾ਤੇ ਅਧਾਰਿਤ ਹੈ, ਜਿਸ ਤਹਿਤ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਅਧਿਆਪਕਾਂ ਲਈ ਅੰਤਰਰਾਸ਼ਟਰੀ ਸਿਖਲਾਈ ਪ੍ਰੋਗਰਾਮ ਸਮੇਤ ਹੋਰ ਕਈ ਅਗਾਂਹਵਧੂ ਕਦਮ ਚੁੱਕੇ ਗਏ ਹਨ।

# ਗਾਂਧੀ ਜਯੰਤੀ ਅਤੇ ਸ਼੍ਰੀ ਲਾਲ ਬਹਾਦੁਰ ਸ਼ਾਸਤਰੀ ਜਯੰਤੀ ਸਮਾਰੋਹ ਸਰਕਾਰੀ ਕਾਲਜ ਗੁਰਦਾਸਪੁਰ ਵਿੱਚ ਆਯੋਜਿਤ

**ਗੁਰਦਾਸਪੁਰ,6 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕਾਲਜ ਗੁਰਦਾਸਪੁਰ ਵੱਲੋਂ ਮਹਾਤਮਾ ਗਾਂਧੀ ਅਤੇ ਭਾਰਤ ਦੇ ਦੂਜੇ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦੁਰ ਸ਼ਾਸਤਰੀ ਜੀ ਦੀ ਜਨਮ ਜਯੰਤੀ ਨੂੰ ਸਮਰਪਿਤ ਸਮਾਰੋਹ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਦਿਨ ਭਾਰਤ ਦੇ ਇਤਿਹਾਸ ਵਿੱਚ ਮਹੱਤਵਪੂਰਨ ਹਨ, ਕਿਉਂਕਿ ਮਹਾਤਮਾ ਗਾਂਧੀ ਨੇ ਸੱਚ, ਅਹਿੰਸਾ ਅਤੇ ਸਾਦਗੀ ਰਾਹੀਂ ਦੇਸ਼ ਨੂੰ ਆਜ਼ਾਦੀ ਦਿਵਾਈ, ਜਦਕਿ ਸ਼੍ਰੀ ਲਾਲ ਬਹਾਦੁਰ ਸ਼ਾਸਤਰੀ ਨੇ 'ਜੈ ਜਵਾਨ ਜੈ ਕਿਸਾਨ' ਦਾ ਨਾਅਰਾ ਦੇ ਕੇ ਦੇਸ਼ ਨੂੰ ਏਕਤਾ ਅਤੇ ਮਿਹਨਤ ਦਾ ਸੰਦੇਸ਼ ਦਿੱਤਾ।

ਸਮਾਰੋਹ ਦੀ ਸ਼ੁਰੂਆਤ ਵਿੱਚ ਮਹਾਤਮਾ ਗਾਂਧੀ ਅਤੇ ਸ਼ਾਸਤਰੀ ਜੀ ਦੇ ਚਿੱਤਰਾਂ ਅੱਗੇ ਫੁੱਲ ਅਰਪਿਤ ਕਰਕੇ ਸ਼ਰਧਾਂਜਲੀ ਦਿੱਤੀ ਗਈ। ਇਸ ਤੋਂ ਬਾਅਦ ਸ਼ਮਾ ਰੌਸ਼ਨ ਕਰਕੇ ਮਿਊਜ਼ਿਕ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਰਾਸ਼ਟਰੀ ਗੀਤ ਅਤੇ ਦੇਸ਼ ਭਗਤੀ ਗੀਤ ਪ੍ਰਸਤੁਤ ਕੀਤੇ ਗਏ।

ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਅਸ਼ਵਨੀ ਭੱਲਾ ਨੇ ਕਿਹਾ ਕਿ ਮਹਾਤਮਾ ਗਾਂਧੀ ਅਤੇ ਸ਼ਾਸਤਰੀ ਜੀ ਦੀ ਜ਼ਿੰਦਗੀ, ਦਰਸ਼ਨ ਅਤੇ ਉਪਦੇਸ਼ ਸਾਰੇ ਭਾਰਤੀ ਲਈ ਰਾਹ ਦਸੇਰਾ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਸੱਚ, ਅਹਿੰਸਾ, ਸਾਦਗੀ, ਏਕਤਾ ਅਤੇ ਮਿਹਨਤ ਦੇ ਮੁੱਲਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ।

ਇਸ ਤੋਂ ਇਲਾਵਾ, ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੀ ਸੰਖੇਪ ਵਿਚਾਰ ਸਾਂਝੇ ਕਰਕੇ ਦੋਵੇਂ ਮਹਾਨ ਹਸਤੀਆਂ ਪ੍ਰਤੀ ਆਪਣੀ ਸ਼ਰਧਾ ਪ੍ਰਗਟਾਈ। ਇਸ ਸਮਾਰੋਹ ਵਿੱਚ ਕਾਲਜ ਦੇ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਉਤਸ਼ਾਹਪੂਰਵਕ ਭਾਗ ਲਿਆ ਅਤੇ ਦੋਵੇਂ ਮਹਾਨ ਨੇਤਾਵਾਂ ਦੇ ਉਪਦੇਸ਼ਾਂ ਨੂੰ ਯਾਦ ਕੀਤਾ।

# ਅਮਰ ਸਿੰਘ ਚਮਕੀਲਾ ਲਈ ਐਮੀ ਐਵਾਰਡ 2025 ਲਈ ਦਿਲਜੀਤ ਸਰਵੋਤਮ ਅਦਾਕਾਰ ਵਜੋਂ ਨਾਮਜ਼ਦ

**ਨਵੀਂ ਦਿੱਲੀ, 6 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਅਦਾਕਾਰ ਅਤੇ ਗਾਇਕ ਦਿਲਜੀਤ ਦੋਸਾਂਝ ਨੂੰ ਫ਼ਿਲਮਸਾਜ਼ ਇਮਤਿਆਜ਼ ਅਲੀ ਦੀ ਬਹੁ-ਚਰਚਿਤ ਬਾਇਓਪਿਕ ਅਮਰ ਸਿੰਘ ਚਮਕੀਲਾ 'ਚ ਨਿਭਾਈ ਮੁੱਖ ਭੂਮਿਕਾ ਲਈ ਕੌਮਾਂਤਰੀ ਐਮੀ ਐਵਾਰਡ 2025 'ਚ ਸਰਵੋਤਮ ਅਦਾਕਾਰ ਸ਼੍ਰੇਣੀ 'ਚ ਨਾਮਜ਼ਦ ਕੀਤਾ ਗਿਆ ਹੈ।

ਅਲੀ ਵਲੋਂ ਨਿਰਦੇਸ਼ਿਤ ਇਸ ਫ਼ਿਲਮ ਨੂੰ TV ਫ਼ਿਲਮ/ਮਿਨੀ-ਸੀਰੀਜ਼ ਸ਼੍ਰੇਣੀ 'ਚ ਵੀ ਨਾਮਜ਼ਦਗੀ ਪ੍ਰਾਪਤ ਹੋਈ ਹੈ। ਇੰਟਰਨੈਸ਼ਨਲ ਅਕੈਡਮੀ ਔਫ਼ ਟੈਲੀਵਿਯਨ ਆਰਟਸ ਐਂਡ ਸਾਇੰਸਿਜ਼ ਨੇ ਨਿਊ ਯੌਰਕ 'ਚ ਨਾਮਜ਼ਦਗੀਆਂ ਦਾ ਐਲਾਨ ਕੀਤਾ ਜਿਸ 'ਚ ਇਹ ਫ਼ਿਲਮ ਇਕਲੌਤੀ ਭਾਰਤੀ ਐਂਟਰੀ ਵਜੋਂ ਉਭਰੀ।

ਵਿੰਡੋ ਸੀਟ ਫ਼ਿਲਮਜ਼ ਵਲੋਂ ਨਿਰਮਿਤ, ਨੈੱਟਫ਼ਲਿਕਸ ਫ਼ਿਲਮ 'ਚ ਦੋਸਾਂਝ ਇੱਕ ਪੰਜਾਬੀ ਗਾਇਕ ਦੀ ਮੁੱਖ ਭੂਮਿਕਾ 'ਚ ਸੀ ਜਿਸ ਦੀ 1898 'ਚ ਆਪਣੀ ਗਾਇਕਾ ਪਤਨੀ ਅਮਰਜੋਤ ਕੌਰ ਨਾਲ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਫ਼ਿਲਮ 'ਚ ਅਮਰਜੋਤ ਦਾ ਕਿਰਦਾਰ ਪਰੀਨਿਤੀ ਚੋਪੜਾ ਨੇ ਕੀਤਾ ਹੈ।

ਦਿਲਜੀਤ ਦੋਸਾਂਝ ਸਰਬੋਤਮ ਅਦਾਕਾਰ ਸ਼੍ਰੇਣੀ 'ਚ ਡੇਵਿਡ ਮਿਸ਼ੈੱਲ (UK), ਓਰੀਓਲ ਪਲਾ (ਸਪੇਨ), ਅਤੇ ਡੀਐਗੋ ਵਾਸਕੇਜ਼ (ਕੋਲੰਬੀਆ) ਨਾਲ ਮੁਕਾਬਲਾ ਕਰੇਗਾ। ਇਹ ਫ਼ਿਲਮ TV ਫ਼ਿਲਮ/ਮਿਨੀ-ਸੀਰੀਜ਼ ਐਵਾਰਡ ਲਈ Herrhausen: The Banker



and The Bomb (Germany), Lost Boys & Fairies (United Kingdom) and Vencer o Morir (Chile) ਨੂੰ ਟੱਕਰ ਦੇਵੇਗੀ।ਜੇਤੂਆਂ ਦਾ ਐਲਾਨ 24 ਨਵੰਬਰ ਨੂੰ ਨਿਊ ਯੌਰਕ ਸਿਟੀ 'ਚ ਹੋਣ ਵਾਲੇ 53ਵੇਂ ਅੰਤਰਰਾਸ਼ਟਰੀ ਐਮੀ ਐਵਾਰਡ ਗਾਲਾ 'ਚ ਕੀਤਾ ਜਾਵੇਗਾ। ਇੰਟਰਨੈਸ਼ਨਲ ਅਕੈਡਮੀ ਵਲੋਂ ਜਾਰੀ ਇੱਕ ਪ੍ਰੈੱਸ ਰੀਲੀਜ਼ ਅਨੁਸਾਰ ਨਾਮਜ਼ਦਗੀਆਂ 'ਚ 16 ਸ਼੍ਰੇਣੀਆਂ 'ਚ 64 ਨਾਮਜ਼ਦ ਵਿਅਕਤੀ ਸ਼ਾਮਿਲ ਹਨ ਜੋ ਕਿ ਰਿਕਾਰਡ 26 ਦੇਸ਼ਾਂ ਨਾਲ ਸਬੰਧਤ ਹਨ।

ਭਾਰਤ ਤੋਂ ਪਿਛਲੇ ਕੌਮਾਂਤਰੀ ਐਮੀ ਜੇਤੂਆਂ 'ਚ ਨੈੱਟਫ਼ਲਿਕਸ ਸੀਰੀਜ਼ ਡੇਲੀ ਕ੍ਰਾਈਮਜ਼ ਸ਼ਾਮਿਲ ਹੈ ਜਿਸ ਨੇ 2020 'ਚ ਸਰਵੋਤਮ ਡਰਾਮਾ ਪੁਰਸਕਾਰ ਜਿੱਤਿਆ ਸੀ, ਅਤੇ ਕਾਮੇਡੀਅਨ ਵੀਰ ਦਾਸ ਜਿਸ ਨੇ 2021 'ਚ ਸਰਵੋਤਮ ਕੌਮੇਡੀ ਟਰੌਫ਼ੀ ਜਿੱਤੀ ਸੀ।

# ਪੰਜਾਬੀ ਡਰਾਇਵਰ ਵਲੋਂ ਨਿਰਦੋਸ਼ ਹੋਣ ਦੀ ਪਟੀਸ਼ਨ ਦਾਇਰ

**ਫ਼ਲੌਰੀਡਾ, 6 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-** 28 ਸਾਲਾ ਭਾਰਤੀ ਟਰੱਕ ਡਰਾਇਵਰ ਹਰਜਿੰਦਰ ਸਿੰਘ, ਜੋ ਕਿ ਅਮਰੀਕਾ 'ਚ ਇੱਕ ਗ਼ਲਤ ਯੂ-ਟਰਨ ਲੈਣ ਕਾਰਨ ਫ਼ਲੌਰੀਡਾ ਦੀ ਜੇਲ੍ਹ 'ਚ ਬੰਦ ਹੈ, ਨੇ ਅਦਾਲਤ 'ਚ ਆਪਣੀ ਪਹਿਲੀ ਪੇਸ਼ੀ ਦੌਰਾਨ ਨਿਰਦੋਸ਼ ਹੋਣ ਦੀ ਪਟੀਸ਼ਨ ਦਾਇਰ ਕੀਤੀ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਉਸ ਨੇ ਫ਼ਲੌਰੀਡਾ 'ਚ ਟਰੱਕ ਚਲਾਉਂਦੇ ਸਮੇਂ ਇੱਕ ਗ਼ਲਤ ਯੂ-ਟਰਨ ਲੈ ਲਿਆ ਸੀ ਜਿਸ ਕਾਰਨ ਉਸ ਦੇ ਟਰੱਕ 'ਚ ਪਿੱਛੋਂ ਆ ਰਹੀ ਇੱਕ ਕਾਰ ਦੀ ਭਿਆਨਕ ਟੱਕਰ ਹੋ ਗਈ ਸੀ ਅਤੇ ਕਾਰ 'ਚ ਸਵਾਰ ਤਿੰਨ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ।

# ਐਸ.ਡੀ.ਐਮ ਬਟਾਲਾ, ਖੇਤੀਬਾੜੀ ਅਧਿਕਾਰੀਆਂ ਨਾਲ ਪਿੰਡ ਕਰਵਾਲੀਆਂ ਪਹੁੰਚੇ

ਬਟਾਲਾ,6 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਦਲਵਿੰਦਰਜੀਤ ਸਿੰਘ ਦੇ ਆਦੇਸ਼ਾਂ ਤਹਿਤ ਖੇਤੀਬਾੜੀ ਦੇ ਕਿਸਾਨ ਭਲਾਈ ਵਿਭਾਗ ਵੱਲੋਂ ਅੱਜ ਬਟਾਲਾ ਬਲਾਕ ਦੇ ਪਿੰਡ ਕਰਵਾਲੀਆਂ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਜਿਸ ਵਿਚ ਵਿਕਰਮਜੀਤ ਸਿੰਘ ਪਾਂਥੇ, ਐਸ.ਡੀ.ਐਮ ਬਟਾਲਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਸਹਾਇਕ ਲੇਬਰ ਕਮਿਸ਼ਨਰ ਬਟਾਲਾ ਕੰਵਲਜੀਤ ਸਿੰਘ, ਏ.ਡੀ.ਓ ਸਿਮਰਨਜੀਤ ਸਿੰਘ ਅਤੇ ਸਰਪੰਚ ਸਤਨਾਮ ਸਿੰਘ ਆਦਿ ਮੌਜੂਦ ਸਨ।




ਜਾਗਰੂਕਤਾ ਕੈਂਪ ਦੌਰਾਨ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਪ੍ਰੇਰਿਤ ਕਰਦਿਆਂ ਐਸ.ਡੀ.ਐਮ ਬਟਾਲਾ ਨੇ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਵਾਤਾਵਰਨ ਬੁਰੀ ਤਰ੍ਹਾਂ ਦੂਸ਼ਿਤ ਹੁੰਦਾ ਹੈ ਅਤੇ ਇਸ ਨਾਲ ਬਿਮਾਰੀਆਂ ਵਧਦੀਆਂ ਹਨ, ਜਿਨ੍ਹਾਂ ਦਾ ਸਾਡੇ ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ 'ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਇਸ ਲਈ ਬੱਚਿਆਂ ਦੇ ਤੰਦਰੁਸਤ ਭਵਿੱਖ ਅਤੇ ਬਜ਼ੁਰਗਾਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਪਰਾਲੀ ਨਾ ਸਾੜੀ ਜਾਵੇ।

ਉਨ੍ਹਾਂ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਇਸ ਸਬੰਧੀ ਸਖ਼ਤ ਆਦੇਸ਼ ਜਾਰੀ ਕੀਤੇ ਗਏ ਹਨ ਕਿ ਫ਼ਸਲੀ ਰਹਿੰਦ-ਖੂੰਹਦ ਨੂੰ ਲੱਗਦੀ ਅੱਗ ਨੂੰ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣਾ ਕਿਸੇ ਤਰ੍ਹਾਂ ਵੀ ਲਾਹੇਵੰਦਾ ਨਹੀਂ ਹੈ ਇਸ ਨਾਲ ਜਿੱਥੇ ਸਾਡਾ ਵਾਤਾਵਰਨ ਦੂਸ਼ਿਤ ਹੁੰਦਾ ਹੈ ਓਥੇ ਅੱਗ ਲਗਾਉਣ ਨਾਲ ਜ਼ਮੀਨ ਦੇ ਉਪਜਾਊ ਤੱਤ ਵੀ ਨਸ਼ਟ ਹੋ ਜਾਂਦੇ ਹਨ।

ਇਸ ਮੌਕੇ ਸਹਾਇਕ ਲੇਬਰ ਕਮਿਸ਼ਨਰ ਬਟਾਲਾ ਕੰਵਲਜੀਤ ਸਿੰਘ ਵਲੋਂ ਵੀ ਪਰਾਲੀ ਸਾੜਨ ਦੇ ਨੁਕਸਾਨਾਂ ਤੋਂ ਜਾਣੂੰ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਫਸਲ ਦੀ ਰਹਿੰਦ-ਖੂੰਹਦ ਸਾੜਨ ਨਾਲ ਧੂੰਏ ? ਕਾਰਨ ਸੜਕੀ ਹਾਦਸੇ ਵਾਪਰਨ ਕਾਰਨ ਜਾਨੀ ਨੁਕਸਾਨ ਹੋ ਜਾਂਦਾ ਹੈ। ਇਸ ਲਈ ਸਾਰਿਆਂ ਦੀ ਭਲਾਈ ਲਈ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ।

ਇਸ ਮੌਕੇ ਏ.ਡੀ.ਓ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਮਸ਼ੀਨਾਂ ਸਬਸਿਡੀ ਉੱਤੇ ਉਪਲਬਧ ਕਰਵਾਈਆਂ ਗਈਆਂ ਹਨ, ਜਿਨ੍ਹਾਂ ਦੀ ਮਦਦ ਨਾਲ ਅਸਾਨੀ ਨਾਲ ਫ਼ਸਲੀ ਰਹਿੰਦ-ਖੂੰਹਦ ਦਾ ਨਿਪਟਾਰਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਖੇਤ ਵਿਚ ਨਿਪਟਾਉਣ ਦੇ ਨਾਲ ਨਾਲ ਇਸ ਦੀਆਂ ਗੰਢਾ ਬਣਾ ਕੇ ਵਪਾਰਿਕ ਤਰੀਕੇ ਨਾਲ ਵੀ ਇਸ ਦੀ ਵਰਤੋ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਖੇਤਾਂ ਵਿਚ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਨਾਲ ਕਿਸਾਨਾਂ ਨੂੰ ਆਰਥਿਕ ਨੁਕਸਾਨ ਵੀ ਝੱਲਣਾ ਪੈਂਦਾ ਹੈ।

ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਾਨ ਨੂੰ ਪਰਾਲੀ ਪ੍ਰਬੰਧਨ ਵਿੱਚ ਕੋਈ ਮੁਸ਼ਕਲ ਆਉਂਦੀ ਹੈ ਜਾਂ ਕੋਈ ਤਕਨੀਕੀ ਸਹਾਇਤਾ ਚਾਹੀਦੀ ਹੈ ਤਾਂ ਉਹ ਆਪਣੇ ਨੇੜੇ ਦੇ ਖੇਤੀਬਾੜੀ ਦਫ਼ਤਰ ਸੰਪਰਕ ਕਰ ਸਕਦਾ ਹੈ।

ਇਸ ਤੋਂ ਪਹਿਲਾਂ ਪਿੰਡ ਦੇ ਸਰਪੰਚ ਸਤਨਾਮ ਸਿੰਘ ਨੇ ਐਸ.ਡੀ.ਐਮ ਤੇ ਖੇਤੀਬਾੜੀ ਵਿਭਾਗ ਦੀ ਟੀਮ ਦਾ ਪਿੰਡ ਕਰਵਾਲੀਆਂ ਵਿਖੇ ਪਹੁੰਚਣ 'ਤੇ ਧੰਨਵਾਦ ਕਰਦਿਆਂ ਕਿਸਾਨਾਂ ਵੱਲੋਂ ਪਰਾਲੀ ਨਾ ਸਾੜਨ ਦਾ ਵਿਸ਼ਵਾਸ ਦਿਵਾਇਆ।

# ਸਰਕਾਰੀ ਆਰਟਸ ਐਂਡ ਸਪੋਰਟਸ ਕਾਲਜ, ਜਲੰਧਰ ਵਿਖੇ ਹੋਣ ਵਾਲੀ ਫੌਜ ਦੀ

ਤਰਨ ਤਾਰਨ, 6 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਅਤੇ ਡਿਪਟੀ ਕਮਿਸ਼ਨਰ ਤਰਨ ਤਾਰਨ ਸ਼ ?ਰੀ ਰਾਹੁਲ, ਆਈ. ਏ. ਐਸ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਜਿਲ੍ਹੇ ਦੇ ਨੌਜ਼ਵਾਨਾਂ ਨੂੰ ਆਰਮੀ ਦੀ ਭਰਤੀ ਸਬੰਧੀ ਜਾਣਕਾਰੀ ਦਿੰਦੇਂ ਹੋਏ ਸ਼ ?ਰੀ ਵਿਕਰਮ ਜੀਤ ਜਿਲ੍ਹਾ ਰੋਜਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਅਫਸਰ, ਤਰਨ ਤਾਰਨ ਵੱਲੋਂ ਦੱਸਿਆ ਗਿਆ ਕਿ ਸਰਕਾਰੀ ਆਰਟਸ ਐਂਡ ਸਪੋਰਟਸ ਕਾਲਜ, ਜਲੰਧਰ ਵਿਖੇ ਹੋਣ ਵਾਲੀ ਫੌਜ ਦੀ ਭਰਤੀ ਰੈਲੀ 2025 ਮਿਤੀ 08 ਅਕਤੂਬਰ ਤੋਂ ਮਿਤੀ: 16 ਅਕਤੂਬਰ 2025 ਤੱਕ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ ਇਸ ਸਬੰਧੀ ਸਾਰੇ ਉਮੀਦਵਾਰ ਜਿਨ੍ਹਾਂ ਨੂੰ ਆਪਣੇ ਈਮੇਲ ਆਈਡੀ 'ਤੇ ਆਪਣੇ ਐਡਮਿਟ ਕਾਰਡ ਪ੍ਰਾਪਤ ਹੋਏ ਹਨ, ਉਨ੍ਹਾਂ ਨੂੰ ਇੰਡੀਅਨ ਆਰਮੀ ਦੀ ਵੈੱਬਸਾਈਟ 'ਤੇ ਜਾ ਕੇ ਅਤੇ ਰਿਕਰੂਟਿੰਗ ਦਫਤਰ, ਜਲੰਧਰ ਦੁਆਰਾ ਆਪਣੇ ਈਮੇਲ ਆਈਡੀ 'ਤੇ ਭੇਜੇ ਗਏ ਈਮੇਲਾਂ 'ਤੇ ਜਾ ਕੇ ਨਵੇਂ ਐਡਮਿਟ ਕਾਰਡ ਡਾਊਨਲੋਡ ਕਰਨ ਦੀ ਲੋੜ ਹੈ।



ਉਨ੍ਹਾਂ ਕਿਹਾ ਕਿ ਸਾਰੇ ਉਮੀਦਵਾਰ ਜਿਨ੍ਹਾਂ ਵੱਲੋਂ ਪਹਿਲਾਂ ਹੀ ਅਪਲਾਈ ਕੀਤਾ ਹੋਇਆ ਹੈ। ਉਹ ਆਪਣੇ ਨਵੇਂ ਐਡਮਿਟ ਕਾਰਡ ਆਪਣੀ ਈ-ਮੇਲ ਆਈ.ਡੀ ਜਾਂ ਇੰਡੀਅਨ ਆਰਮੀ ਦੀ ਵੈੱਬਸਾਈਟ 'ਤੇ ਜਾ ਕੇ ਆਪਣੇ ਐਡਮਿਟ ਕਾਰਡ ਪ੍ਰਾਪਤ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਇੰਡੀਅਨ ਆਰਮੀ ਦੀ ਵੈੱਬਸਾਈਟ 'ਤੇ ਜਾਓ ਜਾਂ ਆਰਮੀ ਭਰਤੀ ਦਫਤਰ ਜਲੰਧਰ ਦੇ ਟੈਲੀਫੋਨ ਨੰਬਰ 018126-61425 'ਤੇ ਕਾਲ ਕਰਕੇ ਸੰਪਰਕ ਕਰ ਸਕਦੇ ਹੋ।

# ਵਿਧਾਇਕ ਬ੍ਰਮ ਸ਼ੰਕਰ ਜਿੰਪਾ ਦੇ ਯਤਨਾਂ ਸਦਕਾ ਸਫ਼ਾਈ ਕਰਮਚਾਰੀਆਂ ਦੀ ਹੜਤਾਲ ਹੋਈ ਖ਼ਤਮ

ਹੁਸ਼ਿਆਰਪੁਰ, 6 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਬ੍ਰਮ ਸ਼ੰਕਰ ਜ਼ਿੰਪਾ ਨੇ ਦੱਸਿਆ ਕਿ ਹੁਸ਼ਿਆਰਪੁਰ ਸ਼ਹਿਰ ਵਿਚ ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਸਫ਼ਾਈ ਕਰਮਚਾਰੀਆਂ ਦੀ ਹੜਤਾਲ ਹੁਣ ਖ਼ਤਮ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਕੱਲ੍ਹ ਕੈਬਨਿਟ ਮੰਤਰੀ ਅਮਨ ਅਰੋੜਾ ਨਾਲ ਸਫ਼ਾਈ ਕਰਮਚਾਰੀ ਯੂਨੀਅਨ ਦੀ ਮੀਟਿੰਗ ਹੋਈ ਸੀ, ਜਿਸ ਵਿਚ ਯੂਨੀਅਨ ਦੇ ਨੁਮਾਇੰਦਿਆਂ ਨੇ ਆਪਣੀਆਂ ਮੰਗਾਂ ਵਿਸਥਾਰ ਵਿਚ ਪੇਸ਼ ਕੀਤੀਆਂ।



ਵਿਧਾਇਕ ਜ਼ਿੰਪਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਯੂਨੀਅਨ ਅਧਿਕਾਰੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਕਰਮਚਾਰੀਆਂ ਦੀ ਭਲਾਈ ਅਤੇ ਜਨਤਾ ਦੀ ਸਹੂਲਤ ਪ੍ਰਤੀ ਪੂਰੀ ਤਰ੍ਹਾਂ ਸੰਵੇਦਨਸ਼ੀਲ ਹੈ ਅਤੇ ਕਿਸੇ ਵੀ ਮੁੱਦੇ ਨੂੰ ਗੱਲਬਾਤ ਅਤੇ ਆਪਸੀ ਸਮਝ ਰਾਹੀਂ ਹੱਲ ਕੀਤਾ ਜਾਵੇਗਾ।

ਸਫ਼ਾਈ ਕਰਮਚਾਰੀਆਂ ਦਾ ਧੰਨਵਾਦ ਕਰਦੇ ਹੋਏ ਵਿਧਾਇਕ ਜ਼ਿੰਪਾ ਨੇ ਕਿਹਾ ਕਿ ਉਨ੍ਹਾਂ ਨੇ ਜਨਤਾ ਦੀਆਂ ਚਿੰਤਾਵਾਂ ਨੂੰ ਦੇਖਦੇ ਹੋਏ ਹੜਤਾਲ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਫ਼ਾਈ ਕਰਮਚਾਰੀਆਂ ਦੀ ਸਖ਼ਤ ਮਿਹਨਤ ਅਤੇ ਯੋਗਦਾਨ ਸ਼ਹਿਰ ਦੀ ਸਫਾਈ ਅਤੇ ਸਿਹਤ ਪ੍ਰਣਾਲੀ ਲਈ ਬਹੁਤ ਮਹੱਤਵਪੂਰਨ ਹੈ।

ਉਨ੍ਹਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸ਼ਹਿਰ ਵਿਚ ਸਫ਼ਾਈ ਨੂੰ ਤੁਰੰਤ ਬਹਾਲ ਕਰਨ ਅਤੇ ਹੜਤਾਲ ਦੌਰਾਨ ਇਕੱਠੇ ਹੋਏ ਕੂੜੇ ਦੇ ਨਿਪਟਾਰੇ ਨੂੰ ਤਰਜੀਹ ਦੇਣ ਤਾਂ ਜੋ ਕਿਸੇ ਵੀ ਸਿਹਤ ਸਮੱਸਿਆ ਨੂੰ ਰੋਕਿਆ ਜਾ ਸਕੇ।

ਵਿਧਾਇਕ ਜ਼ਿੰਪਾ ਨੇ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਕਰਮਚਾਰੀਆਂ ਦੀਆਂ ਮੰਗਾਂ ਨੂੰ ਪੂਰਾ ਕਰਨ ਅਤੇ ਨਿਰਵਿਘਨ ਜਨਤਕ ਸੇਵਾਵਾਂ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰੇਗੀ।

ਉਨ੍ਹਾਂ ਕਿਹਾ ਕਿ ਇਕ ਸਾਫ਼ ਅਤੇ ਸਿਹਤਮੰਦ ਹੁਸ਼ਿਆਰਪੁਰ ਉਨ੍ਹਾਂ ਦੀ ਤਰਜੀਹ ਹੈ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ ਅਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

# ਪੀ ਐੱਮ ਸਵੈਨਿਧੀ ਯੋਜਨਾ ਤਹਿਤ ਲੋਕ ਕਲਿਆਣ ਮੇਲਾ



ਜੀਂਦ, 6 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਸਵੈਨਿਧੀ ਯੋਜਨਾ ਤਹਿਤ ਜ਼ਿਲ੍ਹੇ ਵਿੱਚ ਰੇਹੜੀ ਵਾਲੇ ਵਿਕਰੇਤਾਵਾਂ ਅਤੇ ਛੋਟੇ ਕਾਰੋਬਾਰ ਵਾਲਿਆਂ ਲਈ ਇੱਥੇ ਨਗਰ ਪਰਿਸ਼ਦ ਮੀਟਿੰਗ ਹਾਲ ਵਿੱਚ ਡੀ.ਐੱਮ.ਸੀ. ਸੁਰਿੰਦਰ ਸਿੰਘ ਦੂਹਨ ਦੀ ਪ੍ਰਧਾਨਗੀ ਹੇਠ ਲੋਕ ਕਲਿਆਣ ਮੇਲਾ ਲਗਾਇਆ ਗਿਆ, ਜਿਸ ਵਿੱਚ ਨਗਰ ਪਰਿਸ਼ਦ ਜੀਂਦ ਦੀ ਚੇਅਰਪਰਸਨ ਦੇ ਨੁਮਾਇੰਦੇ ਡਾ. ਰਾਜ ਸੈਣੀ ਵਿਸ਼ੇਸ਼ ਤੌਰ 'ਤੇ ਪੁੱਜੇ।

ਇਸ ਮੇਲੇ ਵਿੱਚ ਸ਼ਹਿਰੀ ਰੇਹੜੀ-ਫੜ੍ਹੀ ਵਾਲੇ ਅਤੇ ਛੋਟਾ ਕਾਰੋਬਾਰ ਕਰਨ ਵਾਲੇ ਵੱਡੀ ਗਿਣਤੀ 'ਚ ਸ਼ਾਮਲ ਹੋਏ। ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਡੀ.ਐੱਮ.ਸੀ. ਸੁਰਿੰਦਰ ਸਿੰਘ ਦੂਹਨ ਨੇ ਦੱਸਿਆ ਕਿ ਐੱਫ.ਐੱਸ.ਐੱਸ.ਏ.ਆਈ. ਦੇ ਤਹਿਤ ਗੂਗਲ ਪੋਰਟਲ ਉੱਤੇ ਅਤੇ ਫੋਸਕੋਸ ਸਾਈਟ ਦੇ ਜ਼ਰੀਏ ਮੋਬਾਇਲ ਤੋਂ ਮੁਫ਼ਤ ਪੰਜੀਕਰਨ ਕਰਵਾਇਆ ਜਾ ਸਕਦਾ ਹੈ। ਸਾਰੇ ਰੇਹੜੀ ਵਾਲੇ, ਫਲ-ਸਬਜ਼ੀਆਂ ਦੇ ਵਿਕਰੇਤਾ ਅਤੇ ਛੋਟਾ ਕਾਰੋਬਾਰ ਕਰਨ ਵਾਲੇ ਹੋਰ ਲੋਕ ਨਗਰ ਪਰਿਸ਼ਦ/ਨਗਰ ਨਿਗਮ ਤੋਂ ਪੀ.ਐੱਮ. ਸਵੈਨਿਧੀ ਯੋਜਨਾ ਤਹਿਤ 15 ਹਜ਼ਾਰ, 25 ਹਜ਼ਾਰ ਅਤੇ 50 ਹਜ਼ਾਰ ਦਾ ਮੁਫ਼ਤ ਸੁਰੱਖਿਆ ਲੋਨ ਲਈ ਬੇਨਤੀ ਕਰ ਕੇ ਸੱਤ ਫ਼ੀਸਦੀ ਵਿਆਜ਼ ਸਬਸਿਡੀ ਦਾ ਲਾਭ ਲੈ ਸਕਦੇ ਹਨ। ਪੰਜੀਕਰਨ ਮਗਰੋਂ ਰੇਹੜੀ ਵਾਲੇ ਅਤੇ ਉਨ੍ਹਾਂ ਦੇ ਪਰਿਵਾਰ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ, ਜੀਵਨ ਜੋਤੀ ਬੀਮਾ ਯੋਜਨਾ, ਜਨਧਨ ਯੋਜਨਾ, ਜਗਨੀ ਸੁਰੱਖਿਆ ਯੋਜਨਾ ਵਰਗੀਆਂ ਅੱਠ ਯੋਜਨਾਵਾਂ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਨੇ ਜੀਂਦ, ਨਰਵਾਣਾ, ਸਫੀਦੋਂ, ਉਚਾਨਾ ਅਤੇ ਜੁਲਾਨਾ ਨਗਰ ਪਰਿਸ਼ਦ ਨੂੰ ਵੱਧ ਤੋਂ ਵੱਧ ਲੋਕਾਂ ਨੂੰ ਇਸ ਯੋਜਨਾ ਦਾ ਲਾਭ ਪਹੁੰਚਾਉਣ ਦੇ ਆਦੇਸ਼ ਜਾਰੀ ਕੀਤੇ।

# ਬਦੀ ਉੱਤੇ ਨੇਕੀ ਦੀ ਜਿੱਤ ਦੇ ਪ੍ਰਤੀਕ ਦੁਸ਼ਹਿਰੇ ਦੇ ਤਿਉਹਾਰ ਦੀ ਹਰਜੋਤ ਬੈਂਸ ਵੱਲੋਂ ਵਧਾਈ



ਸ੍ਰੀ ਆਨੰਦਪੁਰ ਸਾਹਿਬ,6 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਰਮਾਇਣ ਵਰਗੇ ਧਾਰਮਿਕ ਅਤੇ ਪਵਿੱਤਰ ਗ੍ਰੰਥ ਸਾਡੇ ਜੀਵਨ ਵਿੱਚ ਬਹੁਤ ਮਹੱਤਵਪੂਰਨ ਸਿੱਖਿਆਵਾਂ ਦੇ ਕੇ ਸਾਨੂੰ ਜੀਵਨ ਦਾ ਸਹੀ ਮਾਰਗ ਦਰਸ਼ਨ ਕਰਦੇ ਹਨ, ਦੁਸ਼ਹਿਰੇ ਦਾ ਤਿਉਹਾਰ ਬਦੀ ਉਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਹੈ। ਅਜਿਹੇ ਧਾਰਮਿਕ ਗ੍ਰੰਥਾਂ ਤੋਂ ਸਿੱਖਿਆ ਪ੍ਰਾਪਤ ਕਰਕੇ ਜੀਵਨ ਨੂੰ ਸਫਲ ਬਣਾਇਆ ਜਾ ਸਕਦਾ ਹੈ।

ਇਹ ਪ੍ਰਗਟਾਵਾ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਨੇ ਅੱਜ ਸਮੂਹ ਸੰਗਤ ਨੂੰ ਦੁਸ਼ਹਿਰੇ ਦੇ ਤਿਉਹਾਰ ਦੀ ਵਧਾਈ ਦਿੰਦੇ ਹੋਏ ਕੀਤਾ। ਉਨ੍ਹਾਂ ਨੇ ਕਿਹਾ ਕਿ ਸਾਡੇ ਦੇਸ਼ ਭਰ ਵਿੱਚ ਪਵਿੱਤਰ ਨਵਰਾਤਰਿਆਂ ਦੌਰਾਨ ਹਰ ਸ਼ਹਿਰ ਕਸਬੇ ਵਿੱਚ ਰਮਾਇਣ ਦੀ ਪ੍ਰਸਤੂਤੀ ਕੀਤੀ ਜਾਂਦੀ ਹੈ। ਸਾਡੇ ਕਲਾਕਾਰ ਪੂਰੇ ਧਾਰਮਿਕ ਰੰਗ ਨਾਲ ਮਰਿਆਦਾ ਵਿਚ ਰਾਮਲੀਲਾ ਦਾ ਆਯੋਜਨ ਕਰਦੇ ਹਨ ਅਤੇ ਦਸ਼ਮੀ ਵਾਲੇ ਦਿਨ ਦੁਸ਼ਹਿਰੇ ਦਾ ਤਿਉਹਾਰ ਮਨਾਇਆ ਜਾਦਾ ਹੈ।

ਜਿੱਥੋ ਸਾਡੇ ਆਉਣ ਵਾਲੇ ਸਮਾਜ ਅਤੇ ਨਵੀ ਪੀੜ੍ਹੀ ਨੂੰ ਸੇਧ ਮਿਲਦੀ ਹੈ। ਉਨ੍ਹਾਂ ਨੇ ਕਿਹਾ ਕਿ ਅਸੀ ਇਹ ਸਾਰੇ ਤਿਉਹਾਰ ਰਲ ਮਿਲ ਕੇ ਮਨਾਉਦੇ ਹਾਂ, ਇਹੋ ਸਾਡੀ ਧਾਰਮਿਕ ਇਕਜੁੱਟਤਾ ਹੀ ਸਾਡੇ ਸਮਾਜ ਦੀ ਸੁੰਦਰਤਾ ਹੈ। ਉਨ੍ਹਾਂ ਨੇ ਸਮੂਹ ਸੰਗਤ ਨੂੰ ਦੁਸ਼ਹਿਰੇ ਦੇ ਤਿਉਹਾਰ ਦੀ ਵਧਾਈ ਦਿੱਤੀ ਹੈ।

# ਪਰਾਲੀ ਪ੍ਰਬੰਧਨ ਦੇ ਮੱਦੇਨਜ਼ਰ ਕਿਸਾਨਾਂ ਨਾਲ ਰਾਬਤਾ ਰੱਖਦਿਆਂ ਵੱਧ ਤੋਂ ਵੱਧ ਕੀਤਾ ਜਾਵੇ ਜਾਗਰੂਕ : ਡੀ.ਸੀ.



ਬਠਿੰਡਾ, 6 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਰਾਲੀ ਪ੍ਰਬੰਧਨ ਦੇ ਮੱਦੇਨਜ਼ਰ ਪਿੰਡਾਂ ਵਿੱਚ ਜਾ ਕੇ ਵੱਧ ਤੋਂ ਵੱਧ ਰਾਬਤਾ ਕਾਇਮ ਕਰਕੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇ। ਇਹ ਆਦੇਸ਼ ਡੀ.ਸੀ. ਰਾਜੇਸ਼ ਧੀਮਾਨ ਨੇ ਦਫਤਰ ਨਗਰ ਕੌਂਸਲ ਤਲਵੰਡੀ ਸਾਬੋ ਵਿਖੇ ਨੋਡਲ ਅਤੇ ਕਲੱਸਟਰ ਅਫਸਰਾਂ ਨਾਲ ਕੀਤੀ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੇ। ਇਸ ਮੌਕੇ ਉਨ੍ਹਾਂ ਦੇ ਨਾਲ ਐਸਐਸਪੀ ਅਮਨੀਤ ਕੌਂਡਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਇਸ ਮੌਕੇ ਡੀ.ਸੀ. ਨੇ ਮੁੱਖ ਖੇਤੀਬਾੜੀ ਅਫਸਰ ਨੂੰ ਹਦਾਇਤ ਕਰਦਿਆਂ ਕਿਹਾ ਕਿ ਪਰਾਲੀ ਪ੍ਰਬੰਧਨ ਸਬੰਧੀ ਉਦਯੋਗਿਕ ਇਕਾਈਆਂ ਨੂੰ ਪੰਚਾਇਤੀ ਥਾਵਾਂ ਤੋਂ ਇਲਾਵਾ ਹੋਰ ਢੁੱਕਵੀਆਂ ਥਾਵਾਂ ਮੁਹੱਈਆ ਕਰਵਾਉਣੀਆਂ ਯਕੀਨੀ ਬਣਾਈਆਂ ਜਾਣ। ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਕਿ ਅੱਗ ਲੱਗਣ ਵਾਲੀਆਂ ਥਾਵਾਂ ਤੋਂ ਇਲਾਵਾ ਪੈਟਰੋਲ ਪੰਪ ਆਦਿ ਨੇੜੇ ਪਰਾਲੀ ਦੇ ਡੰਪ ਨਾ ਬਣਾਏ ਜਾਣ।

ਇਸ ਮੌਕੇ ਡੀ.ਸੀ. ਰਾਜੇਸ਼ ਧੀਮਾਨ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਸਬੰਧੀ ਲੋੜ ਅਨੁਸਾਰ ਸਾਰੀ ਮਸ਼ੀਨਰੀ ਮੁਹੱਈਆ ਕਰਵਾਉਣੀ ਲਾਜ਼ਮੀ ਬਣਾਈ ਜਾਵੇ ਤਾਂ ਜੋ ਕਿਸੇ ਵੀ ਕਿਸਾਨ ਨੂੰ ਕੋਈ ਸਮੱਸਿਆ ਦਰਪੇਸ਼ ਨਾ ਆਵੇ। ਇਸ ਮੌਕੇ ਡੀਸੀ ਨੇ ਨੋਡਲ ਅਤੇ ਕਲਸਟਰ ਅਫਸਰਾਂ ਨੂੰ ਕਿਹਾ ਕਿ ਜ਼ੀਰੋ ਬਰਨਿੰਗ ਲਈ ਸਖਤ ਮਿਹਨਤ ਕਰਨੀ ਲਾਜ਼ਮੀ ਬਣਾਉਣ।

ਇਸ ਮੌਕੇ ਡੀ.ਸੀ. ਨੇ ਐਸਡੀਐਮ ਤਲਵੰਡੀ ਸਾਬੋ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਉਹ ਹਰ ਹਫਤੇ ਪਰਾਲੀ ਪ੍ਰਬੰਧਨ ਸਬੰਧੀ ਨੋਡਲ ਅਤੇ ਕਲੱਸਟਰ ਅਫਸਰਾਂ ਵਲੋਂ ਕੀਤੇ ਗਏ ਕਾਰਜਾਂ ਦੀ ਸਮੀਖਿਆ ਰਿਪੋਰਟ ਤਿਆਰ ਕਰਨੀ ਲਾਜ਼ਮੀ ਬਣਾਉਣ।

ਇਸ ਦੌਰਾਨ ਡੀ.ਸੀ. ਨੇ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਪਰਾਲੀ ਨੂੰ ਅੱਗ ਨਾ ਲਗਾਉਣ ਸਗੋਂ ਉਸ ਨੂੰ ਜ਼ਮੀਨ ਵਿੱਚ ਹੀ ਮਿਲਾਉਣ ਨੂੰ ਤਰਜ਼ੀਹ ਦੇਣ। ਇਸ ਨਾਲ ਜਿਥੇ ਜ਼ਮੀਨ ਦੀ ਉਪਜਾਊ ਸ਼ਕਤੀ ਬਣੇ ਰਹੇਗੀ ਉਥੇ ਹੀ ਫਸਲ ਦੇ ਝਾੜ ਵਿੱਚ ਵਾਧਾ ਵੀ ਹੋਵੇਗਾ।

ਇਸ ਮੌਕੇ ਐਸਐਸਪੀ ਅਮਨੀਤ ਕੌਂਡਲ ਨੇ ਨੋਡਲ ਅਫਸਰ ਅਤੇ ਕਲੱਸਟਰ ਅਫਸਰਾਂ ਨੂੰ ਕਿਹਾ ਕਿ ਉਹ ਆਪਸੀ ਸਹਿਯੋਗ ਨਾਲ ਪਰਾਲੀ ਪ੍ਰਬੰਧਨ ਵਿੱਚ ਆਪਣੀ ਡਿਊਟੀ ਤਨਦੇਹੀ ਨਾਲ ਕਰਨ। ਇਸ ਦੌਰਾਨ ਐਸਐਸਪੀ ਨੇ ਉਨ੍ਹਾਂ ਨੂੰ ਪੁਲਿਸ ਵਿਭਾਗ ਵਲੋਂ ਹਰ ਤਰ੍ਹਾਂ ਦਾ ਸੰਭਵ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ।

ਇਸ ਮੌਕੇ ਐਸਡੀਐਮ ਤਲਵੰਡੀ ਸਾਬੋ ਸ਼ ?ਰੀ ਪੰਕਜ, ਮੁੱਖ ਖੇਤੀਬਾੜੀ ਅਫਸਰ ਡਾ. ਜਗਦੀਸ਼ ਸਿੰਘ ਤੋਂ ਇਲਾਵਾ ਨੋਡਲ ਅਫਸਰ ਅਤੇ ਕਲੱਸਟਰ ਅਫਸਰ ਆਦਿ ਹਾਜ਼ਰ ਸਨ।

# ਕੇਂਦਰੀ ਯੋਜਨਾਵਾਂ ਨੂੰ ਲਾਗੂ ਕਰਨ 'ਚ ਹਰਿਆਣਾ ਮੋਹਰੀ: ਸੈਣੀ



ਸ਼ਾਹਬਾਦ ਮਾਰਕੰਡਾ, 6 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਹਰਿਆਣਾ ਨੇ ਹਮੇਸ਼ਾ ਹੀ ਰਾਜ ਵਿੱਚ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ, ਇਸੇ ਲਈ ਕੇਂਦਰੀ ਲੀਡਰਸ਼ਿਪ ਦੂਜੇ ਸੂਬਿਆਂ ਲਈ ਹਰਿਆਣਾ ਨੂੰ ਇਕ ਉਦਾਹਰਨ ਵਜੋਂ ਪੇਸ਼ ਕਰਦੀ ਹੈ। ਇਸ ਲੜੀ ਵਿੱਚ ਹਰਿਆਣਾ ਹੁਣ ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ। ਇਨ੍ਹਾਂ ਤਿੰਨਾਂ ਨਵੇਂ ਕਾਨੂੰਨਾਂ ਦੇ ਸਕਾਰਾਤਮਕ ਨਤੀਜਿਆਂ ਨੂੰ ਦਰਸਾਉਂਦੀ ਇਕ ਪ੍ਰਦਰਸ਼ਨੀ 3 ਅਕਤੂਬਰ ਨੂੰ ਕੁਰੂਕਸ਼ੇਤਰ ਵਿਕਾਸ ਬੋਰਡ ਦੇ ਮੇਲਾ ਖੇਤਰ ਵਿੱਚ ਲਗਾਈ ਜਾ ਰਹੀ ਹੈ, ਜਿਸ ਦਾ ਉਦਘਾਟਨ 3 ਅਕਤੂਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕਰਨਗੇ। ਮੁੱਖ ਮੰਤਰੀ ਕੁਰੂਕਸ਼ੇਤਰ ਵਿਕਾਸ ਬੋਰਡ ਦੇ ਮੇਲਾ ਮੈਦਾਨ ਵਿੱਚ 3 ਅਕਤੂਬਰ ਨੂੰ ਹੋਣ ਵਾਲੇ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਪੁੱਜੇ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਣਾ ਨੂੰ ਨਿਰਦੇਸ਼ ਦਿੱਤੇ ਕਿ ਉਹ ਸਮਾਂ ਰਹਿੰਦੇ ਸਾਰੀਆਂ ਤਿਅਰੀਆਂ ਪੂਰੀਆਂ ਕਰਨ। ਸੈਣੀ ਨੇ ਕਿਹਾ ਕਿ ਨਵੇਂ ਕਾਨੂੰਨਾਂ ਵੱਲੋਂ ਲਿਆਂਦੀਆਂ ਗਈਆਂ ਤਬਦੀਲੀਆਂ ਅਤੇ ਪ੍ਰਾਪਤੀਆਂ ਨੂੰ ਇਕ ਪ੍ਰਦਰਸ਼ਨੀ ਰਾਹੀਂ ਪੇਸ਼ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਦਰਸ਼ਨੀ ਵਿੱਚ ਅਸਲ ਜੀਵਨ ਦੀਆਂ ਉਦਾਹਰਨਾਂ ਵੀ ਪੇਸ਼ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿੱਥੇ ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ ਤੋਂ ਬਾਅਦ ਘਿਨਾਉਣੇ ਅਪਰਾਧਾਂ ਦਾ ਤੇਜ਼ੀ ਨਾਲ ਹੱਲ ਕੀਤਾ ਗਿਆ ਹੈ। ਇਸ ਨਾਲ ਲੋਕਾਂ ਨੂੰ ਇਨ੍ਹਾਂ ਸੁਧਾਰਾਂ ਦੇ ਸਕਾਰਾਤਮਕ ਪ੍ਰਭਾਵ ਨੂੰ ਦੇਖਣ ਵਿੱਚ ਮਦਦ ਮਿਲੇਗੀ। ਇਸ ਪ੍ਰਦਰਸ਼ਨੀ ਦਾ ਮੁੱਖ ਉਦੇਸ਼ ਭਾਰਤੀ ਅਪਰਾਧ ਦੀ ਧਾਰਾ 2023, ਭਾਰਤੀ ਬਚਿੱਆਂ ਦੀ ਸੁਰੱਖਿਆ ਧਾਰਾ 2023 ਅਤੇ ਭਾਰਤੀ ਸਬੂਤ ਐਕਟ 2023 ਰਾਹੀਂ ਭਾਰਤ ਦੀ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਕੀਤੇ ਗਏ ਸੁਧਾਰਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਨਾਗਰਿਕਾਂ ਨੂੰ ਸਿੱਖਿਅਤ ਕਰਨਾ ਹੈ।

# ਡੀਸੀ ਨੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ

ਪੰਚਕੂਲਾ, 6 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਡੀਸੀ ਪੰਚਕੂਲਾ ਮੋਨਿਕਾ ਗੁਪਤਾ ਨੇ ਅੱਜ ਪੰਚਕੂਲਾ ਦੇ ਮਿਨੀ ਸਕੱਤਰੇਤ ਵਿੱਚ ਸ਼ਿਕਾਇਤਾਂ ਦਾ ਕੈਂਪ ਲਗਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਉਨ੍ਹਾਂ ਕਿਹਾ ਕਿ ਰੋਜ਼ਾਨਾ ਸ਼ਿਕਾਇਤਾਂ ਸ਼ਿਕਾਇਤ ਦਰਬਾਰ ਵਿੱਚ 10 ਤੋਂ 12 ਵਜੇ ਸਵੇਰੇ ਸੁਣੀਆਂ ਜਾਣਗੀਆਂ ਅਤੇ ਸ਼ਿਕਾਇਤਾਂ ਨਾਲ ਸਬੰਧਿਤ ਅਫ਼ਸਰ ਦਰਬਾਰ ਵਿੱਚ ਹਾਜ਼ਰ ਹੋਣਗੇ। ਪਿੰਡ ਮੱਟਾਵਾਲੇ ਰਾਜੇਸ਼ ਕੁਮਾਰ ਨੇ ਸ਼ਿਕਾਇਤ ਕੀਤੀ ਕਿ ਤਹਿਸੀਲ ਦਫ਼ਤਰ ਵਾਲੇ ਉਸ ਦੀ ਰਜਿਸਟਰੀ ਨਹੀਂ ਕਰ ਰਹੇ। ਇਸ ਮੌਕੇ ਏਡੀਸੀ ਨੀਸ਼ਾ ਯਾਦਵ, ਸਿਟੀ ਮੈਜੀਸਟਰੇਟ ਵਿਸ਼ਵ ਨਾਥ ਅਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੱਤਪਾਲ ਕੌਸ਼ਿਕ ਹਾਜ਼ਰ ਸਨ।

# ਸਰਕਾਰੀ ਮਾਪਦੰਡਾਂ 'ਤੇ ਖ਼ਰੀ ਨਹੀਂ ਉਤਰੀ ਫ਼ਸਲ

ਜੀਂਦ, 6 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਨਵੀਂ ਅਨਾਜ ਮੰਡੀ ਵਿੱਚ ਖਰੀਫ ਦੀ ਫਸਲ ਦੀ ਖਰੀਦ ਸ਼ੁਰੂ ਕਰਨ ਦੇ ਹੋਏ ਆਦੇਸ਼ਾਂ ਦੇ 8ਵੇਂ ਦਿਨ ਸਹਿਕਾਰੀ ਸਮਿਤੀ ਦੇ ਪ੍ਰਬੰਧਕ ਰਤਨਦੀਪ ਨੇ ਦੂਸਰੀ ਵਾਰ ਮੰਡੀ ਵਿੱਚ ਪਹੁੰਚਕੇ ਬਾਜਰੇ ਦੀ ਫਸਲ ਦੀ ਜਾਂਚ ਕੀਤੀ, ਜਿਸ ਦੇ ਚਲਦੇ ਕੋਈ ਵੀ ਢੇਰੀ ਸਰਕਾਰੀ ਨਿਯਮਾਂ 'ਤੇ ਖਰੀ ਨਾ ਉਤਰਣ ਕਾਰਨ ਖਰੀਦ ਨਾ ਹੋ ਸਕੀ। ਜੀਂਦ ਕੋ-ਆਪ੍ਰੇਟਿਵ ਮਾਰਕਿਟਿੰਗ ਕਮ ਪ੍ਰੋਸੈਸਿੰਗ ਸੁਸਾਇਟੀ ਦੇ ਪ੍ਰਬੰਧਕ ਰਤਨਦੀਪ ਮੰਡੀ ਵਿੱਚ ਅਪਣਾ ਡਿਜੀਟਲ ਨਮੀਂ ਮਾਪਕ ਯੰਤਰ ਲੈ ਕੇ ਪਹੁੰਚੇ ਅਤੇ ਉਨ੍ਹਾਂ ਨੇ ਕ੍ਰਮਵਾਰ ਦੁਕਾਨਾਂ ਉੱਤੇ ਜਾ ਕੇ ਕਿਸਾਨਾਂ ਦੀਆਂ ਪਈਆਂ ਬਾਜਰੇ ਦੀਆਂ ਢੇਰੀਆਂ ਦੀ ਜਾਂਚ ਕੀਤੀ, ਪਰ ਇਸ ਦੌਰਾਨ ਕੁਝ ਢੇਰੀਆਂ ਮਾਪਦੰਡਾਂ ਅਨੁਸਾਰ ਨਹੀਂ ਪਾਈਆਂ ਗਈਆਂ ਤੇ ਬਾਕੀ ਢੇਰੀਆਂ ਵਿੱਚ ਸਰਕਾਰੀ ਨਿਯਮਾਂ ਮੁਤਾਬਿਕ ਨਮੀਂ ਦੀ ਮਾਤਰਾ ਜ਼ਿਆਦਾ ਮਿਲਣ ਦੇ ਨਾਲ-ਨਾਲ ਬਰੋਕਨ, ਡੈਮੇਜ ਅਤੇ ਡਿਸਕਲਰ ਦੀ ਸਮੱਸਿਆ ਵੀ ਮਿਲੀ। ਅੱਜ ਮੰਡੀ ਵਿੱਚ 500 ਕੁਇੰਟਲ ਦੇ ਕਰੀਬ ਬਾਜਰੇ ਦੀ ਆਮਦ ਹੋਈ ਸੀ, ਪਰ ਕਿਸਾਨਾਂ ਦੇ ਨਿਰਾਸ਼ਾ ਉਦੋਂ ਹੱਥ ਲੱਗੀ ਜਦੋਂ ਸੁਸਾਇਟੀ ਪ੍ਰਬੰਧਕ ਨੇ ਮਜਬੂਰ ਹੋ ਕੇ ਬਾਜਰੇ ਦੀਆਂ ਢੇਰੀਆਂ ਨੂੰ ਖਰੀਦਣ ਲਈ ਨਾ ਕਰ ਦਿੱਤੀ।

ਇਨ੍ਹਾਂ ਕਿਸਾਨਾਂ ਨੂੰ ਅਪਣਾ ਬਾਜਰਾ ਨਿੱਜੀ ਖਰੀਦਦਾਰਾਂ ਨੂੰ 1900 ਤੋਂ 2000 ਰੁਪਏ ਤੱਕ ਵੇਚਣ ਲਈ ਮਜਬੂਰ ਹੋਣਾ ਪਿਆ, ਜਦੋਂ ਕਿ ਬਾਜਰੇ ਦੀ ਭਰਪਾਈ ਯੋਜਨਾ ਦੇ ਅਧੀਨ 2200 ਰੁਪਏ ਤੋਂ ਵੱਧ ਨਿਰਧਾਰਿਤ ਕੀਤਾ ਗਿਆ ਹੈ। ਸਹਿਕਾਰੀ ਸਮਿਤੀ ਦੇ ਪ੍ਰਬੰਧਕ ਰਤਨਦੀਪ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਅਪਣੀ ਫਸਲਾਂ ਨੂੰ ਸੁਕਾ ਕੇ ਲਿਆਉਣ ਤਾਂ ਕਿ ਸਰਕਾਰ ਨੂੰ ਐੱਮ ਐੱਸ ਪੀ ਰੇਟਾਂ ਉੱਤੇ ਖਰੀਦਣ ਵਿੱਚ ਕੋਈ ਦਿੱਕਤ ਨਾ ਆਵੇ।

# ਐੱਸ.ਡੀ.ਐੱਮ ਵੱਲੋਂ ਅਨਾਜ ਮੰਡੀ ਦਾ ਨਿਰੀਖਣ

ਨਾਰਾਇਣਗੜ੍ਹ, 6 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਐੱਸ.ਡੀ.ਐੱਮ. ਸ਼ਿਵਜੀਤ ਭਾਰਤੀ ਨੇ ਅੱਜ ਸ਼ਹਿਜ਼ਾਦਪੁਰ ਅਨਾਜ ਮੰਡੀ ਦਾ ਦੌਰਾ ਕਰ ਕੇ ਝੋਨੇ ਦੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ। ਦੌਰੇ ਦੌਰਾਨ ਉਨ੍ਹਾਂ ਮਾਰਕੀਟ ਕਮੇਟੀ ਦੇ ਅਧਿਕਾਰੀਆਂ, ਖਰੀਦ ਏਜੰਸੀ ਦੇ ਅਧਿਕਾਰੀਆਂ, ਕਿਸਾਨਾਂ ਅਤੇ ਕਮਿਸ਼ਨ ਏਜੰਟਾਂ ਨਾਲ ਗੱਲਬਾਤ ਕੀਤੀ।



ਨਿਰੀਖਣ ਦੌਰਾਨ, ਐੱਸ ਡੀ ਐੱਮ ਨੇ ਮੰਡੀ ਦੇ ਪੀਣ ਵਾਲੇ ਪਾਣੀ, ਬਿਜਲੀ ਅਤੇ ਸਫਾਈ ਪ੍ਰਬੰਧਾ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਝੋਨੇ ਦੀਆਂ ਬੋਰੀਆਂ ਦਾ ਭਾਰ ਚੈੱਕ ਕੀਤਾ, ਜੋ ਨਿਰਧਾਰਤ ਮਾਪਦੰਡਾਂ 'ਤੇ ਖਰਾ ਉਤਰਦਾ ਹੈ। ਮਾਰਕੀਟ ਕਮੇਟੀ ਦੇ ਸਕੱਤਰ ਅਫ਼ਸਰ ਨੇ ਦੱਸਿਆ ਕਿ ਝੋਨਾ ਖਰੀਦਣ ਤੋਂ ਬਾਅਦ, ਇੱਕ ਬੋਰੀ ਦਾ ਕੁੱਲ ਭਾਰ 38 ਕਿਲੋ 200 ਗ੍ਰਾਮ ਹੋਣਾ ਚਾਹੀਦਾ ਹੈ, ਜਿਸ ਵਿੱਚ ਬੋਰੀ ਦਾ ਭਾਰ 37 ਕਿਲੋ 500 ਗ੍ਰਾਮ ਨਿਰਧਾਰਤ ਕੀਤਾ ਗਿਆ ਹੈ। ਐੱਸ ਡੀ ਐੱਮ ਨੇ ਮੰਡੀ ਵਿੱਚ ਲਗਾਏ ਗਏ ਹੈਲਪ ਡੈਸਕ, ਗੇਟ ਪਾਸ ਸਿਸਟਮ ਅਤੇ ਸੀ.ਸੀ.ਟੀ.ਵੀ. ਕੈਮਰਿਆਂ ਦਾ ਵੀ ਨਿਰੀਖਣ ਕੀਤਾ। ਮਾਰਕੀਟ ਕਮੇਟੀ ਦਫ਼ਤਰ ਵਿੱਚ ਲਗਾਈ ਗਈ ਐੱਲ.ਈ.ਡੀ. ਸਕਰੀਨ 'ਤੇ, ਉਨ੍ਹਾਂ ਨੇ ਸ਼ਹਿਜ਼ਾਦਪੁਰ ਮੰਡੀ ਅਤੇ ਕਦਾਸਨ ਖਰੀਦ ਕੇਂਦਰ ਵਿੱਚ ਲਗਾਏ ਗਏ ਸੀ.ਸੀ.ਟੀ.ਵੀ. ਕੈਮਰਿਆਂ ਦੇ ਕੰਮਕਾਜ ਨੂੰ ਦੇਖਿਆ। ਕਿਸਾਨਾਂ ਅਤੇ ਆੜ੍ਹਤੀਆਂ ਨਾਲ ਗੱਲਬਾਤ ਦੌਰਾਨ, ਐੱਸ ਡੀ ਐੱਮ ਨੇ ਕਿਹਾ ਕਿ ਕਿਸਾਨ ਅਤੇ ਕਮਿਸ਼ਨ ਏਜੰਟ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਖੇਤੀਬਾੜੀ ਆਰਥਿਕਤਾ ਉਨ੍ਹਾਂ ਦੇ ਆਪਸੀ ਸਹਿਯੋਗ 'ਤੇ ਨਿਰਭਰ ਕਰਦੀ ਹੈ, ਇਸ ਲਈ ਆਪਸੀ ਵਿਸ਼ਵਾਸ ਅਤੇ ਸੰਤੁਸ਼ਟੀ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਝੋਨੇ ਦੀ ਕਟਾਈ ਪੂਰੀ ਤਰ੍ਹਾਂ ਪੱਕਣ ਤੋਂ ਬਾਅਦ ਹੀ ਕਰਨਐੱਸ ਡੀ ਐੱਮ ਨੇ ਮੰਡੀ ਵਿੱਚ ਲਗਾਏ ਗਏ ਹੈਲਪ ਡੈਸਕ, ਗੇਟ ਪਾਸ ਸਿਸਟਮ ਅਤੇ ਸੀ.ਸੀ.ਟੀ.ਵੀ. ਕੈਮਰਿਆਂ ਦਾ ਵੀ ਨਿਰੀਖਣ ਕੀਤਾ। ਮਾਰਕੀਟ ਕਮੇਟੀ ਦਫ਼ਤਰ ਵਿੱਚ ਲਗਾਈ ਗਈ ਐੱਲ.ਈ.ਡੀ. ਸਕਰੀਨ 'ਤੇ, ਉਨ੍ਹਾਂ ਨੇ ਸ਼ਹਿਜ਼ਾਦਪੁਰ ਮੰਡੀ ਅਤੇ ਕਦਾਸਨ ਖਰੀਦ ਕੇਂਦਰ ਵਿੱਚ ਲਗਾਏ ਗਏ ਸੀ.ਸੀ.ਟੀ.ਵੀ. ਕੈਮਰਿਆਂ ਦੇ ਕੰਮਕਾਜ ਨੂੰ ਦੇਖਿਆ। ਕਿਸਾਨਾਂ ਅਤੇ ਆੜ੍ਹਤੀਆਂ ਨਾਲ ਗੱਲਬਾਤ ਦੌਰਾਨ, ਐੱਸ ਡੀ ਐੱਮ ਨੇ ਕਿਹਾ ਕਿ ਕਿਸਾਨ ਅਤੇ ਕਮਿਸ਼ਨ ਏਜੰਟ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਅਤੇ ਜਿੰਨਾ ਸੰਭਵ ਹੋ ਸਕੇ ਸੁੱਕਣ ਤੋਂ ਬਾਅਦ ਹੀ ਮੰਡੀ ਵਿੱਚ ਲਿਆਉਣ।

# ਸੈਣੀ ਸਰਕਾਰ ਵੱਲੋਂ ਕਿਸਾਨਾਂ ਨੂੰ ਰਾਹਤ, ਫ਼ਸਲੀ ਕਰਜ਼ੇ ਤੇ ਖੇਤੀ ਬਿਜਲੀ ਬਿਲਾਂ ਦੀ ਅਦਾਇਗੀ 'ਤੇ ਦਸੰਬਰ ਤੱਕ ਰੋਕ

ਚੰਡੀਗੜ੍ਹ, 6 ਅਕਤੂਬਰ/ਅਨੀਤਾ ਜਾਂਗੜਾ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਨੇ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਵੱਡੀ ਰਾਹਤ ਦਿੰਦੇ ਹੋਏ ਅੱਜ ਫਸਲੀ ਕਰਜ਼ੇ ਦੀ ਅਦਾਇਗੀ ਅਤੇ ਖੇਤੀਬਾੜੀ ਬਿਜਲੀ ਬਿੱਲਾਂ ਦੇ ਭੁਗਤਾਨ 'ਤੇ ਰੋਕ ਲਗਾਉਣ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅੱਜ ਇੱਥੇ ਪ੍ਰੈਸ ਕਾਨਫਰੰਸ ਵਿੱਚ ਇਹ ਐਲਾਨ ਕੀਤਾ।ਕਿਸਾਨਾਂ ਦੀ ਭਲਾਈ ਲਈ ਹਰਿਆਣਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਉਨ੍ਹਾਂ ਦੱਸਿਆ ਕਿ ਈ-ਮੁਆਵਜ਼ਾ ਪੋਰਟਲ ਰਾਹੀਂ ਬੁੱਧਵਾਰ ਨੂੰ 2,386 ਵਿਅਕਤੀਆਂ ਦੇ ਖਾਤਿਆਂ ਵਿੱਚ 4.72 ਕਰੋੜ ਰੁਪਏ ਦਾ ਮੁਆਵਜ਼ਾ ਟਰਾਂਸਫਰ ਕੀਤਾ ਗਿਆ।ਇਹ ਸਹਾਇਤਾ ਉਨ੍ਹਾਂ ਲੋਕਾਂ ਨੂੰ ਪ੍ਰਦਾਨ ਕੀਤੀ ਗਈ ਹੈ ਜਿਨ੍ਹਾਂ ਦੇ ਘਰਾਂ, ਘਰੇਲੂ ਸਮਾਨ ਨੂੰ ਨੁਕਸਾਨ ਪਹੁੰਚਿਆ ਸੀ ਜਾਂ ਜਿਨ੍ਹਾਂ ਦੇ ਪਸ਼ੂ ਭਾਰੀ ਮੀਂਹ ਕਾਰਨ ਮਰ ਗਏ ਸਨ। ਇਸ ਵਿੱਚੋਂ ਘਰਾਂ ਨੂੰ ਹੋਏ ਨੁਕਸਾਨ ਲਈ 4.67 ਕਰੋੜ ਰੁਪਏ ਅਤੇ ਪਸ਼ੂਆਂ ਦੇ ਨੁਕਸਾਨ ਲਈ 4.21 ਲੱਖ ਰੁਪਏ ਦਿੱਤੇ ਗਏ ਸਨ।




ਸੈਣੀ ਨੇ ਦੱਸਿਆ ਕਿ 6,397 ਪਿੰਡਾਂ ਦੇ 5.37 ਲੱਖ ਕਿਸਾਨਾਂ ਨੇ ਫਸਲਾਂ ਦੇ ਨੁਕਸਾਨ ਦੀ ਰਿਪੋਰਟ ਕਰਨ ਲਈ ਈ-ਮੁਆਵਜ਼ਾ ਪੋਰਟਲ 'ਤੇ ਰਜਿਸਟਰ ਕੀਤਾ ਹੈ। ਤਸਦੀਕ ਤੋਂ ਬਾਅਦ ਰਾਜ ਸਰਕਾਰ ਕਿਸਾਨਾਂ ਨੂੰ ਪ੍ਰਤੀ ਏਕੜ 15,000 ਰੁਪਏ ਦਾ ਮੁਆਵਜ਼ਾ ਦੇਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਟਿਊਬਵੈੱਲ ਕੁਨੈਕਸ਼ਨਾਂ ਲਈ ਬਿਜਲੀ ਬਿੱਲਾਂ ਦੀ ਅਦਾਇਗੀ ਦਸੰਬਰ 2025 ਤੱਕ ਮੁਲਤਵੀ ਕਰਨ ਦਾ ਫੈਸਲਾ ਕੀਤਾ ਹੈ। ਜਿਨ੍ਹਾਂ ਕਿਸਾਨਾਂ ਨੇ ਜੁਲਾਈ 2025 ਤੱਕ ਆਪਣੇ ਬਿੱਲਾਂ ਦਾ ਭੁਗਤਾਨ ਕਰਨਾ ਸੀ, ਉਹ ਜਨਵਰੀ 2026 ਤੱਕ ਬਿਨਾਂ ਕਿਸੇ ਸਰਚਾਰਜ ਦੇ ਉਨ੍ਹਾਂ ਦਾ ਭੁਗਤਾਨ ਕਰ ਸਕਣਗੇ।

# ਕੇਂਦਰੀ ਜੇਲ੍ਹ ਅੰਬਾਲਾ ਤੋਂ ਫ਼ਰਾਰ ਹਵਾਲਾਤੀ ਪੁਲੀਸ ਨੇ ਕੀਤਾ ਕਾਬੂ

ਅੰਬਾਲਾ, 6 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਅੰਬਾਲਾ ਪੁਲੀਸ ਵੱਲੋਂ ਅਪਰਾਧਾਂ ਦੀ ਰੋਕਥਾਮ ਅਤੇ ਲੋੜੀਂਦੇ ਅਪਰਾਧੀਆਂ ਖ਼ ?ਲਾਫ਼ ਚਲਾਈ ਗਈ ਵਿਸ਼ੇਸ਼ ਮੁਹਿੰਮ ਦੌਰਾਨ ਪਿਛਲੇ ਦਿਨੀ ਕੇਂਦਰੀ ਜੇਲ੍ਹ ?ਵ ਅੰਬਾਲਾ ਤੋਂ ਫ਼ਰਾਰ ਬੰਦੀ ਨੂੰ ਪੁਲੀਸ ਨੇ ਕਾਬੂ ਕਰ ਲਿਆ ਹੈ।

391 ਦੀ ਟੀਮ ਨੇ ਇੰਸਪੈਕਟਰ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਕਾਰਵਾਈ ਕਰਦਿਆਂ ਕੇਂਦਰੀ ਜੇਲ੍ਹ ਅੰਬਾਲਾ ਤੋਂ ਫ਼ਰਾਰ ਬੰਦੀ ਅਜੈ ਕੁਮਾਰ ਪੁੱਤਰ ਜਗਨਾਥ, ਵਾਸੀ ਪਿੰਡ ਖਜੂਰੀ ਬਾੜੀ, ਜ਼ਿਲ੍ਹਾ ਦੇਹਰਾਗਾੜ, ਕਿਸ਼ਨਗੰਜ (ਬਿਹਾਰ) ਨੂੰ ਜੀਰਕਪੁਰ (ਪੰਜਾਬ) ਤੋਂ ਗ੍ਰਿਫ਼ਤਾਰ ਕੀਤਾ ਅਤੇ ਉਸ ਨੂੰ ਅਦਾਲਤੀ ਹੁਕਮਾਂ ਅਨੁਸਾਰ ਨਿਆਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ।

ਇਸ ਮਾਮਲੇ ਵਿੱਚ ਕੇਂਦਰੀ ਜੇਲ੍ਹ ?ਵ ਅੰਬਾਲਾ ਦੇ ਡਿਪਟੀ ਸੁਪਰਡੈਂਟ ਨੇ 27 ਸਤੰਬਰ ਨੂੰ ਥਾਣਾ ਬਲਦੇਵ ਨਗਰ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ ਕਿ ਬੰਦੀ ਅਜੈ ਕੁਮਾਰ ਕੇਂਦਰੀ ਜੇਲ੍ਹ ?ਵ ਅੰਬਾਲਾ ਤੋਂ ਚਕਮਾ ਦੇ ਕੇ ਦੀਵਾਰ ਟੱਪ ਕੇ ਫ਼ਰਾਰ ਹੋ ਗਿਆ ਸੀ। ਇਸ ਉੱਤੇ ਪੁਲੀਸ ਨੇ ਬੰਦੀ ਐਕਟ ਅਤੇ ਹੋਰ ਧਾਰਾਵਾਂ ਹੇਠ ਕੇਸ ਦਰਜ ਕੀਤਾ ਸੀ।

ਪੁਲੀਸ ਨੇ ਮੁਸਤੈਦੀ ਨਾਲ ਕਾਰਵਾਈ ਕਰਦਿਆਂ ਕੁਝ ਹੀ ਦਿਨਾਂ ਵਿੱਚ ਫ਼ਰਾਰ ਬੰਦੀ ਨੂੰ ਕਾਬੂ ਕਰ ਲਿਆ।

# ਕੇਂਦਰੀ ਗ੍ਰਹਿ ਮੰਤਰੀ ਦੇ ਦੌਰੇ ਤਹਿਤ ਸੁਰੱਖਿਆ ਸਖ਼ਤ

ਸ਼ਾਹਬਾਦ ਮਾਰਕੰਡਾ, 6 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੁਰੂਕਸ਼ੇਤਰ ਵਿੱਚ ਤਿੰਨ ਅਕਤੂਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਦੌਰੇ ਨੂੰ ਲੈ ਕੇ ਜ਼ਿਲ੍ਹਾ ਪੁਲੀਸ ਵੱਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਜ਼ਿਲ੍ਹਾ ਪੁਲੀਸ ਕਪਤਾਨ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਵੀ.ਵੀ.ਆਈ.ਪੀ. ਆਗਮਨ ਨੂੰ ਸਫ਼ਲ ਅਤੇ ਸੁਰੱਖਿਅਤ ਬਣਾਉਣਾ ਸਾਡੀ ਜ਼ਿੰਮੇਵਾਰੀ ਹੈ। ਇਸ ਲਈ ਆਪਣੇ ਫ਼ਰਜ਼ ਦੀ ਪਾਲਣਾ ਕਰਨ ਵਿੱਚ ਕੋਤਾਹੀ ਨਾ ਵਰਤੀ ਜਾਏ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਆਉਣ ਨੂੰ ਲੈ ਕੇ



ਪੁਲੀਸ ਵੱਲੋਂ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਗਏ ਹਨ। ਉਨ੍ਹਾਂ ਦੱਸਿਆ ਕਿ ਸੁਰੱਖਿਆ ਨੂੰ ਲੈ ਕੇ ਛੇ ਐੱਸ ਪੀ 20 ਡੀ ਐੱਸ ਪੀ ਸਣੇ ਪੁਲੀਸ ਦੀਆਂ 22 ਕੰਪਨੀਆਂ ਸੁਰੱਖਿਆ ਵਿਵਸਥਾ ਨੂੰ ਯਕੀਨੀ ਬਣਾਉਣਗੀਆਂ। ਡਿਊਟੀ ਵਿੱਚ ਕਿਸੇ ਤਰ੍ਹਾਂ ਦੀ ਲਾਪਰਵਾਰੀ ਸਹਿਣ ਨਹੀਂ ਕੀਤੀ ਜਾਵੇਗਾ। ਕਰਮਚਾਰੀ ਦਿਨ ਤੇ ਰਾਤ ਦੀਆਂ ਸ਼ਿਫਟਾਂ 'ਤੇ ਤਾਇਨਾਤ ਹੋਣਗੇ। ਉਨ੍ਹਾਂ ਕਿਹਾ ਕਿ ਦੌਰੇ ਦੌਰਾਨ ਕੁਰੂਕਸ਼ੇਤਰ ਸ਼ਹਿਰ ਵਿੱਚ ਕਿਸੇ ਵੀ ਤਰ੍ਹਾਂ ਦੇ ਗਲਾਈਡਰ ਅਤੇ ਡਰੋਨ ਉਡਾਉਣ 'ਤੇ ਪਾਬੰਦੀ ਰਹੇਗੀ। ਇਸ ਦੇ ਸਬੰਧ ਵਿੱਚ ਸਾਰੇ ਥਾਣਾ ਇੰਚਾਰਜਾਂ ਅਤੇ ਡਿਊਟੀ 'ਤੇ ਤਾਇਨਾਤ ਪੁਲੀਸ ਅਧਿਕਾਰੀਆਂ ਨੂੰ ਸਪਸ਼ਟ ਨਿਰਦੇਸ਼ ਦਿੱਤੇ ਗਏ ਹਨ। ਜ਼ਿਲ੍ਹਾ ਪੁਲੀਸ ਵੱਲੋਂ ਵੀ.ਵੀ.ਆਈ.ਪੀ. ਆਗਮਨ ਨੂੰ ਲੈ ਕੇ ਜ਼ਿਲ੍ਹਾ ਭਰ ਵਿੱਚ ਨਿਗਰਾਨੀ ਕੀਤੀ ਜਾ ਰਹੀ ਹੈ ਪ੍ਰਦਰਸ਼ਨੀ ਵਾਲੀ ਥਾਂ ਮੇਲਾ ਗਰਾਊਂਡ ਵਿੱਚ ਚੈਕਿੰਗ ਅਭਿਆਨ ਜਾਰੀ ਹੈ।

# ਹੁੱਡਾ ਕਾਂਗਰਸ ਵਿਧਾਇਕ ਦਲ ਦੇ ਨੇਤਾ ਬਣੇ

ਚੰਡੀਗੜ੍ਹ, 6 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਲ ਇੰਡੀਆ ਕਾਂਗਰਸ ਕਮੇਟੀ ਨੇ ਅੱਜ ਦੇਰ ਸ਼ਾਮ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਹਰਿਆਣਾ ਵਿਧਾਨ ਸਭਾ ਵਿੱਚ ਕਾਂਗਰਸ ਵਿਧਾਇਕ ਦਲ ਦਾ ਨੇਤਾ ਨਿਯੁਕਤ ਕੀਤਾ ਹੈ।

ਇਸ ਦੇ ਨਾਲ ਹੀ ਹਰਿਆਣਾ ਦੇ ਪ੍ਰਧਾਨ ਚੌਧਰੀ ਉਦੈ ਭਾਨ ਨੂੰ ਬਦਲ ਕੇ ਰਾਓ ਨਰਿੰਦਰ ਸਿੰਘ ਨੂੰ ਹਰਿਆਣਾ ਕਾਂਗਰਸ ਦਾ ਪ੍ਰਧਾਨ ਨਿਯੁਕਤ ਕਰ ਦਿੱਤਾ ਗਿਆ ਹੈ।

ਇਹ ਹੁਕਮ ਪਾਰਟੀ ਦੇ ਕੌਮੀ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਸਹਿਮਤੀ ਤੋਂ ਬਾਅਦ ਜਾਰੀ ਕੀਤੇ ਹਨ।

ਇਸ ਦੇ ਨਾਲ ਹੀ ਉਨ੍ਹਾਂ ਨੇ ਚੌਧਰੀ ਉਦੈ ਭਾਨ ਵੱਲੋਂ ਬਤੌਰ ਪ੍ਰਧਾਨ ਕੀਤੇ ਗਏ ਕੰਮਾਂ ਦੀ ਸ਼ਲਾਘਾ ਵੀ ਕੀਤੀ।

ਪ੍ਰਾਪਤ ਜਾਣਕਾਰੀ ਅਨੁਸਾਰ ਹਰਿਆਣਾ ਵਿਧਾਨ ਸਭਾ ਚੋਣਾਂ ਦੇ ਨਤੀਜੇ 5 ਅਪਰੈਲ 2024 ਨੂੰ ਆਏ ਸਨ, ਉਸ ਤੋਂ ਬਾਅਦ ਕਾਂਗਰਸ ਵੱਲੋਂ ਕਿਸੇ ਨੂੰ ਵਿਧਾਇਕ ਦਲ ਦੇ ਨੇਤਾ ਦੀ ਜ਼ਿੰਮੇਵਾਰੀ ਨਹੀਂ ਦਿੱਤੀ ਗਈ ਸੀ। ਇਸੇ ਕਰਕੇ ਕਾਂਗਰਸ ਲਗਪਗ ਇਕ ਸਾਲ ਤੋਂ ਹਰਿਆਣਾ ਵਿਧਾਨ ਸਭਾ ਵਿੱਚ ਬਿਨਾਂ ਨੇਤਾ ਤੋਂ ਕੰਮ ਚਲਾ ਰਹੀ ਸੀ।

ਪਰ ਪਾਰਟੀ ਨੇ ਅੱਜ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਅਤੇ ਪਹਿਲਾਂ ਵੀ ਵਿਰੋਧੀ ਧਿਰ ਦੇ ਆਗੂ ਰਹਿ ਚੁੱਕੇ ਭੁਪਿੰਦਰ ਸਿੰਘ ਹੁੱਡਾ ਨੂੰ ਵਿਧਾਇਕ ਦਲ ਦਾ ਆਗੂ ਨਿਯੁਕਤ ਕਰ ਦਿੱਤਾ ਹੈ। ਉਹ ਸੂਬੇ ਦੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵੀ ਹੋਣਗੇ।

## ਕੁਝ ਕਹਿੰਦੀ ਐ ਤਸਵੀਰ...



*ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੂਝ-ਸਵਾਦ ਦਾ ਨਮੂਨਾ ਕੌਮੀ ਪੱਤ੍ਰਿਕਾ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।*

## ਜਦੋਂ ਅਸੀਂ ਮਾਂ ਪਾਰਟੀ ਦੀ ਗੋਦ 'ਚ ਦੁਬਾਰਾ ਆਏ

ਵਿਅੰਗ

**'ਮਾੜੀ ਕਿਸਮਤ ਨੂੰ ਸਾਡਾ ਉਮੀਦਵਾਰ ਹਾਰ ਗਿਆ। ਸਾਡੇ ਵਲੋਂ ਲਾਏ ਜ਼ੋਰ ਨੂੰ ਵੀ ਲੋਕਾਂ ਨੇ ਨਕਾਰ ਦਿੱਤਾ। ਹਾਰ ਤੋਂ ਬਾਅਦ ਏਸ ਪਾਰਟੀ ਵਿਚ ਵੀ ਕਾਫ਼ੀ ਉਪਰ-ਥੱਲੇ ਹੋਈ ਤੇ ਪਾਰਟੀ ਪ੍ਰਧਾਨ ਵੀ ਬਦਲ ਦਿੱਤਾ ਗਿਆ।' ...**

• ਜਸਵਿੰਦਰ ਛਿੰਦਾ ਦੇਹੜਕੇ
9872193320

ਅਸੀਂ ਆਪਣੀ ਮਾਂ ਪਾਰਟੀ ਨਾਲ ਸ਼ੁਰੂ ਤੋਂ ਹੀ ਜੁੜੇ ਹੋਏ ਸਾਂ, ਬਲਕਿ ਪਿਉ ਦਾਦੇ ਦੇ ਜ਼ਮਾਨੇ ਤੋਂ ਹੀ ਅਤੇ ਪਾਰਟੀ ਅੰਦਰ ਰਹਿ ਕੇ ਅਸੀਂ ਪੰਚੀ ਤੋਂ ਸਰਪੰਚੀ, ਜ਼ਿਲ੍ਹਾ ਪ੍ਰੀਸ਼ਦ, ਮਾਰਕੀਟ ਕਮੇਟੀ ਦੀ ਚੇਅਰਮੈਨੀ ਦੇ ਨਜ਼ਾਰੇ ਲੈਂਦੇ ਐੱਮ. ਐੱਲ. ਏ. ਚੋਣਾਂ ਜਿੱਤ ਕੇ ਰਾਜਸੀ ਸੱਤਾ ਦਾ ਖ਼ੂਬ ਅਨੰਦ ਮਾਣਿਆ। ਆਪਣੀਆਂ ਮਨਮਾਨੀਆਂ ਵੀ ਰੱਜ ਕੇ ਕੀਤੀਆਂ ਪਰ ਪਾਰਟੀ ਪ੍ਰਧਾਨ ਵੱਲੋਂ ਮੇਰੀਆਂ ਸੇਵਾਵਾਂ ਦੀ ਅਣਦੇਖੀ ਕਰ ਕੇ ਅਗਲੀ ਵਾਰ ਦੀ ਵਿਧਾਨ ਸਭਾ ਟਿਕਟ ਸਾਡੇ ਸ਼ਰੀਕ ਨੂੰ ਦੇ ਕੇ ਸਾਡੇ ਕਲੇਜੇ ਛੁਰੀ ਫੇਰ ਦਿੱਤੀ। ਭਾਵੇਂ ਸਾਡੇ 'ਤੇ ਇਹ ਇਲਜ਼ਾਮ ਵੀ ਲੱਗੇ ਕਿ ਸਾਡੇ ਕਾਰਜ ਕਾਲ ਦੌਰਾਨ ਪਾਰਟੀ ਨੂੰ ਵੱਡਾ ਖੋਰਾ ਲੱਗਿਆ ਤੇ ਸਾਡੇ ਕਾਰੋਬਾਰ ਵਿਚ ਵਿਤੋਂ ਵੱਧ ਵਾਧਾ ਹੋਇਆ। ਇਹ ਸਭ ਕੌਣ ਨੀ ਕਰਦਾ ਅਤੇ ਇਹ ਕੀ ਗਰੰਟੀ ਸੀ ਕਿ ਸਾਡਾ ਸ਼ਰੀਕ, ਜਿੱਤਣ ਤੋਂ ਬਾਅਦ ਇਹ ਵਰਤਾਰਾ ਦੁਹਰਾਏਗਾ ਨਹੀਂ।

ਉਸ ਦਾ ਐੱਮ. ਐੱਲ. ਏ. ਬਣਨਾ ਸਾਡੇ ਲਈ ਗਵਾਰਾ ਨਹੀਂ ਸੀ ਕਿ ਉਹ ਜਿੱਤ ਕੇ ਸਾਡੇ ਵਾਲੀ ਸੀਟ 'ਤੇ ਬੈਠੇ। ਭਲਾ ਜਿਸ 'ਤੇ ਅਸੀਂ ਹਮੇਸ਼ਾ ਹੁਕਮ ਚਾੜ੍ਹਿਆ ਹੋਵੇ, ਜਿਸ ਨੂੰ ਅਸੀਂ ਕਦੇ ਖੰਘਣ ਵੀ ਨਾ ਦਿੱਤਾ ਹੋਵੇ ਤੇ ਹਮੇਸ਼ਾ ਜੁੱਤੀ ਦੀ ਨੋਕ 'ਤੇ ਰੱਖਿਆ ਹੋਵੇ, ਉਹ ਸਾਡੇ ਸਿਰ ਚੜ੍ਹ ਕੇ ਬੈਠੇ। ਇਹ ਕਿਸੇ ਵੀ ਰਾਜਨੀਤਕ ਆਗੂ ਦੀ ਬਰਦਾਸ਼ਤ ਸੀਮਾ ਤੋਂ ਬਾਹਰ ਦੀ ਗੱਲ ਹੈ। ਪਰ ਪਾਰਟੀ ਪ੍ਰਧਾਨ ਦੀ ਘੁਰਕੀ ਕਾਰਨ ਸਾਨੂੰ ਉਸ ਦੇ ਚੋਣ ਪ੍ਰਚਾਰ ਵਿਚ ਉਸ ਦੇ ਮੋਢੇ ਨਾਲ ਮੋਢਾ ਜੋੜ ਕੇ ਦਿਖਾਵੇ ਮਾਤਰ ਚੋਣ ਪ੍ਰਚਾਰ ਕਰਨਾ ਪਿਆ। ਘਰ ਆ ਕੇ ਤੇ ਸਵੇਰੇ ਜਾਣ ਤੋਂ ਪਹਿਲਾਂ ਸਾਡੇ ਧੁਰ ਅੰਦਰੋਂ ਬਸ ਇਹੀ ਬਦ-ਦੁਆ ਨਿਕਲਦੀ ਸੀ ਕੇ ਉਹ ਜਿੱਤਣਾ ਨਹੀਂ ਚਾਹੀਦਾ। ਖੁੱਲ੍ਹੇਆਮ ਉਸ ਦਾ ਵਿਰੋਧ ਵੀ ਨਹੀਂ ਸੀ ਕਰ ਸਕਦੇ ਪਰ ਫਿਰ ਵੀ ਆਪਣੇ ਖਾਸਮ-ਖ਼ਾਸ ਚਹੇਤਿਆਂ ਨਾਲ ਅੰਦਰੋਂ-ਅੰਦਰੀ ਦਿਲ ਦੇ ਭਾਵ ਵਿਅਕਤ ਕਰ ਹੀ ਲੈਂਦੇ।

ਮਾੜੀ ਕਿਸਮਤ ਸਾਡੀ ਜਾਂ ਇਉਂ ਕਹਿ ਲਉ 'ਹਰ ਇਕ ਦੇ ਦਿਨ ਆਉਂਦੇ ਆ' ਅਨੁਸਾਰ ਆਖਰ ਉਹ ਐੱਮ. ਐੱਲ. ਏ. ਬਣ ਹੀ ਗਿਆ। ਸਾਡੇ ਵੱਲੋਂ ਉਸ ਪ੍ਰਤੀ ਅੰਦਰਖਾਤੇ ਕੀਤਾ ਵਿਰੋਧ ਭਾਵੇਂ ਸਾਡੇ ਖਾਸਮ-ਖ਼ਾਸ ਲੋਕਾਂ ਤਕ ਹੀ ਸੀਮਤ ਸੀ, ਪਰ ਉਸ ਨੂੰ ਇਸ ਦਾ ਪਤਾ ਲੱਗਣ ਲੱਗ ਗਿਆ ਜਾਂ ਫਿਰ ਸਾਡਾ ਹੀ ਕੋਈ ਚਹੇਤਾ ਉਸ ਦਾ ਚਹੇਤਾ ਬਣਨ ਦੇ ਚੱਕਰ ਵਿਚ ਚਾਪਲੂਸਗਿਰੀ ਕਰਦਿਆਂ ਆਪਣੇ 'ਤੇ ਵਫ਼ਾਦਾਰੀ ਠੱਪਾ ਲਵਾਉਣ ਲਈ ਦਿਲ ਦੇ ਭੇਤ ਸਾਂਝੇ ਕਰ ਬੈਠਾ ਹੋਏ। ਪਰ ਜੋ ਵੀ ਹੋਇਆ ਮਾੜਾ ਹੀ ਹੋਇਆ ਤੇ ਉਹ ਸਾਡੇ ਤੋਂ ਕੰਨੀ ਕਤਰਾਉਣ ਲੱਗਾ। ਹਰ ਕੰਮ ਵਿਚ ਹੁਣ ਉਸ ਦੀ ਹੀ ਤੂਤੀ ਬੋਲਦੀ ਸੀ। ਜਿਹੜੀ ਰੌਣਕ ਕਦੇ ਸਾਡੇ ਵਿਹੜੇ ਹੁੰਦੀ ਸੀ, ਹੁਣ ਉਹੀ ਰੌਣਕ ਉਸ ਦੇ ਘਰ ਹੁੰਦੀ ਤੇ ਸਾਡਾ ਵਿਹੜਾ ਭਾਂਅ-ਭਾਂਅ ਕਰਦਾ ਰਹਿੰਦਾ।

ਕਿਸ ਨੂੰ ਪ੍ਰਧਾਨ ਬਣਾਉਣਾ, ਚੇਅਰਮੈਨ ਲਾਉਣਾ ਉਸ ਦੀ ਹੀ ਚੱਲਦੀ ਸੀ। ਸਾਡੀ ਤਾਂ ਕੋਈ ਬਾਤ ਈ ਨਾ ਪੁੱਛਦਾ। ਜੇ ਕਦੇ ਉਸ ਦੀ ਕੋਠੀ ਚਲੇ ਵੀ ਜਾਂਦੇ ਤਾਂ 'ਬੇਆਬਰੂ ਹੋ ਕਰ ਨਿਕਲੇ ਤੇਰੇ ਕੂਚੇ ਸੇ' ਵਾਲੀ ਹਾਲਤ ਹੁੰਦੀ। ਪਾਰਟੀ ਵਰਕਰ ਕਿਨਾਰਾ ਜਿਹਾ ਕਰ ਜਾਂਦੇ। ਜਿਸ ਕਰਕੇ ਸਾਡਾ ਮਾਂ ਪਾਰਟੀ ਵਿਚ ਦਮ ਘੁੱਟਣ ਲੱਗਾ। ਪਰ ਵਾਰੇ ਜਾਈਏ ਇਸ ਦੇਸ਼ ਦੇ ਜਿੱਥੇ ਕੋਈ ਨਾ ਕੋਈ ਚੋਣ ਆਈ ਹੀ ਰਹਿੰਦੀ ਹੈ ਤੇ ਇਹ ਚੋਣਾਂ ਤਾਂ ਇਕ ਗਏ-ਗੁਜ਼ਰੇ ਲੀਡਰ, ਜਿਸ ਨੂੰ ਘਰਵਾਲੀ ਦੀ ਵੋਟ ਵੀ ਨਾ ਪੈਂਦੀ ਹੋਵੇ ਪਰ ਹੋਵੇ ਲੀਡਰ, ਦੀ ਵੀ ਇਕ ਵਾਰ ਇੱਜ਼ਤ ਬਣਾ ਦਿੰਦੀਆਂ ਨੇ। ਅਸੀਂ ਵਿਰੋਧੀ ਪਾਰਟੀ ਦੇ ਪ੍ਰਧਾਨ ਨਾਲ ਗੰਢਤੁੱਪ ਕਰ ਲਈ। ਉਸ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਡਟ ਜਾਓ, ਪਾਰਟੀ ਅੰਦਰ ਉਨ੍ਹਾਂ ਦਾ ਪੂਰਾ ਮਾਣ ਸਤਿਕਾਰ ਵੀ ਹੋਵੇਗਾ ਅਤੇ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਸਾਡੀ ਟਿਕਟ ਪੱਕੀ ਹੋਣ ਦਾ ਸਮਝੌਤਾ ਵੀ ਹੋ ਗਿਆ। ਅਸੀਂ ਸੁੱਖ ਦਾ ਸਾਹ ਲਿਆ ਤੇ ਜਿਹੜਾ ਮਾਂ ਪਾਰਟੀ ਅੰਦਰ ਦਮ ਜਿਹਾ ਘੁੱਟਣ ਲੱਗਾ ਸੀ ਉਹ ਜਾਂਦਾ ਰਿਹਾ, ਬਲਕਿ ਪ੍ਰਧਾਨ ਵਲੋਂ ਕਹੀਆਂ ਗੱਲਾਂ ਤਾਂ ਸਾਨੂੰ ਸ਼ੁੱਧ ਆਕਸੀਜਨ ਵਾਂਗ ਲੱਗੀਆਂ।

'ਮਰਦੀ ਕੀ ਨਾ ਕਰਦੀ', ਜਾਂ 'ਮਰਦੀ ਨੇ ਅੱਕ ਚੱਬਿਆ' ਕਹਾਵਤ ਅਨੁਸਾਰ ਅਸੀਂ ਵਿਰੋਧੀ ਪਾਰਟੀ ਵਿਚ ਸ਼ਾਮਲ ਹੋ ਗਏ। ਬੜੀ ਗਰਮਜੋਸ਼ੀ ਨਾਲ ਪ੍ਰਧਾਨ ਨੇ ਸਾਡਾ ਸਵਾਗਤ ਕੀਤਾ ਤੇ ਆਈ ਹੋਈ ਪ੍ਰੈੱਸ ਸਾਹਮਣੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਕਿਹਾ। ਹੁਣ ਪੱਤਰਕਾਰਾਂ ਦੀ ਜ਼ਬਾਨ ਨੂੰ ਕੌਣ ਫੜ ਸਕਦਾ, ਉਨ੍ਹਾਂ ਦੀ ਕਲਮ ਨੂੰ ਕੌਣ ਰੋਕ ਸਕਦਾ। ਆਖ਼ਰ ਉਹ ਲੋਕਤੰਤਰ ਦਾ ਚੌਥਾ ਥੰਮ੍ਹ ਜੋ ਹੋਏ। ਉਨ੍ਹਾਂ ਨੇ ਸਾਨੂੰ ਅਜਿਹੇ ਤੱਤੇ-ਤੱਤੇ ਸਵਾਲ ਪੁੱਛੇ ਕਿ ਨਾ ਚਾਹੁੰਦੇ ਹੋਏ ਵੀ ਸਾਨੂੰ ਆਪਣੀ ਮਾਂ ਪਾਰਟੀ ਵਿਰੁੱਧ ਬੋਲਣਾ ਪਿਆ। ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਅਸੀਂ ਵੀ ਹਰ ਉਸ ਲੀਡਰ ਦੀ ਤਰ੍ਹਾਂ ਜੋ ਇਕ ਪਾਰਟੀ ਛੱਡ ਕੇ ਦੂਜੀ ਪਾਰਟੀ ਗ੍ਰਹਿਣ ਕਰਨ ਸਮੇਂ ਬੋਲਦਾ ਹੈ, ਉਹੀ ਸ਼ਬਦ ਬੋਲਦਿਆਂ ਕਿਹਾ ਕਿ 'ਪਾਰਟੀ ਅੰਦਰ ਸਾਡਾ ਦਮ ਘੁੱਟ ਰਿਹਾ ਸੀ, ਹੁਣ ਉਥੇ ਟਕਸਾਲੀ, ਇਮਾਨਦਾਰ ਤੇ ਮਿਹਨਤੀ ਵਰਕਰਾਂ/ ਆਗੂਆਂ ਦੀ ਕਦਰ ਨਹੀਂ ਰਹੀ। ਕੁਰਬਾਨੀ ਵਾਲੇ ਆਗੂਆਂ ਨੂੰ ਅੱਖੋਂ-ਪਰੋਖੇ ਕਰ ਕੇ, ਕੱਲ੍ਹ ਦੇ ਬਲੂੰਗੜਿਆਂ ਨੂੰ ਮੋਹਰੀ ਬਣਾਇਆ ਜਾ ਰਿਹਾ। ਅਸੀਂ ਜੇਲ੍ਹਾਂ ਕੱਟੀਆਂ, ਪਰ ਪਾਰਟੀ ਨੇ ਸਾਡੀ ਕਦਰ ਨੀ ਪਾਈ'। ਭਾਵੇਂ ਕਿ ਅਸੀਂ ਕੋਈ ਦੇਸ਼ ਕੌਮ ਲਈ ਜੇਲ੍ਹ ਨਹੀਂ ਗਏ ਸੀ, ਬਲਕਿ ਆਪਣੇ ਪੁੱਠੇ ਕੰਮਾਂ ਕਰਕੇ ਹੀ ਜਾਣਾ ਪਿਆ। ਪਰ ਇਹ ਸਭ ਬੋਲਣਾ ਹੀ ਪੈਣਾ ਸੀ, ਨਹੀਂ ਤਾਂ ਸਾਡੇ ਹਿਮਾਇਤੀ ਵਰਕਰਾਂ ਦੇ ਜਜ਼ਬਾਤ 'ਤੇ ਕਰਾਰੀ ਚੋਟ ਕਿਵੇਂ ਹੁੰਦੀ। ਚਲੋ ਜੀ ਗੱਲ ਆਈ ਗਈ ਹੋ ਗਈ। ਲੋਕ ਸਭਾ ਚੋਣਾਂ ਵੀ ਆ ਗਈਆਂ। ਅਸੀਂ ਤੈਅ ਹੋਏ ਸੌਦੇ ਅਨੁਸਾਰ ਨਵੀਂ ਪਾਰਟੀ ਦੇ ਉਮੀਦਵਾਰ ਦੇ ਹੱਕ ਵਿਚ ਉਨ੍ਹਾਂ ਪਿੰਡਾਂ ਵਿਚ ਪ੍ਰਚਾਰ ਕਰਨ ਜਾਂਦੇ, ਜਿੱਥੇ ਪਹਿਲਾਂ ਉਨ੍ਹਾਂ ਹੀ ਸਟੇਜਾਂ 'ਤੇ ਇਸ ਪਾਰਟੀ ਅਤੇ ਪਾਰਟੀ ਦੇ ਆਗੂਆਂ ਨੂੰ ਭੰਡਦੇ, ਉਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਦਾ ਪਰਦਾਫਾਸ਼ ਕਰਦੇ ਸਾਂ। ਪਰ ਹੁਣ ਉਨ੍ਹਾਂ ਦੇ ਸੋਹਿਲੇ ਗਾਉਂਦਿਆਂ ਤਾਰੀਫ਼ਾਂ ਦੇ ਪੁਲ ਬੰਨ੍ਹਣੇ ਪੈ ਰਹੇ ਸਨ।

ਪੱਤਰਕਾਰ ਵੀ ਬੜੇ ਘੜਿੱਤੀ ਹੁੰਦੇ ਨੇ। ਪਤੰਦਰ ਸਾਡੇ ਪੁਰਾਣੇ ਵੀਡੀਓ ਕੱਢ ਕੇ ਸਾਹਮਣੇ ਰੱਖ ਦਿੰਦੇ, ਜਿਸ 'ਚ ਅਸੀਂ ਵਿਰੋਧੀ ਲੀਡਰਾਂ ਦੇ ਪੋਤੜੇ ਫਰੋਲੇ ਹੁੰਦੇ ਸਨ। ਆਨ੍ਹੇ-ਬਹਾਨੇ ਏਧਰ-ਓਧਰਲੀਆਂ ਮਾਰ ਕੇ ਬਹੁਤ ਟਾਲਣ ਦੀ ਕੋਸ਼ਿਸ਼ ਕਰਦੇ ਪਰ ਉਨ੍ਹਾਂ ਦੀ ਸੂਈ ਉੱਥੇ ਹੀ ਖੜ੍ਹੀ ਰਹਿੰਦੀ। ਵਿਰੋਧੀ ਪ੍ਰਧਾਨ ਵੀ ਖਚਰਾ ਜਿਹਾ ਹਾਸਾ ਹੱਸਦਿਆਂ ਕਹਿ ਦਿੰਦਾ, 'ਚਲੋ ਛੱਡੋ ਜੀ, ਹੁਣ ਤਾਂ ਇਹ ਸਾਡੇ ਪਰਿਵਾਰ ਦੇ ਮੈਂਬਰ ਨੇ, ਉੱਨੀ ਇੱਕੀ ਹੋ ਈ ਜਾਂਦੀ ਆ'। ਅਸੀਂ ਵੀ ਵਿਰੋਧੀ ਪਾਰਟੀ ਦੇ ਪ੍ਰਧਾਨ ਦੇ ਹੱਸਣ ਪਿੱਛੇ ਛੁਪੇ ਗੁੱਝੇ ਰਾਜ਼ ਨੂੰ ਭਾਂਪਦਿਆਂ ਸੋਚ ਰਹੇ ਹੁੰਦੇ ਖੌਰੇ ਉਹ ਦਿਲ ਅੰਦਰੋਂ ਕਹਿ ਰਿਹਾ ਹੋਵੇ 'ਕੋਈ' ਨੀ ਪੁੱਤ, ਹੁਣ ਪਤਾ ਲੱਗਿਆ ਨਾ ਜਦ ਪੁੱਤ ਬਣਾ ਕੇ ਛੱਡਿਆ।' ਪਰ ਉਸ ਵਲੋਂ ਕੀਤੀ ਜਾ ਰਹੀ ਆਉ ਭਗਤ ਨੂੰ ਦੇਖਦਿਆਂ ਸਾਡਾ ਵਹਿਮ ਜਾਂਦਾ ਰਿਹਾ।

ਮਾੜੀ ਕਿਸਮਤ ਨੂੰ ਸਾਡਾ ਉਮੀਦਵਾਰ ਹਾਰ ਗਿਆ। ਸਾਡੇ ਵਲੋਂ ਲਾਏ ਜ਼ੋਰ ਨੂੰ ਵੀ ਲੋਕਾਂ ਨੇ 'ਚੱਲ ਹੱਟ' ਕਹਿ ਕੇ ਨਕਾਰ ਦਿੱਤਾ। ਹਾਰ ਤੋਂ ਬਾਅਦ ਏਸ ਪਾਰਟੀ ਵਿਚ ਵੀ ਕਾਫ਼ੀ ਉਪਰ-ਥੱਲੇ ਹੋਈ ਤੇ ਇਹ ਪਾਰਟੀ ਪ੍ਰਧਾਨ ਵੀ ਬਦਲ ਦਿੱਤਾ। ਨਵਾਂ ਚੁਣਿਆ ਪ੍ਰਧਾਨ ਆਪਣੇ ਲਾਮ-ਲਸ਼ਕਰ ਨੂੰ ਪਾਰਟੀ ਵਿਚ ਫਿੱਟ ਕਰਨ ਲਈ ਦਿਨ ਰਾਤ ਇਕ ਕਰਨ ਲੱਗਾ। ਸਾਡੀ ਪੁੱਛ ਪੜਤਾਲ ਫਿਰ ਢਿੱਲੀ ਪੈ ਗਈ, ਦਰਅਸਲ ਪੁਰਾਣੇ ਪ੍ਰਧਾਨ ਨਾਲ ਹੀ ਸਾਡੀ ਯਾਰੀ ਸੀ, ਜਦ ਉਹਦੇ ਨਾਲ ਹੀ ਸਾਡੇ ਵਰਗੀ ਜੱਗੋਂ ਤੇਰਵੀਂ ਹੋਈ ਹੋਵੇ ਤਾਂ ਅਸੀਂ ਕੀਹਦੇ ਵਿਚਾਰੇ ਸੀ। (ਜਾਰੀ)



## ਗੱਡਾ

• ਤਰਸੇਮ ਗੋਪੀ ਕਾ
81462-00063

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

**ਦੇਸ਼ ਦੀ ਵੰਡ ਦਾ ਦੁਖਾਂਤ ਅਸੀਂ ਅੱਜ ਤੀਕ ਭੋਗ ਰਹੇ ਹਾਂ। ਉਸ ਸਮੇਂ ਇੱਜ਼ਤਾਂ ਦੇ ਸਾਂਝੀ ਬਿਗਾਨੇ ਤੇ ਦੁਸ਼ਮਣ ਬਣ ਗਏ। ਗੂੜ੍ਹੀਆਂ ਸਾਂਝਾਂ ਵਾਲਾ ਖ਼ੂਨ ਪਲਾਂ 'ਚ ਚਿੱਟਾ ਹੋ ਗਿਆ। ਦੋਸਤੀ ਲਈ ਕੁਰਬਾਨ ਹੋਣ ਵਾਲੇ ਪਾਤਰ ਦੇ ਦੁਖਾਂਤ ਨੂੰ ਬਿਆਨ ਕਰਦੀ ਹੈ ਇਹ ਕਹਾਣੀ ...**




ਘਰ ਵਿਚ ਕੋਈ ਸਿਆਣਾ ਬਜ਼ੁਰਗ ਨਹੀਂ ਸੀ ਇਸ ਲਈ ਗੱਲਬਾਤ ਕਰਨ ਲਈ ਕਰਮਦੀਨ ਨੂੰ ਬੁਲਾਇਆ ਗਿਆ ਸੀ ਉਹ ਵੀ ਮਹਿਮਾਨਾਂ ਵਿਚ ਹੀ ਬੈਠਾ ਸੀ।ਮਹਿਮਾਨਾਂ ਵਿੱਚੋਂ ਕਿਸੇ ਨੇ ਪੁੱਛਿਆ ਗੱਡਾ ਬੜਾ ਸੋਹਣਾ ਬਣਿਆ ਕਿੱਥੋਂ ਬਣਾਇਆ?

ਨਰੰਜਣ ਕੁੱਛ ਬੋਲਦਾ ਉਸ ਤੋਂ ਪਹਿਲਾਂ ਹੀ ਕਰਮਦੀਨ ਮੌਕਾ ਸੰਭਾਲਦੇ ਹੋਏ ਬੋਲਿਆ ਆਪਣੇ ਤਾਂ ਏਨੇ ਸੋਹਣੇ ਗੱਡੇ ਤਲਵੰਡੀ ਭਾਈ ਵਾਲਾ ਅਮੀਰ ਅਲੀ ਹੀ ਬਣਾਉਂਦਾ। ਉੱਥੋਂ ਹੀ ਬਣਵਾ ਕੇ ਲਿਆਏ ਸੀ ਮੈਂ ਤੇ ਨਰੰਜਣ। ਅਮੀਰ ਅਲੀ ਪੈਸੇ ਤਾਂ ਲੈਂਦਾ ਪੂਰਾ ਚਾਰ ਸੌ ਪਰ ਗੱਡੇ ਵਿਚ ਕੋਈ ਕਮੀ ਨਹੀਂ ਰਹਿਣ ਦਿੰਦਾ। ਕਰਮਦੀਨ ਨਰੰਜਣ ਨੂੰ ਸ਼ਸ਼ੋਪੰਜ 'ਚੋਂ ਕੱਢਣ ਲਈ ਨਾ ਪੁੱਛੇ ਗਏ ਸਵਾਲ ਦਾ ਜਵਾਬ ਵੀ ਦੇ ਗਿਆ। ਮਹਿਮਾਨਾਂ ਨੂੰ ਨਰੰਜਣ ਕੋਲ ਦਸ ਵਿੱਘੇ ਜ਼ਮੀਨ ਤੇ ਜਹਾਜ਼ ਵਰਗਾ ਗੱਡਾ, ਨਗੋਰੀ ਬਲਦਾਂ ਦੀ ਜੋੜੀ ਤੇ ਘਰ ਬਾਰ ਜਚ ਗਏ। ਰਿਸ਼ਤਾ ਪੱਕਾ ਹੋ ਗਿਆ। ਇਕ ਦੂਜੇ ਦਾ ਮੂੰਹ ਮਿੱਠਾ ਕਰਵਾਇਆ ਗਿਆ। ਮਹਿੰਦਰ ਕੌਰ ਦੇ ਪੈਰ ਜ਼ਮੀਨ 'ਤੇ ਨਹੀਂ ਲਗ ਰਹੇ ਸੀ। ਸਭ ਵਧਾਈਆਂ ਦੇ ਰਹੇ ਸੀ। ਰਿਸ਼ਤੇ ਵਿਚ ਭਾਨੀ ਵੱਜਣ ਦੇ ਡਰੋਂ ਵਿਆਹ ਦੀ ਤਰੀਕ ਵੀ ਨੇੜੇ ਹੀ ਰੱਖ ਦਿੱਤੀ।ਮਹਿੰਦਰ ਕੌਰ ਨੇ ਵਿਆਹ ਦੀਆਂ ਤਿਆਰੀਆਂ ਕਰਾਉਣ ਲਈ ਆਪਣੀ ਨਣਦ ਤੇ ਵਿਚੋਲਣ ਛਿੰਦੀ ਨੂੰ ਵੀਹ ਦਿਨ ਪਹਿਲਾਂ ਹੀ ਬੁਲਾ ਲਿਆ ਤੇ ਗੁਆਂਢਣ ਕਰਮਦੀਨ ਦੀ ਵਹੁਟੀ ਨੂਰਾਂ ਨੂੰ ਉਚੇਚੇ ਤੌਰ 'ਤੇ ਸੱਦਾ ਦਿੱਤਾ। ਤਿੰਨਾਂ ਨੇ ਰਲ ਕੇ ਵਿਆਹ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਤੇ ਉਧਰ ਸ਼ਹਿਰੋਂ ਸੌਦਾ ਪੱਤਾ ਨਰੰਜਣ ਤੇ ਕਰਮਦੀਨ ਦੇ ਪੁੱਤਰ ਬਸੀਰ ਨੇ ਗੱਡੇ 'ਤੇ ਢੋਹਿਆ। ਨਰੰਜਣ ਨੂੰ ਵਿਆਹ ਦਾ ਚਾਅ ਤਾਂ ਸੀ ਹੀ ਪਰ ਉਹ ਗੱਡੇ 'ਤੇ ਬੈਠਾ ਆਪਣੇ ਆਪ ਨੂੰ ਬਾਦਸ਼ਾਹ ਤੋਂ ਘਟ ਨਹੀਂ ਸਮਝਦਾ ਸੀ ਤੇ ਬਸੀਰੇ ਨੂੰ ਨਰੰਜਣ ਦਾ ਸਰਵਾਲਾ ਬਣਨ ਦਾ ਚਾਅ ਸੀ ਜੋ ਮਹਿੰਦਰ ਕੌਰ ਨੇ ਪਹਿਲਾਂ ਹੀ ਕਹਿ ਦਿੱਤਾ ਸੀ,'ਮੇਰੇ ਨਰੰਜਣ ਦਾ ਸਰਵਾਲਾ ਤਾਂ ਤੇਰਾ ਬਸੀਰ ਹੀ ਬਣੂ ਭੈਣ ਨੂਰਾਂ।' ਮਹਿੰਦਰ ਕੌਰ ਗੁਆਂਢੀਆਂ ਨਾਲ ਪਿਆਰ ਦੀਆਂ ਤੰਦਾਂ ਹੋਰ ਮਜ਼ਬੂਤ ਕਰਨੀਆਂ ਚਾਹੁੰਦੀ ਸੀ।ਕਿਉਂਕਿ ਕਰਮਦੀਨ ਦੀ ਵਜ੍ਹਾ ਨਾਲ ਤਾਂ ਇਹ ਰਿਸ਼ਤਾ ਸਿਰੇ ਚੜ੍ਹਿਆ ਸੀ। ਇਸ ਲਈ ਮਹਿੰਦਰ ਕੌਰ ਮਾਣ-ਤਾਣ ਵਿਚ ਆਪਣੇ ਵਲੋਂ ਕੋਈ ਕਮੀ ਨਹੀਂ ਰਹਿਣ ਦੇਣੀ ਚਾਹੁੰਦੀ ਸੀ।

ਤੇ ਕਰਮ ਦੀਨ ਨੇ ਵੀ ਨਰੰਜਣ ਦੇ ਵਿਆਹ ਦੀਆਂ ਤਿਆਰੀਆਂ ਵਿਚ ਨਰੰਜਣ ਦੇ ਬਾਪੂ ਬਸੰਤ ਸਿੰਘ ਦੇ ਦੋਸਤ ਹੋਣ ਦਾ ਪੂਰਾ ਫ਼ਰਜ਼ ਨਿਭਾਇਆ। ਨਰੰਜਣ ਦੀ ਜੰਞ ਵਿਚ ਸਭ ਤੋਂ ਮੂਹਰੇ ਕਰਮਦੀਨ ਦਾ ਸ਼ਿੰਗਾਰਿਆ ਗੱਡਾ ਲੱਗਾ ਹੋਇਆ ਸੀ ਜਿਸ ਵਿਚ ਨਰੰਜਣ ਸਿਰ 'ਤੇ ਸਿਹਰਾ ਸਜਾ ਕੇ ਤੇ ਬਸੀਰ ਸਰਵਾਲੇ ਦੇ ਰੂਪ ਵਿਚ ਪੂਰਾ ਸਜ ਧਜ ਕੇ ਬੈਠੇ ਸਨ ਬਾਕੀ ਬਰਾਤ ਊਠ ਗੱਡੀਆਂ, ਗੱਡਿਆਂ ਅਤੇ ਘੋੜਿਆਂ ਤੇ ਪਿੱਛੇ-ਪਿੱਛੇ ਚਲ ਰਹੀ ਸੀ। ਨਰੰਜਣ ਦੇ ਸਹੁਰਿਆਂ ਨੇ ਬਰਾਤ ਦੀ ਖ਼ੂਬ ਸੇਵਾ ਕੀਤੀ। ਪੂਰੇ ਢੋਲ ਢਮੱਕੇ ਨਾਲ ਨਵੀਂ ਵਿਆਹੀ ਜੋੜੀ ਮਹਿੰਦਰ ਕੌਰ ਦੇ ਬੂਹੇ ਆਣ ਢੁੱਕੀ। ਅੱਜ ਮਹਿੰਦਰ ਕੌਰ ਨੇ ਵੀ ਨਵੀਂ ਵਿਆਹੀ ਵਹੁਟੀ ਵਾਂਗ ਸਜ ਸੰਵਰ ਲੱਸੀ ਪੈਰ ਪਾਏ। ਮਹਿੰਦਰ ਕੌਰ ਜਿੰਨੀ ਬਾਹਰੋਂ ਖ਼ੁਸ਼ ਨਜ਼ਰ ਆ ਰਹੀ ਸੀ ਓਨੀ ਨਰੰਜਣ ਦੇ ਬਾਪੂ ਬਸੰਤ ਸਿੰਘ ਨੂੰ ਯਾਦ ਕਰ ਅੰਦਰੋਂ ਅੰਦਰੀ ਰੋ ਰਹੀ ਸੀ। ਪਰ ਅੱਜ ਸ਼ਗਨਾਂ ਦੇ ਦਿਨ ਉਸ ਨੇ ਕਿਸੇ ਨੂੰ ਅਹਿਸਾਸ ਨਹੀਂ ਹੋਣ ਦਿੱਤਾ ਤੇ ਅੱਖਾਂ ਵਿਚ ਆਈ ਸੁਨਾਮੀ ਨੂੰ ਦਿਲ ਦੇ ਗਹਿਰੇ ਸਮੁੰਦਰ ਵਿਚ ਸਮੋ ਲਿਆ ਤੇ ਨਵੀਂ ਵਿਆਹੀ ਜੋੜੀ ਦੇ ਸਵਾਗਤ ਲਈ ਬੂਹੇ ਅੱਗੇ ਜਾ ਖੜ੍ਹੀ। ਜਦੋਂ ਨਵੀਂ ਵਿਆਹੀ ਜੋੜੀ ਨੂੰ ਗੱਡੇ ਵਿੱਚੋਂ ਉਤਾਰਿਆ ਤਾਂ ਮਹਿੰਦਰ ਕੌਰ ਤੋਂ ਰਿਹਾ ਨਾ ਗਿਆ ਉਸ ਨੇ ਭੱਜ ਕੇ ਨੂੰਹ ਪੁੱਤਰ ਨੂੰ ਗਲ ਨਾਲ ਲਾ ਲਿਆ। ਬੜੀ ਉਡੀਕ ਕਰਵਾਈ ਸੀ ਇਸ ਦਿਨ ਨੇ ਮਹਿੰਦਰ ਕੌਰ ਤੋਂ। ਅੱਜ ਵੀ ਉਸ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਕੋਈ ਸੁਪਨਾ ਵੇਖ ਰਹੀ ਹੋਵੇ ਪਰ ਇਹ ਸੁਪਨਾ ਨਹੀਂ ਹਕੀਕਤ ਸੀ ਤੇ ਇਸ ਸੁਪਨੇ ਨੂੰ ਹਕੀਕਤ ਵਿਚ ਬਦਲਣ ਲਈ ਕਰਮਦੀਨ ਨੇ ਬਹੁਤ ਵੱਡਾ ਰੋਲ ਅਦਾ ਕੀਤਾ ਸੀ।

ਵਿਆਹ ਤੋਂ ਬਾਅਦ ਨਰੰਜਣ ਆਪਣੀ ਮਾਂ ਮਹਿੰਦਰ ਕੌਰ ਨੂੰ ਨਾਲ ਲੈ ਕੇ ਕਰਮਦੀਨ ਦੇ ਘਰ ਗਿਆ ਤੇ ਹੱਥ ਜੋੜ ਕੇ ਆਖਣ ਲੱਗਾ,'ਚਾਚਾ ਤੇਰਾ ਸਾਡੇ ਪਰਿਵਾਰ 'ਤੇ ਕੀਤਾ ਹੋਇਆ ਅਹਿਸਾਨ ਮੈਂ ਜ਼ਿੰਦਗੀ ਭਰ ਯਾਦ ਰੱਖਾਂਗਾ ਇਸ ਦੇ ਬਦਲੇ ਤੂੰ ਜਾਨ ਵੀ ਮੰਗ ਲਈਂ ਮੁਨਕਰ ਨਹੀਂ ਹੋਵਾਂਗਾ।' ਨਰੰਜਣ ਅੱਜ ਕੁਝ ਜ਼ਿਆਦਾ ਹੀ ਜਜ਼ਬਾਤੀ ਵਹਿਣਾਂ ਵਿਚ ਵਹਿ ਤੁਰਿਆ ਸੀ।

'ਭਾਬੀ ਜਾਨ ਤੇ ਨਰੰਜਣ ਪੁੱਤਰ ਤੁਸੀਂ ਮੈਨੂੰ ਸ਼ਰਮਿੰਦਾ ਨਾ ਕਰੋ ਮੈਂ ਥੋਡੇ 'ਤੇ ਕੋਈ ਅਹਿਸਾਨ ਨਹੀਂ ਕੀਤਾ ਮੈਂ ਤਾਂ ਬਸੰਤ ਨਾਲ ਆਪਣੇ ਯਾਰਾਨੇ ਦਾ ਫ਼ਰਜ਼ ਅਦਾ ਕੀਤਾ। ਜੇ ਮੇਰੀ ਜਗ੍ਹਾ ਬਸੰਤ ਸਿੰਘ ਹੁੰਦਾ ਤਾਂ ਉਸਨੇ ਵੀ ਇਹੋ ਕਰਨਾ ਸੀ। ਦਿਲ ਦਾ ਮਾੜਾ ਨਹੀਂ ਸੀ ਮੇਰਾ ਯਾਰ ਇਹ ਤਾਂ ਚੰਦਰੀ ਸ਼ਰਾਬ ਲੈ ਡੁੱਬੀ ਮੇਰੇ ਭਰਾ ਨੂੰ।' ਕਰਮਦੀਨ ਨੇ ਆਪਣੇ ਦਿਲ ਦੀ ਗੱਲ ਦੋਨਾਂ ਮਾਂ-ਪੁੱਤ ਸਾਹਮਣੇ ਰੱਖ ਦਿੱਤੀ।ਇਕ ਵਾਰ ਫੇਰ ਦੋਵੇਂ ਮਾਂ ਪੁੱਤ ਕਰਮਦੀਨ ਦਾ ਧੰਨਵਾਦ ਕਰ ਕੇ ਘਰ ਮੁੜ ਆਏ।

ਸਮਾਂ ਲੰਘਦਾ ਗਿਆ ਤੇ ਸਾਲ ਬਾਅਦ ਖ਼ੁਸ਼ੀਆਂ ਨੇ ਮਹਿੰਦਰ ਕੌਰ ਦਾ ਫਿਰ ਬੂਹਾ ਖੜਕਾਇਆ ਜਦੋਂ ਉਸ ਦੇ ਵਿਹੜੇ ਪੋਤੇ ਨੇ ਕਿਲਕਾਰੀ ਮਾਰੀ ਤੇ ਅਗਲੇ ਸਾਲ ਨਰੰਜਣ ਦੀ ਵਹੁਟੀ ਨੇ ਫਿਰ ਮੁੰਡੇ ਨੂੰ ਜਨਮ ਦਿੱਤਾ। ਮਹਿੰਦਰ ਕੌਰ ਦੇ ਘਰ ਜਦੋਂ ਵੀ ਖ਼ੁਸ਼ੀਆਂ ਦੀ ਛਹਿਬਰ ਲੱਗਦੀ ਤਾਂ ਨਰੰਜਣ ਤੇ ਮਹਿੰਦਰ ਕੌਰ ਨੂੰ ਕਰਮਦੀਨ ਦਾ ਕੀਤਾ ਹੋਇਆ ਅਹਿਸਾਨ ਜ਼ਰੂਰ ਯਾਦ ਆਉਂਦਾ। ਵਿਰਲੇ ਹੀ ਲੋਕ ਹੁੰਦੇ ਨੇ ਜੋ ਕਿਸੇ ਦੇ ਕੀਤਾ ਹੋਇਆ ਅਹਿਸਾਨ ਯਾਦ ਰੱਖਦੇ ਨੇ। ਮਹਿੰਦਰ ਕੌਰ ਦਾ ਪਰਿਵਾਰ ਉਨ੍ਹਾਂ ਵਿੱਚੋਂ ਹੀ ਸੀ। ਇਸ ਤਰ੍ਹਾਂ ਸਮਾਂ ਬੀਤਦਾ ਗਿਆ ਤੇ ਇਕ ਦਿਨ ਆਇਆ ਜਦੋਂ ਆਜ਼ਾਦੀ ਦੇ ਨਾਂ 'ਤੇ ਸਿਆਸੀ ਲੀਡਰਾਂ ਨੇ ਭਾਰਤ ਦੇ ਲੋਕਾਂ ਨੂੰ ਮੌਤ ਵੰਡੀ। ਅੰਨ੍ਹੇਵਾਹ ਹੋ ਰਹੇ ਕਤਲੇਆਮ, ਲੁੱਟ ਖੋਹ ਦਾ ਖ਼ੌਫ਼ ਹਰ ਖਿੱਤੇ ਦੇ ਲੋਕਾਂ ਦੇ ਚਿਹਰੇ 'ਤੇ ਆਮ ਵੇਖਿਆ ਜਾ ਸਕਦਾ ਸੀ।

ਮੌਤ ਦੇ ਛਾਏ ਕਾਲੇ ਬੱਦਲਾਂ ਦੇ ਪਰਛਾਵੇਂ ਨੇ ਪੂਰੇ ਭਾਰਤ ਨੂੰ ਆਪਣੀ ਆਗੋਸ਼ ਵਿਚ ਸਮੇਟਿਆ ਹੋਇਆ ਸੀ।

'ਇਹ ਕਿਹੋ ਜਿਹੀ ਆਜ਼ਾਦੀ ਏ ਬਸੀਰ ਦੇ ਅੱਬਾ ਅਸੀਂ ਆਪਣੀ ਭਰੀ ਭਰਾਈ ਹਵੇਲੀ ਛੱਡ ਕੇ ਨਵੇਂ ਬਣੇ ਅਣਜਾਣ ਮੁਲਕ ਦੇ ਵਸੰਦੇ ਬਣੀਏ ਅਸੀਂ ਨਹੀਂ ਕਿਤੇ ਜਾਣਾ।' ਕਰਮਦੀਨ ਦੀ ਬੇਗਮ ਨੂਰਾਂ ਰੋਂਦੀ ਹੋਈ ਕਮਲਿਆਂ ਵਾਂਗ ਬੋਲੀ ਜਾ ਰਹੀ ਸੀ।

ਜਦੋਂ ਦਾ ਕਰਮਦੀਨ ਨੇ ਘਰ ਆ ਕੇ ਦਸਿਆ ਕਿ ਆਪਾਂ ਨੂੰ ਆਪਣਾ ਘਰ, ਪਿੰਡ ਤੇ ਆਪਣਾ ਦੇਸ਼ ਛੱਡ ਕੇ ਹਕੂਮਤ ਵਲੋਂ ਮੁਸਲਮਾਨਾਂ ਲਈ ਨਵੇਂ ਬਣਾਏ ਮੁਲਕ ਪਾਕਿਸਤਾਨ ਜਾਣਾ ਪੈਣਾ ਸਾਰੇ ਟੱਬਰ ਦੀ ਜਾਨ ਮੁੱਠੀ ਵਿਚ ਆਈ ਹੋਈ ਸੀ। ਪੂਰਾ ਪਰਿਵਾਰ ਸਹਿਮਿਆ ਬੈਠਾ ਇਕ ਦੂਜੇ ਵੱਲ ਬਿਨਾਂ ਬੋਲੇ ਤਕ ਰਿਹਾ ਸੀ।ਨੂਰਾਂ ਦੀ ਹਾਲਤ ਤਾਂ ਪਾਗਲਾਂ ਵਰਗੀ ਹੋਈ ਪਈ ਸੀ। ਹੋਵੇ ਵੀ ਕਿਉਂ ਨਾ ਇੰਝ ਵਸਦਾ ਰਸਦਾ ਘਰ ਛੱਡ ਪਰਦੇਸੀ ਹੋਣ ਨੂੰ ਕੀਹਦਾ ਦਿਲ ਕਰਦਾ।

ਕਰਮਦੀਨ ਬੇਸ਼ੱਕ ਸਾਰੇ ਪਰਿਵਾਰ ਨੂੰ ਹੌਸਲਾ ਦੇ ਰਿਹਾ ਸੀ ਪਰ ਅੰਦਰੋਂ ਬੁਰੀ ਤਰ੍ਹਾਂ ਟੁੱਟਿਆ ਹੋਇਆ ਮਹਿਸੂਸ ਕਰ ਰਿਹਾ ਸੀ। ਪਰ ਹੁਣ ਕਰ ਵੀ ਕੀ ਸਕਦੇ ਸੀ। ਜਾਣਾ ਤਾਂ ਪੈਣਾ ਹੀ ਸੀ। ਹਾਲਾਤ ਹੀ ਕੁੱਛ ਏਦਾਂ ਦੇ ਬਣ ਗਏ ਸੀ।ਕੁਝ ਦਿਨ ਪਹਿਲਾਂ ਸਕੇ ਭਾਈਆਂ ਵਾਂਗ ਰਹਿਣ ਵਾਲੇ ਇਨਸਾਨ ਮਜ਼ਬ੍ਹਾਂ ਵਿਚ ਵੰਡ ਹੋ ਕੇ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ ਸੀ। ਤਲਵਾਰਾਂ ਨਾਲ ਕੱਟੇ ਬੰਦਿਆਂ 'ਚੋਂ ਲਾਲ ਰੱਤ ਵਗ ਰਹੀ ਸੀ ਪਰ ਜਿੰਦਾ ਇਨਸਾਨਾਂ ਦਾ ਖ਼ੂਨ ਸਫ਼ੈਦ ਹੋ ਚੁੱਕਾ ਸੀ। ਕਰਮਦੀਨ ਇਨ੍ਹਾਂ ਹਾਲਤਾਂ ਤੋਂ ਪੂਰੀ ਤਰ੍ਹਾਂ ਵਾਕਿਫ਼ ਸੀ ਇਸ ਲਈ ਕੀਮਤੀ ਸਾਮਾਨ ਗੱਡੇ ਵਿਚ ਲੱਦ ਰਿਹਾ ਸੀ ਜੋ ਪਾਕਿਸਤਾਨ ਨਾਲ ਲਿਜਾਇਆ ਜਾ ਸਕੇ। ਸ਼ਾਮ ਤਕ ਜਾਣ ਦੀ ਪੂਰੀ ਤਿਆਰੀ ਕਰ ਕਰਮਦੀਨ ਨੇ ਪਰਿਵਾਰ ਨੂੰ ਕਮਰੇ ਅੰਦਰ ਕੁੰਡੀ ਲਾ ਕੇ ਬੈਠਣ ਲਈ ਕਿਹਾ ਤੇ ਆਪ ਮਹਿੰਦਰ ਕੌਰ ਦੇ ਘਰ ਵੱਲ ਹੋ ਤੁਰਿਆ। ਕਰਮਦੀਨ ਦਾ ਡਰਿਆ ਤੇ ਸਹਿਮਿਆ ਪਰਿਵਾਰ ਅੰਦਰ ਕੁੰਡੀ ਲਾ ਕੇ ਬੈਠ ਗਿਆ। ਪਿੰਡ ਵਿੱਚੋਂ ਉੱਠ ਰਹੇ ਰੌਲੇ ਤੇ ਚੀਕਾਂ ਵਾਰ-ਵਾਰ ਸਾਰੇ ਪਰਿਵਾਰ ਦਾ ਦਿਲ ਕੰਬਾ ਜਾਂਦੇ। ਬੱਚਿਆਂ ਨੂੰ ਆਪਣੇ ਘਰ ਦੀਆਂ ਕੰਧਾਂ ਕੋਲੋਂ ਡਰ ਲੱਗ ਰਿਹਾ ਸੀ।

ਠੱਕ-ਠੱਕ ਮਹਿੰਦਰ ਕੌਰ ਦੇ ਘਰ ਦਾ ਦਰਵਾਜ਼ਾ ਬਿਨਾਂ ਰੁਕਿਆਂ ਵਾਰ-ਵਾਰ ਖੜਕ ਰਿਹਾ ਸੀ।ਇਸ ਵੇਲੇ ਕੌਣ ਆ ਗਿਆ ਨਰੰਜਣ ਨੇ ਬੈਠਕ ਦਾ ਦਰਵਾਜ਼ਾ ਖੋਲ੍ਹਿਆ ਤਾਂ ਮਹਿੰਦਰ ਕੌਰ ਨੇ ਭੱਜ ਕੇ ਰੋਕਿਆ ਪੁੱਤ ਹਾਲਾਤ ਠੀਕ ਨਹੀਂ ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਪੁੱਛ ਲਵੀਂ ਕੌਣ ਆ। ਤੂੰ ਡਰ ਨਾ ਮਾਂ ਮੈਂ ਵੇਖਦਾਂ ਨਰੰਜਣ ਹੱਥ ਵਿਚ ਡਾਂਗ ਫੜ ਬਾਹਰਲੇ ਦਰਵਾਜ਼ੇ ਵੱਲ ਵਧਿਆ।

'ਹਾਂ ਬਾਈ ਕੌਣ ਏ?' ਨਰੰਜਣ ਨੇ ਥੋੜ੍ਹਾ ਝਿਜਕਦੇ ਹੋਏ ਪੁੱਛਿਆ?

ਮੈਂ ਆਂ ਪੁੱਤਰ ਕਰਮਦੀਨ ਤੇਰਾ ਚਾਚਾ ਕਰਮਦੀਨ ਨੇ ਡਰੀ ਹੋਈ ਤੇ ਸਹਿਮ ਭਰੀ ਆਵਾਜ਼ ਵਿਚ ਦੱਸਿਆ। ਨਰੰਜਣ ਨੇ ਜਲਦੀ ਨਾਲ ਦਰਵਾਜ਼ਾ ਖੋਲ੍ਹਿਆ। ਕਰਮਦੀਨ ਨੂੰ ਅੰਦਰ ਵਾੜ ਫਿਰ ਦਰਵਾਜ਼ਾ ਬੰਦ ਕਰ ਦਿੱਤਾ। 'ਆ ਚਾਚਾ ਲੰਘਿਆ।' ਨਰੰਜਣ ਕਰਮਦੀਨ ਦੇ ਅੱਗੇ-ਅੱਗੇ ਤੁਰਨ ਲੱਗਾ। ਕਮਰੇ ਵਿਚ ਬੈਠੀ ਮਹਿੰਦਰ ਕੋਲ ਜਾ ਕਰਮਦੀਨ ਦੀ ਭੁੱਬ ਨਿਕਲ ਗਈ। 'ਭਾਬੀ ਜਾਨ ਇਹ ਸਭ ਕੁਝ ਕੀ ਹੋ ਗਿਆ ਆਪਾਂ ਤਾਂ ਇਨ੍ਹਾਂ ਹਾਲਤਾਂ ਬਾਰੇ ਕਦੇ ਸੋਚਿਆ ਵੀ ਨਹੀਂ ਸੀ।'

'ਹੌਸਲਾ ਰੱਖ ਕਰਮਦੀਨਾ ਇਹ ਸਭ ਰੱਬ ਦੇ ਰੰਗ ਹਨ ਤੂੰ ਫ਼ਿਕਰ ਨਾ ਕਰ ਪਰਮਾਤਮਾ ਭਲੀ ਕਰੂ।'

'ਰੱਬ ਦੇ ਰੰਗ ਨਹੀਂ ਭਾਬੀ ਜਾਨ ਇਹ ਇਨ੍ਹਾਂ ਲੀਡਰਾਂ ਦੀ ਗੰਦੀ ਸਿਆਸਤ ਦਾ ਨਤੀਜਾ ਏ। ਅੱਲਾ ਮੀਆਂ ਕਿਸੇ ਦਾ ਮਾੜਾ ਨਹੀਂ ਕਰ ਸਕਦਾ। ਰੱਬ ਤਾਂ ਮਾਣੁਸ ਕੀ ਜਾਤ ਸਭੇ ਏਕੇ ਪਹਿਚਾਨਬੋ ਦਾ ਹੋਕਾ ਦਿੰਦਾ ਇਹ ਤਾਂ ਕਲਜੁਗੀ ਇਨਸਾਨਾਂ ਦੀ ਸਿਆਸਤੀ ਖੇਡ ਹੈ ਜਿਸ ਨੇ ਸਕਿਆਂ ਭਰਾਵਾਂ ਵਾਂਗੂ ਰਹਿਣ ਵਾਲੇ ਅੱਲਾ ਦੇ ਬੰਦਿਆਂ ਨੂੰ ਰਾਤੋ ਰਾਤ ਇਕ ਦੂਜੇ ਦੇ ਦੁਸ਼ਮਣ ਬਣਾ ਦਿੱਤਾ।' ਕਰਮਦੀਨ ਦਿਲ ਦਾ ਦਰਦ ਬਿਆਂ ਕਰ ਰਿਹਾ ਸੀ।

'ਪੁੱਤਰ ਥੋੜ੍ਹਾ ਬਹੁਤਾ ਸਮਾਨ ਗੱਡੇ ਵਿਚ ਲੱਦ ਲਿਆ ਹੈ ਬਾਕੀ ਸਭ ਕੁੱਝ ਇੱਥੇ ਛੱਡ ਜਾਣ ਲਈ ਤਿਆਰੀ ਕਰ ਲਈ ਏ ਪਰ ਹਾਲਾਤ ਬਹੁਤ ਖ਼ਤਰਨਾਕ ਹੋ ਚੁੱਕੇ ਨੇ। ਇਸ ਲਈ ਤੇਰੇ ਕੋਲੋਂ ਮਦਦ ਦੀ ਆਸ ਲੈ ਕੇ ਆਇਆਂ। ਜੇ ਤੂੰ ਮੇਰੇ ਪਰਿਵਾਰ ਨੂੰ ਕਿਸੇ ਸੁਰੱਖਿਅਤ ਜਗ੍ਹਾ 'ਤੇ ਪਹੁੰਚਾ ਦੇਵੇਂ ਤਾਂ ਤੇਰਾ ਅਹਿਸਾਨਮੰਦ ਹੋਵਾਂਗਾ।' ਕਰਮਦੀਨ ਹੱਥ ਜੋੜਦਾ ਹੋਇਆ ਗਿੜਗੜਾਉਣ ਲੱਗਾ।

'ਨਾ ਚਾਚਾ ਨਾ ਇਹ ਤੂੰ ਕੀ ਕਹਿ ਰਿਹਾਂ? ਤੇਰਾ ਅਹਿਸਾਨ ਤਾਂ ਮੈਂ ਮਰ ਕੇ ਵੀ ਨਹੀਂ ਉਤਾਰ ਸਕਦਾ। ਤੂੰ ਹੱਥ ਜੋੜ ਕੇ ਸ਼ਰਮਿੰਦਾ ਨਾ ਕਰ। ਤੇਰੇ ਪਰਿਵਾਰ ਨੂੰ ਬਚਾਉਣ ਲਈ ਮੈਂ ਆਪਣੀ ਜ਼ਿੰਦਗੀ ਲਾ ਦਿਆਂਗਾ, ਤੂੰ ਚਲ ਮੇਰੇ ਨਾਲ।' ਨਰੰਜਣ ਸਿਰ 'ਤੇ ਪਰਨਾ ਬੰਨ ਹੱਥ ਵਿਚ ਤਲਵਾਰ ਫੜ ਕਰਮਦੀਨ ਦੇ ਮੂਹਰੇ ਉਸ ਦੇ ਘਰ ਵੱਲ ਹੋ ਤੁਰਿਆ।

ਕਰਮਦੀਨ ਦਾ ਸਾਰਾ ਪਰਿਵਾਰ ਡਰਿਆ ਹੋਇਆ ਖੂੰਜੇ ਲੱਗਿਆ ਬੈਠਾ ਸੀ। ਨਰੰਜਣ ਤੇ ਕਰਮਦੀਨ ਦੇ ਆਉਣ ਨਾਲ ਉਨ੍ਹਾਂ ਦੇ ਸਾਹ 'ਚ ਸਾਹ ਆਏ।

'ਚਾਚਾ ਹੁਣ ਰਾਤ ਬਹੁਤ ਹੋ ਚੁੱਕੀ ਹੈ ਇੱਥੇ ਵੀ ਖ਼ਤਰਾ ਹੈ। ਇਸ ਲਈ ਸਾਮਾਨ ਵਾਲਾ ਗੱਡਾ ਅੰਦਰਲੇ ਘਰੇ ਖੜ੍ਹਾ ਕਰ ਦਿੰਨੇ ਆਂ ਤੇ ਤੁਸੀਂ ਆਪਣੇ ਪਿੰਡੋਂ ਬਾਹਰ ਵਾਲੇ ਘਰ ਰੁਕ ਜਾਓ ਕਿਸੇ ਨੂੰ ਕੋਈ ਸ਼ੱਕ ਵੀ ਨਹੀਂ ਹੋਊਗਾ। ਜਦੋਂ ਠੀਕ ਲੱਗਿਆ ਮੈਂ ਆਪੇ ਫਿਰੋਜ਼ਪੁਰ ਕੈਂਪ ਵਿਚ ਛੱਡ ਆਵਾਂਗਾ।' ਨਰੰਜਣ ਨੇ ਕਰਮਦੀਨ ਨੂੰ ਆਪਣੀ ਵਿਉਂਤਬੰਦੀ ਦੱਸੀ ਜਿਸ ਨਾਲ ਕਰਮਦੀਨ ਜਲਦੀ ਹੀ ਰਾਜ਼ੀ ਹੋ ਗਿਆ ਕਿਉਂਕਿ ਕਰਮਦੀਨ ਜਾਣਦਾ ਸੀ ਆਵਦੇ ਘਰ ਵਿਚ ਰਹਿਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ ਮਜ਼ਬਾਂ ਦੇ ਮਖੌਟੇ ਪਹਿਨੀ ਕਾਤਿਲ ਲੁਟੇਰੇ ਕਿਸੇ ਟਾਇਮ ਵੀ ਆ ਸਕਦੇ ਸੀ।

ਨਰੰਜਣ ਤੇ ਕਰਮਦੀਨ ਦਾ ਬੇਟਾ ਬਸੀਰ ਸਾਮਾਨ ਦਾ ਲੱਦਿਆ ਗੱਡਾ ਨਰੰਜਣ ਦੇ ਅੰਦਰਲੇ ਘਰ ਖੜ੍ਹਾ ਕਰਨ ਤੋਂ ਬਾਅਦ ਪੂਰੇ ਪਰਿਵਾਰ ਸਮੇਤ ਨਰੰਜਣ ਦੇ ਪਿੰਡੋਂ ਬਾਹਰਲੇ ਘਰ ਵਲ ਨੂੰ ਤੁਰ ਪਏ। ਕਰਮਦੀਨ, ਨਰੰਜਣ ਤੇ ਬਸੀਰ ਹੱਥ ਵਿਚ ਨੰਗੀਆਂ ਤਲਵਾਰਾਂ ਫੜੀ ਅੱਗੇ ਤੁਰ ਰਹੇ ਸੀ। ਗਲੀਆਂ ਵਿਚ ਭੌਂਕਦੇ ਕੁੱਤੇ ਡਰਿਆਂ ਨੂੰ ਹੋਰ ਡਰਾ ਰਹੇ ਸਨ।

ਕਰਮਦੀਨ ਦੇ ਪਰਿਵਾਰ ਨੂੰ ਬਾਹਰਲੇ ਘਰੇ ਛੱਡ ਨਰੰਜਣ ਘਰ ਵੱਲ ਨੂੰ ਮੁੜ ਪਿਆ। ਹਾਲੇ ਨਰੰਜਣ ਵਿਹੜਾ ਪਾਰ ਕਰ ਕੇ ਵੱਡੇ ਗੁਰਦੁਆਰੇ ਕੋਲ ਪਹੁੰਚਿਆ ਹੀ ਸੀ ਗਲੀ ਵਿੱਚੋਂ ਦਸ ਬਾਰ੍ਹਾਂ ਚੜ੍ਹਦੀ ਉਮਰ ਦੇ ਮੁੰਡੇ ਹੱਥਾਂ ਵਿਚ ਨੰਗੀਆਂ ਤਲਵਾਰਾਂ ਫੜੀ ਗਲੀ ਵਿੱਚੋਂ ਨਿਕਲੇ। ਨਰੰਜਣ ਨੂੰ ਵੇਖ ਉਨ੍ਹਾਂ ਵਿੱਚੋਂ ਇਕ ਬੋਲਿਆ,'ਕਿਹੜਾ ਆਂ ਉਏ?'

'ਨਰੰਜਣ ਆਂ ਬਾਈ ਬਸੰਤੇ ਕਾ।

'ਉਏ ਤੂੰ ਕਿੱਧਰ ਐਸ ਵੇਲੇ? ਹੁਣ ਤਕ ਕਈਆਂ ਨੇ ਨਰੰਜਣ ਨੂੰ ਪਛਾਣ ਲਿਆ ਸੀ।

'ਬਸ ਬਾਈ ਖੇਤ ਗੇੜਾ ਮਾਰ ਕੇ ਆਇਆਂ।' ਨਰੰਜਣ ਨੇ ਥੋੜ੍ਹਾ ਸੰਭਲਦੇ ਹੋਏ ਕਿਹਾ।

'ਆਹ ਟਾਈਮ ਖੇਤ ਗੇੜਾ ਮਾਰਨ ਵਾਲਾ ਤਾਂ ਲਗਦਾ ਨੀ ਕਿਤੇ ਕੋਈ ਮੁਸਲਾ ਤਾਂ ਨਹੀਂ ਝਟਕਾ ਕੇ ਆਇਆ?' ਝਿਉਰਾ ਦੇ ਛਿੰਦੇ ਨੇ ਨਰੰਜਣ ਦੇ ਹੱਥ ਵਿਚ ਫੜੀ ਤਲਵਾਰ ਵਲ ਇਸ਼ਾਰਾ ਕਰਦੇ ਹੋਏ ਮਜ਼ਾਕੀਆ ਲਹਿਜੇ ਵਿਚ ਕਿਹਾ।

'ਉਹ ਨਾ ਬਾਈ ਆਪਾਂ ਕਿਸੇ ਨੂੰ ਕੀ ਝਟਕਾਉਣਾ। ਆਵਦੀ ਜਾਨ ਬਚ ਜਾਏ ਥੋੜ੍ਹਾ। ਤੁਸੀਂ ਕਿੱਧਰ ਨੂੰ ਲਾਮ ਲਸ਼ਕਰ ਲੈ ਕੇ ਚੱਲੇ ਹੋ?' ਹੁਣ ਤਕ ਨਰੰਜਣ ਨੇ ਵੀ ਸਾਰਿਆਂ ਨੂੰ ਪਛਾਣ ਲਿਆ ਸੀ। ਇਹ ਸਾਰੇ ਪਿੰਡ ਦੇ ਵਿਹਲੜ 'ਕੱਠੇ ਹੋਏ ਸੀ ਜੋ ਪਾਕਿਸਤਾਨ ਜਾਂਦੇ ਮੁਸਲਮਾਨਾਂ ਨੂੰ ਲੁੱਟਣ ਤੇ ਮਾਰਨ ਦੇ ਇਰਾਦੇ ਨਾਲ ਪਿੰਡੋਂ ਬਾਹਰ ਵੱਡੇ ਪਹੇ ਵੱਲ ਚੱਲੇ ਸੀ।

ਅਸੀਂ ਤਾਂ ਸਾਡੇ ਸਿੱਖ ਭਰਾਵਾਂ ਦਾ ਬਦਲਾ ਲੈਣ ਚੱਲੇ ਆਂ ਮੁਸਲਿਆਂ ਕੋਲੋਂ, ਜੇ ਚੱਲਣਾ ਤਾਂ ਅੱਗੇ ਲਗ ਵੱਡੇ ਪਹੇ ਉਤੋਂ ਦੀ ਲੰਘਣੇ ਨੇ ਕਈ ਟੋਲੇ ਅੱਜ ਕੋਈ ਨੀ ਸੁੱਕਾ ਜਾਣ ਦੇਣਾ ਉੱਧਰ।' ਟੋਲੇ ਦੇ ਲੀਡਰ ਬਣੇ ਬਾਹਰਲੀ ਪੱਤੀ ਵਾਲੇ ਕਾਲੀਆਂ ਦਾ ਜੁਪਾ ਬੋਲਿਆ।

'ਨਹੀਂ ਬਾਈ ਤੁਸੀਂ ਚੱਲੋ ਇਕ ਅੱਧਾ ਮੁਸਲਾ ਮੇਰੇ ਹਿੱਸੇ ਦਾ ਵੀ ਬੜਕਾ ਦਿਉ।' ਨਰੰਜਣ ਨੇ ਗੱਲ ਹਾਸੇ ਪਾ ਉਨ੍ਹਾਂ ਤੋਂ ਖਹਿੜਾ ਛੁਡਾਉਣਾ ਹੀ ਠੀਕ ਸਮਝਿਆ ਤੇ ਘਰ ਵੱਲ ਹੋ ਤੁਰਿਆ। (ਜਾਰੀ)

## ਪੁਸਤਕ ਚਰਚਾ

ਸੁਖਜਿੰਦਰ ਕੌਰ ਸਿੱਧੂ 'ਮਨ ਦੀ ਅੱਖ' ਕਾਵਿ ਸੰਗ੍ਰਹਿ ਦੇ ਰੂਪ ਵਿਚ ਆਪਣਾ ਦੂਜਾ ਕਾਵਿ ਸੰਗ੍ਰਹਿ ਲੈ ਕੇ ਪਾਠਕਾਂ ਦੇ ਰੂਬਰੂ ਹੋਈ ਹੈ। ਇਸ ਤੋਂ ਪਹਿਲਾਂ 'ਜ਼ਿੰਦਗੀ ਦੀ ਪੈਂਤੀ' ਉਸ ਦਾ ਕਾਵਿ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕਾ ਹੈ।

ਜਦੋਂ ਅਸੀਂ ਸੁਖਜਿੰਦਰ ਕੌਰ ਸਿੱਧੂ ਦਾ ਹੱਥਲਾ ਕਾਵਿ ਸੰਗ੍ਰਹਿ ਵਾਚਦੇ ਹਾਂ ਤਾਂ ਇਹ ਗੱਲ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਇਸ ਕਾਵਿ-ਸੰਗ੍ਰਹਿ ਵਿਚਲੀਆਂ ਕਵਿਤਾਵਾਂ ਜਿੱਥੇ ਉਸ ਦੇ ਪਿਆਰ ਅਨੁਭਵ ਨੂੰ ਪੇਸ਼ ਕਰਦੀਆਂ ਹਨ ਉੱਥੇ ਸਮਾਜਿਕ ਰਿਸ਼ਤਿਆਂ ਦੇ ਟੁੱਟਣ ਅਤੇ ਰੇਤ ਵਾਂਗੂ ਕਿਰਨ ਦਾ ਦਰਦ ਵੀ ਉਸਦੀਆਂ ਕਵਿਤਾਵਾਂ ਵਿਚ ਪੇਸ਼ ਹੋਇਆ ਹੈ।

ਔਰਤ ਦੀ ਸਮਾਜਿਕ ਸਥਿਤੀ ਅਤੇ ਉਸ ਦੀ ਹੋਂਦ ਨੂੰ ਦਰਪੇਸ਼ ਖ਼ਤਰਿਆਂ ਬਾਰੇ ਵੀ ਸ਼ਾਇਰਾ ਸੁਚੇਤ ਰੂਪ ਵਿਚ ਆਪਣਾ ਕਾਵਿ-ਅਨੁਭਵ ਪੇਸ਼ ਕਰਦੀ ਹੈ। ਉਹ ਸਮਾਜਿਕ ਪ੍ਰਬੰਧ ਨੂੰ ਵੰਗਾਰਦੀ ਹੈ ਕਿ ਸਮਾਜਿਕ ਵਿਵਸਥਾ ਹੀ ਔਰਤ ਦੇ ਦੁੱਖਾਂ ਦਾ ਅਸਲ ਕਾਰਨ ਹੈ ਜਿੱਥੇ ਉਸ ਨੂੰ ਹਮੇਸ਼ਾ ਦੂਜੈਲਾ ਦਰਜਾ ਹੀ ਦਿੱਤਾ ਗਿਆ ਅਤੇ ਹੱਕਾਂ ਤੋਂ ਵੀ ਵਾਂਝੀ ਰੱਖਿਆ ਗਿਆ ਜਿਵੇਂ :

*ਕੀ-ਕੀ ਸਾਡੇ ਨਾਲ ਹੋਈ ਹੈ*
*ਪਰ ਸੁਣਦਾ ਨਹੀਂ ਕੋਈ ਹੈ,*
*ਅੱਜ ਸਾਰਿਆਂ ਨੂੰ ਸੁਣਾਉਣ ਨੂੰ ਵੀ ਮੇਰਾ ਜੀ ਕਰਦਾ,*
*ਅੱਜ ਉੱਚੀ-ਉੱਚੀ ਰੌਲਾ ਪਾਉਣ ਨੂੰ ਵੇ ਮੇਰਾ ਜੀ ਕਰਦਾ।*

ਇਸੇ ਤਰ੍ਹਾਂ 'ਸੰਸਾਰ ਤੇ ਔਰਤ' ਕਵਿਤਾ ਵੀ ਦੇਖੀ ਜਾ ਸਕਦੀ ਹੈ। ਸ਼ਾਇਰਾ ਦਾ ਇਹ ਵੀ ਅਨੁਭਵ ਹੈ ਜਦ ਸਮਾਜਿਕ ਤਬਦੀਲੀ ਆਉਂਦੀ ਹੈ ਬਣੀਆਂ ਬਣਾਈਆਂ ਸਲਤਨਤਾਂ ਵੀ ਟੁੱਟ ਜਾਂਦੀਆਂ ਹਨ।

ਇਸ ਕਾਵਿ ਸੰਗ੍ਰਹਿ ਵਿਚ ਕਵਿਤਾਵਾਂ, ਨਜ਼ਮਾਂ ਅਤੇ ਗੀਤ ਵੀ ਪੇਸ਼ ਹੋਏ ਹਨ ਪਰ ਨਾਲ ਦੀ ਨਾਲ ਕੁਝ ਕਵਿਤਾਵਾਂ ਵਿਚਾਰਾਂ ਦੇ ਰੂਪ 'ਚ ਹੀ ਪੇਸ਼ ਹਨ ਨੂੰ ਕਾਵਿ-ਸ਼ਿਲਪ ਦੀ ਵੀ ਲੋੜ ਹੈ ਕਿਉਂਕਿ ਜੇ ਕੇਵਲ ਵਿਚਾਰ ਹੀ ਪੇਸ਼ ਹੋਣਗੇ ਤਾਂ ਕਵਿਤਾ ਵਿੱਚੋਂ ਕਾਵਿ-ਟੂੰਬ ਅਲੋਪ ਹੋ ਜਾਵੇਗੀ। ਇਸ ਕਾਵਿ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਧਰਤੀ ਦੇ ਜੀਵਾਂ ਦੀ ਬਾਤ ਪਾਉਂਦੀਆਂ ਹਨ ਅਤੇ ਨਫ਼ਰਤ ਨੂੰ ਘਟਾਉਣ ਅਤੇ ਪਿਆਰ ਦੀ ਰੌਸ਼ਨੀ ਫੈਲਾਉਣ ਦਾ ਹੋਕਾ ਦਿੰਦੀਆਂ ਹਨ।

**• ਸਰਦੂਲ ਸਿੰਘ ਔਜਲਾ**



ਗੁਰਦਿਆਲ ਰੌਸ਼ਨ ਪੰਜਾਬੀ ਦਾ ਪ੍ਰਬੁੱਧ ਅਤੇ ਮਾਣਮੱਤਾ ਸ਼ਾਇਰ ਹੈ। ਨਵਪ੍ਰਕਾਸ਼ਤ ਗ਼ਜ਼ਲ ਸੰਗ੍ਰਹਿ 'ਚ ਸ਼ਾਮਲ ਕੀਤੀਆਂ 64 ਗ਼ਜ਼ਲਾਂ ਦੇ ਸ਼ੇਅਰ ਅਤੇ ਰੰਗਾਂ ਦੀ ਮਨੋਹਾਰੀ ਕਿਣਕਿਣ ਹੈ। ਜਿਸ ਦੇ ਸੂਖਮ ਜਜ਼ਬਾਤ ਦੀ ਕਿਣਮਿਣ ਵਿਚ ਪਾਠਕ ਅੰਤਰਮਨ ਤਕ ਭਿੱਜ ਜਾਂਦਾ ਹੈ।

ਗ਼ਜ਼ਲ ਸੰਗ੍ਰਹਿ 'ਕਿਣਮਿਣ' ਕਈ ਨੁਕਤਿਆਂ ਤੋਂ ਵਿਲੱਖਣ ਹੈ। ਗੁਰਦਿਆਲ ਰੌਸ਼ਨ ਵਿਚ ਉਸਤਾਦ ਸ਼ਾਇਰ ਹੈ ਤੇ ਉਹ ਗ਼ਜ਼ਲ ਦੀਆਂ ਬਰੀਕੀਆਂ ਨੂੰ ਆਪ ਹੀ ਨਹੀਂ ਸਮਝਦਾ ਸਗੋਂ 50 ਤੋਂ ਵੱਧ ਸਿਖਾਂਦਰੂ ਤੇ ਲਿਖ ਰਹੇ ਗ਼ਜ਼ਲਕਾਰਾਂ ਨੂੰ ਸਮਝਾਉਂਦਾ ਵੀ ਹੈ, ਸਿਖਾਉਂਦਾ ਵੀ ਹੈ। ਕਿਣਮਿਣ ਦੀ ਸ਼ਾਇਰੀ ਸ਼ਿਅਰਾਂ ਵਿਚਲੇ ਵਿਸ਼ਿਆਂ ਦੀ ਚੋਣ ਅਤੇ ਨਿਭਾਅ ਕਰ ਕੇ ਬੇਮਿਸਾਲ ਹੈ। ਸੰਗ੍ਰਹਿ ਵਿਚ ਹਰ ਰੰਗ ਦੇ ਸ਼ਿਅਰ ਦਰਜ ਹਨ। ਇਨ੍ਹਾਂ ਸ਼ਿਅਰਾਂ ਦਾ ਦਾਇਰਾ ਪਿਆਰ-ਮੁਹੱਬਤ ਤੋਂ ਅਗਾਂਹ ਟੱਪ ਕੇ ਲੋਕ ਦਰਦ ਦੀ ਤਰਜਮਾਨੀ ਬਣਿਆ ਹੈ। ਗੁਰਦਿਆਲ ਦੇ ਸ਼ਿਅਰ ਲੁੱਟੇ-ਪੁੱਟੇ, ਸ਼ੋਸ਼ਿਤ, ਵਿਸੰਗਤੀਆਂ ਤੇ ਅਨਿਆਂ ਨਾਲ ਲਤਾੜੇ ਲੋਕਾਂ ਦੀ ਪੀੜ, ਤਣਾਅ ਤੇ ਬੇਵਸੀ ਦੀ ਆਵਾਜ਼ ਬਣਦੇ ਹਨ। ਉਨ੍ਹਾਂ ਲਈ ਰਾਹ ਦਸੇਰਾ ਬਣਦੇ ਹਨ। ਆਮ ਕਿਰਤੀ, ਕਾਮੇ, ਕਿਸਾਨ ਲੋਕ ਇਨ੍ਹਾਂ ਗ਼ਜ਼ਲਾਂ ਦੇ ਨਾਇਕ ਹਨ। ਸ਼ਾਇਰ ਨੇ ਇੰਨੀ ਰਵਾਨੀ, ਸਹਿਜਤਾ, ਸੰਜਮਤਾ ਅਤੇ ਸਾਰਥਕ ਪ੍ਰਤੀਕਾਂ ਬਿੰਬਾਂ ਰਾਹੀਂ ਉਨ੍ਹਾਂ ਨੂੰ ਪੇਸ਼ ਕੀਤਾ ਹੈ ਕਿ ਇਨ੍ਹਾਂ ਨੂੰ ਪੜ੍ਹ ਉਹ ਪਾਠਕ ਅਸਾਨੀ ਨਾਲ ਟੁੰਬਿਆ ਜਾਂਦਾ ਹੈ, ਜਿਸ ਦੀ ਗੱਲ ਇਨ੍ਹਾਂ ਗ਼ਜ਼ਲਾਂ ਵਿਚ ਕੀਤੀ ਗਈ ਹੈ ਅਤੇ ਗ਼ਜ਼ਲਾਂ ਰਾਹੀਂ ਸਿੱਧਾ ਸੰਦੇਸ਼ ਉਨ੍ਹਾਂ ਦੇ ਦਿਲ ਵਿਚ ਉਤਰਦਾ ਹੈ। ਉਂਜ ਕਿਣਮਿਣ ਵਿਚ ਦਰਜ ਹਰੇਕ ਸ਼ਿਅਰ ਹੀ ਆਪਣੇ ਆਪ ਵਿਚ ਮੁਕੰਮਲ ਅਤੇ ਸਾਰਥਕ ਸੁਨੇਹਾ ਦੇਣ ਵਾਲਾ ਹੈ ਫਿਰ ਵੀ ਕੁਝ ਵੰਨਗੀਆਂ ਪੇਸ਼ ਹਨ-

*ਹਰ ਜੁਗਨੂੰ ਤੇ ਹਰ ਤਿਤਲੀ ਦੀ*
*ਆਪਣੀ-ਆਪਣੀ ਹੱਡ ਬੀਤੀ ਹੈ*
*ਏਧਰ ਔੜ ਮੁਹੱਬਤ ਦੀ ਹੈ ਉਧਰ*
*ਸਾਂਝੀ ਕਿਣਮਿਣ ਕਿਣਮਿਣ।*

ਪੰਜਾਬੀ ਗ਼ਜ਼ਲ ਪਾਠਕਾਂ ਲਈ ਕਿਣਮਿਣ ਇਕ ਖ਼ੂਬਸੂਰਤ ਤੋਹਫ਼ਾ ਹੈ ਜਿਸ ਪੜ੍ਹਿਆ ਜਾਣਾ ਚਾਹੀਦਾ ਹੈ।



ਪੰਜਾਬੀ ਕਾਵਿ ਦੇ ਭੁੱਲੇ ਵਿਸਰੇ ਦੋ ਸਤਰੀ ਰੂਪ 'ਦੋਹਾ' ਨੂੰ ਮੁੜ ਸੁਰਜੀਤ ਕਰਨ ਅਤੇ ਦੋਹਾਕਾਰੀ ਲਈ ਢੁੱਕਵੀਂ ਜ਼ਮੀਨ ਤਿਆਰ ਕਰਨ ਵਿਚ ਉੱਘਾ ਯੋਗਦਾਨ ਪਾਉਣ ਵਾਲੇ ਹਰਮਿੰਦਰ ਸਿੰਘ ਕੋਹਾਰਵਾਲਾ ਨੇ ਦੂਸਰਾ ਦੋਹਾ ਸੰਗ੍ਰਹਿ 'ਮਾਲੀ ਮਿਲੇ ਮਕਾਰ' ਪਾਠਕਾਂ ਦੇ ਰੂਬਰੂ ਕੀਤਾ ਹੈ। ਇਸ ਤੋਂ ਪਹਿਲਾਂ 'ਸ਼ਬਦ ਬਾਣ' ਦੋਹਾ ਸੰਕਲਨ ਰਾਹੀਂ ਵੀ ਨਿੱਗਰ ਹਾਜ਼ਰੀ ਲਗਵਾ ਚੁੱਕੇ ਕੋਹਾਰਵਾਲਾ ਨੇ ਕਾਵਿ ਸੰਗ੍ਰਹਿ ਅਤੇ ਗ਼ਜ਼ਲ ਸੰਗ੍ਰਹਿ ਵੀ ਪਾਠਕਾਂ ਦੇ ਸਨਮੁਖ ਪੇਸ਼ ਕੀਤੇ ਹਨ।

ਜਿਵੇਂ ਭਗਤ ਕਬੀਰ ਅਤੇ ਬਾਬਾ ਫਰੀਦ ਵਰਗਿਆਂ ਨੇ ਆਪਣੀਆਂ ਨਸੀਹਤਾਂ, ਉਪਦੇਸ਼ ਅਤੇ ਸੁਨੇਹੇ-ਸਿੱਖਿਆਵਾਂ ਇਸ ਕਟਾਖਸ਼ ਕਰਦੀ ਨਸ਼ਤਰ ਵਰਗੀ ਵਿਧਾ ਨੂੰ ਅਪਣਾਇਆ ਸੀ ਉਸ ਤਰਜ਼ 'ਤੇ ਅਪਣਾ ਲਿਆ। ਉਸੇ ਤਰਜ਼ 'ਤੇ ਹਰਮਿੰਦਰ ਸਿੰਘ ਕੋਹਾਰਵਾਲਾ ਨੇ ਵੀ ਸਮਾਜ ਦੀ ਹਰੇਕ ਦੁਖਦੀ ਰਗ਼ 'ਤੇ ਉਂਗਲ ਧਰਦਿਆਂ ਦੋਹੇ ਲਿਖੇ ਹਨ। ਕੋਹਾਰਵਾਲਾ ਨੇ ਆਪਣੇ ਦੋਹਿਆਂ ਵਿਚ ਸਮਾਜਕ ਕੁਰੀਤੀਆਂ ਵਿਰੁੱਧ ਆਵਾਜ਼ ਬੁਲੰਦ ਕਰਨ, ਸਾਧਾਂ ਦੇ ਪਰਪੰਚਾਂ ਤੇ ਪਖੰਡਵਾਦ ਨੂੰ ਬੇਪਰਦਾ ਕਰਨ, ਅੱਜ ਦੀ ਰਾਜਨੀਤੀ ਦੇ ਨਿਘਾਰ ਨੂੰ ਉਜਾਗਰ ਕਰਨ, ਕਿਸਾਨਾਂ ਦੀ ਲੁੱਟ ਤੇ ਜਲਾਲਤ, ਸ਼ਹਿਰੀਕਰਣ ਹੇਠ ਰਿਸ਼ਤਿਆਂ ਦਾ ਘਾਣ, ਨਸ਼ਿਆਂ ਦੀ ਦਲਦਲ ਵਿਚ ਧਸਦਾ ਜਾਂਦਾ ਪੰਜਾਬ, ਸਰਕਾਰੇ ਦਰਬਾਰੇ ਆਮ ਵਿਅਕਤੀ ਦੀ ਲੁੱਟ, ਧੀਆਂ ਦੀ ਬੇਕਦਰੀ ਤੇ ਬੇਪੱਤੀ, ਗੱਲ ਕਿ ਜ਼ਿੰਦਗੀ ਦੇ ਹਰੇਕ ਪੱਖ, ਸਰੋਕਾਰ ਅਤੇ ਪਹਿਲੂ ਨੂੰ ਸਰਲ, ਸਹਿਜ, ਤੇ ਸਟੀਕ ਸ਼ਬਦਾਂ ਰਾਹੀਂ ਪੇਸ਼ ਕਰ ਕੇ ਅਜੋਕੀ ਵਿਵਸਥਾ 'ਤੇ ਤਿੱਖਾ ਵਾਰ ਕੀਤਾ ਹੈ। ਵੰਨਗੀ ਵਜੋਂ ਰਾਜਨੇਤਾਵਾਂ 'ਤੇ ਕਟਾਖਸ਼ ਕਰਦਾ ਦੋਹਾਕਾਰ ਕਹਿੰਦਾ ਹੈ :

*ਬਾਗ਼ੀਂ ਮਿਲੇ ਬਹਾਰ ਕੀ,*
*ਮਾਲੀ ਮਿਲੇ ਮਕਾਰ*
*ਖ਼ੁਦ ਹੀ ਧਰਤ ਸੁਆਰੀਏ,*
*ਖ਼ੁਦ ਹੀ ਚੁਣੀਏ ਖ਼ਾਰ।*

ਇਹ ਦੋਹਾ ਸੰਗ੍ਰਹਿ ਨਿਸ਼ਚਿਤ ਤੌਰ 'ਤੇ ਪੰਜਾਬੀ ਦੋਹਾਕਾਰੀ ਵਿਚ ਗੁਣਾਤਮਕ ਵਾਧਾ ਕਰੇਗਾ ਅਤੇ ਇਸ ਕਾਵਿ ਰੂਪ ਨੂੰ ਹਰਮਨ ਪਿਆਰਾ ਬਣਾਉਣ ਵਿਚ ਅਹਿਮ ਭੂਮਿਕਾ ਅਦਾ ਕਰੇਗਾ।



ਪੰਜਾਬੀ ਗੀਤਕਾਰੀ ਦੇ ਮੁੱਢਲੇ ਗੀਤਕਾਰਾਂ ਵਿੱਚੋਂ ਇਕ ਸਿਰਕੱਢ ਗੀਤਕਾਰ ਲਾਲ ਸਿੰਘ ਲਾਲੀ ਦੇ ਗੀਤਾਂ ਦੀ ਚੌਥੀ ਪੁਸਤਕ 'ਗੀਤਾਂ ਦੀ ਮਹਿਕ' ਪਾਠਕਾਂ/ਸਰੋਤਿਆਂ ਤੀਕ ਪੁੱਜੀ ਹੈ। ਲਾਲੀ ਇਕ ਅਜਿਹਾ ਗੀਤਕਾਰ ਹੈ ਜਿਸ ਨੂੰ ਪੰਜਾਬੀ ਦੇ ਬਹੁਤ ਹੀ ਹਰਮਨ ਪ੍ਰਸਿੱਧ ਗਾਇਕਾਂ ਨੇ ਆਵਾਜ਼ ਦਿੱਤੀ ਹੈ। ਹੱਥਲੇ ਸੰਗ੍ਰਹਿ 'ਚ 132 ਗੀਤ ਦਰਜ ਹਨ।

ਗੀਤਕਾਰ ਸਮਾਜਕ, ਧਾਰਮਿਕ, ਸੱਭਿਆਚਾਰਕ, ਆਰਥਿਕ ਤੇ ਰਾਜਨੀਤਕ ਹਰ ਤਰ੍ਹਾਂ ਦੇ ਵਰਤਾਰੇ ਨੂੰ ਸਮਝਦਾ ਤੇ ਸੋਚਦਾ ਹੈ। ਫਿਰ ਉਸ ਵਿਚਲੀਆਂ ਵਿਸੰਗਤੀਆਂ, ਵਿਕ੍ਰਤੀਆਂ, ਪਾੜਿਆਂ ਨੂੰ ਆਪਣੇ ਗੀਤਾਂ ਰਾਹੀਂ ਲੈਅਾਤਮਕ ਅਤੇ ਸੁਹਜਾਤਮਕ ਢੰਗ ਨਾਲ ਸਰੋਦੀ ਸੁਰਾਂ ਵਿਚ ਆਮ-ਓ-ਖ਼ਾਸ ਲੋਕਾਂ ਦੇ ਮਨਾਂ ਤੀਕ ਪਹੁੰਚਾਉਂਦਾ ਹੈ। ਗੀਤਕਾਰ ਲਾਲੀ ਦੇ ਗੀਤ ਜਿੱਥੇ ਮਨੁੱਖੀ ਸੰਵੇਦਨਾ ਦੀ ਤਰਜਮਾਨੀ ਕਰਦੇ ਹਨ ਉੱਥੇ ਸਮਾਜਕ ਰਿਸ਼ਤਿਆਂ ਦੀ ਮਿਠਾਸ, ਮਨੁੱਖੀ ਭਾਵਨਾਤਮਕ ਵਰਤਾਰਾ ਪੰਜਾਬ ਅਤੇ ਦੇਸ਼ ਦੀ ਮਿੱਟੀ ਨਾਲ ਸਬੰਧਾਂ ਦਾ ਤਾਣਾ ਬਾਣਾ, ਜੀਵਨ ਅਤੇ ਧਾਰਮਿਕ ਪਖੰਡ ਤੇ ਅਡੰਬਰਵਾਦ, ਮਨੁੱਖੀ ਅਣਖ, ਗ਼ਰੀਬ-ਮਜ਼ਦੂਰਾਂ ਦੀ ਹੋਣੀ, ਨਸ਼ੇ, ਔਰਤ ਦੀ ਦੁਰਦਸ਼ਾ ਅਤੇ ਉਸ ਦੇ ਅਸਤਿਤਵ 'ਤੇ ਮੰਡਰਾਉਂਦਾ ਖ਼ਤਰਾ, ਮਾਪਿਆਂ ਪ੍ਰਤੀ ਸੰਤਾਨ ਦਾ ਦੁਰਵਿਵਹਾਰ, ਲੀਡਰਾਂ ਦੇ ਲਾਰੇ ਤੇ ਲੋਟੂ ਵਤੀਰਾ, ਪਰਿਵਾਰਕ ਟੁੱਟ-ਭੱਜ ਤੇ ਉਸ ਤੋਂ ਉਪਜਿਆ ਦਰਦ ਆਦਿ ਨੂੰ ਆਪਣੇ ਗੀਤਾਂ ਦਾ ਵਿਸ਼ਾ ਬਣਾਇਆ ਹੈ। ਪਖੰਡੀ ਸਾਧਾਂ 'ਤੇ ਕਟਾਖਸ਼ ਕਰਦੇ ਗੀਤ ਦੀਆਂ ਹੇਠਲੀਆਂ ਸਤਰਾਂ ਵੰਨਗੀ ਵਜੋਂ ਪੇਸ਼ ਹਨ :

*ਅੱਜ ਇੱਥੇ, ਕੱਲ੍ਹ ਉੱਥੇ,*
*ਰਹੇ ਬਦਲਦਾ ਅੱਡੇ*
*ਜਾ ਕੇ ਢੇਰੀ ਕਰ ਦੇਵੇਂ,*
*ਭਰੇ ਭਰਮਾਂ ਦੇ ਗੱਡੇ*
*ਲਾਵੇ ਜੀਭ ਨਾ ਬਰੇਕ,*
*ਗਾਵੇ ਆਪਣਾ ਹੀ ਗਾਣਾ*
*ਚੋਰ ਅੱਖ ਨਾਲ ਝਾਕੇ,*
*ਪਾ ਕੇ ਸਾਧਾਂ ਵਾਲਾ ਬਾਣਾ।*

ਸਿਹਤਮੰਦ ਸਮਾਜ ਲਈ ਹੋਕਾ ਦਿੰਦੇ ਗੀਤਾਂ ਦੀ ਸਿਰਜਣਾ ਲਈ ਲਾਲੀ ਅੱਧੀ ਸਦੀ ਤੋਂ ਸਰੋਤਿਆਂ ਦਾ ਚਹੇਤਾ ਬਣਿਆ ਹੋਇਆ ਹੈ। ਇਹ ਉਪਲਬਧੀ ਕਿਸੇ-ਕਿਸੇ ਨੂੰ ਨਸੀਬ ਹੁੰਦੀ ਹੈ।

**• ਧਰਮਪਾਲ ਸਾਹਿਲ**



# ਕਿਸਾਨ ਘਰ ਬੈਠੇ ਮੋਬਾਈਲ ਫੋਨ ਰਾਹੀਂ ਆਸਾਨੀ ਨਾਲ ਬੁੱਕ ਕਰ ਸਕਦੇ ਹਨ CRM ਮਸ਼ੀਨਾਂ: ਖੁੱਡੀਆਂ

**ਕੌਮੀ ਪਤ੍ਰਿਕਾ**

ਚੰਡੀਗੜ੍ਹ 6 ਅਕਤੂਬਰ। ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 'ਉੱਨਤ ਕਿਸਾਨ' ਮੋਬਾਈਲ ਐਪ 'ਤੇ 85000 ਤੋਂ ਵੱਧ ਇਨ-ਸੀਟੂ ਅਤੇ ਐਕਸ-ਸੀਟੂ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਾਂ ਦੀ ਮੈਪਿੰਗ ਕੀਤੀ ਗਈ ਹੈ। ਦੱਸਣਯੋਗ ਹੈ ਕਿ ਇਹ ਮੋਬਾਇਲ ਐਪ ਇਕ ਵਨ-ਸਟਾਪ ਪਲੇਟਫਾਰਮ ਹੈ ਜੋ ਟਿਕਾਊ ਖੇਤੀਬਾੜੀ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਅਤੇ ਹਵਾ ਪ੍ਰਦੂਸ਼ਣ ਨੂੰ ਘਟਾਉਣ ਲਈ ਛੋਟੇ ਤੇ ਸੀਮਾਂਤ ਕਿਸਾਨਾਂ ਤੱਕ ਇਨ੍ਹਾਂ ਅਤਿ-ਆਧੁਨਿਕ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਾਂ ਦੀ ਪਹੁੰਚ ਨੂੰ ਹੋਰ ਆਸਾਨ ਬਣਾਉਣ ਲਈ ਤਿਆਰ ਕੀਤੀ ਗਈ ਹੈ। ਇਸ ਪ੍ਰਮੁੱਖ ਡਿਜੀਟਲ ਪਹਿਲਕਦਮੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਖੁੱਡੀਆਂ ਨੇ ਦੱਸਿਆ ਕਿ ਇਹ ਪਹਿਲਕਦਮੀ ਕਿਸਾਨਾਂ ਨੂੰ ਆਪਣੇ ਘਰ ਬੈਠੇ ਹੀ ਆਪਣੇ ਮੋਬਾਈਲ ਫੋਨਾਂ ਰਾਹੀਂ ਸੀ.ਆਰ.ਐਮ. ਮਸ਼ੀਨਾਂ ਨੂੰ ਆਸਾਨੀ ਨਾਲ ਬੁੱਕ ਕਰਨ ਦੀ ਸਹੂਲਤ ਦਿੰਦੀ ਹੈ। ਹਰੇਕ ਮਸ਼ੀਨ ਨੂੰ ਕਾਸ਼ਤਯੋਗ ਜ਼ਮੀਨੀ ਦੇ ਖੇਤਰ ਮੁਤਾਬਕ ਜੀਓ-ਟੈਗ ਕੀਤਾ ਜਾਂਦਾ ਹੈ, ਜਿਸ ਨਾਲ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਗਤੀਵਿਧੀਆਂ ਦੀ ਨਿਗਰਾਨੀ ਤੇ ਦਸਤਾਵੇਜ਼ੀਕਰਨ ਦੀ ਸਹੂਲਤ ਮਿਲਦੀ ਹੈ। ਖੇਤੀਬਾੜੀ ਮੰਤਰੀ ਨੇ ਇਸ ਐਪ ਦੇ ਮਜ਼ਬੂਤ ਈਕੋਸਿਸਟਮ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਇਸ 'ਚ 5,000 ਤੋਂ ਵੱਧ ਪਿੰਡ ਪੱਧਰੀ ਫੈਸਿਲੀਟੇਟਰ (ਵੀ.ਐਲ.ਐਫਜ਼) ਤੇ ਕਲੱਸਟਰ ਅਫਸਰ (ਸੀ.ਓਜ਼) ਸ਼ਾਮਲ ਹਨ ਜੋ ਕਿਸਾਨਾਂ ਨੂੰ ਜ਼ਮੀਨੀ ਪੱਧਰ 'ਤੇ ਸਹਾਇਤਾ ਪ੍ਰਦਾਨ ਕਰਨ ਤੋਂ ਇਲਾਵਾ ਗਤੀਵਿਧੀਆਂ ਦੀ ਨਿਗਰਾਨੀ ਕਰਨਗੇ। ਇਹ ਪਲੇਟਫਾਰਮ ਸੀ.ਆਰ.ਐਮ. ਮਸ਼ੀਨਾਂ ਦੇ ਪ੍ਰਾਈਵੇਟ ਮਾਲਕਾਂ ਨੂੰ ਆਪਣੇ ਉਪਕਰਣਾਂ ਨੂੰ ਰਜਿਸਟਰ ਕਰਨ ਦੀ ਸਹੂਲਤ ਵੀ ਪ੍ਰਦਾਨ ਕਰਦਾ ਹੈ ਤਾਂ ਜੋ ਮਸ਼ੀਨਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਭਾਈਚਾਰਕ ਸਹਾਇਤਾ ਲਈ, ਵੀ.ਐਲ.ਐਫਜ਼ ਕਿਸਾਨਾਂ ਲਈ ਆਪ ਵੀ ਮਸ਼ੀਨਾਂ ਬੁੱਕ ਕਰ ਸਕਦੇ ਹਨ ਤਾਂ ਜੋ ਕੋਈ ਵੀ ਕਿਸਾਨ ਇਸ ਸਹੂਲਤ ਤੋਂ ਵਾਂਝਾ ਨਾ ਰਹੇ। ਗੁਰਮੀਤ ਸਿੰਘ ਖੁੱਡੀਆਂ ਨੇ ਇਸ ਐਪ ਦੇ ਬੈਕਐਂਡ ਬਾਰੇ ਜਾਣਕਾਰੀ ਦਿੱਤੀ, ਜਿਸ 'ਚ ਇਕ ਰੀਅਲ-ਟਾਈਮ ਡੈਸ਼ਬੋਰਡ ਹੈ ਜੋ ਮਸ਼ੀਨ ਦੀ ਵਰਤੋਂ ਅਤੇ ਫੀਲਡ ਅਫਸਰਾਂ ਦੀਆਂ ਗਤੀਵਿਧੀਆਂ ਦੀ ਸਟੀਕ ਨਿਗਰਾਨੀ ਨੂੰ ਸਮਰੱਥ ਬਣਾਉਂਦਾ ਹੈ। ਇਹ ਜਵਾਬਦੇਹੀ, ਸਮੱਸਿਆਵਾਂ ਦੇ ਤੁਰੰਤ ਹੱਲ ਤੇ ਅਨੁਕੂਲ ਸਰੋਤ ਯਕੀਨੀ ਬਣਾਉਂਦਾ ਹੈ ਤੇ ਵਾਢੀ ਦੇ ਮਹੱਤਵਪੂਰਨ ਸਮੇਂ ਦੌਰਾਨ ਕਿਸਾਨ ਭਾਈਚਾਰੇ ਲਈ ਲਾਹੇਵੰਦ ਬਣਦਾ ਹੈ। ਸਰੋਤਾਂ ਨੂੰ ਟਰੈਕ ਕਰਨ ਤੇ ਪ੍ਰਬੰਧਨ 'ਚ ਡੈਸ਼ਬੋਰਡ ਦੀ ਪ੍ਰਭਾਵਸ਼ੀਲਤਾ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਪਹਿਲਕਦਮੀਆਂ ਦੀ ਸਮੁੱਚੀ ਕੁਸ਼ਲਤਾ ਵਿੱਚ ਵਾਧਾ



ਕਰਦੀ ਹੈ। ਗੁਰਮੀਤ ਸਿੰਘ ਖੁੱਡੀਆਂ ਨੇ 'ਉੱਨਤ ਕਿਸਾਨ' ਐਪ ਦੇ ਕਿਸਾਨ-ਪੱਖੀ ਡਿਜ਼ਾਈਨ ਦਾ ਹਵਾਲਾ ਦਿੰਦਿਆਂ ਕਿਸਾਨਾਂ ਨੂੰ ਇਸ ਦੀ ਵਰਤੋਂ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਐਪ ਨੇ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਰੀ ਪ੍ਰਾਪਤ ਕਰਨ ਦੀ ਪ੍ਰਕਿਰਿਆ 'ਚ ਬਦਲਾਅ ਲਿਆਉਂਦਿਆਂ ਇਸ ਨੂੰ ਵਧੇਰੇ ਕੁਸ਼ਲ, ਪਾਰਦਰਸ਼ੀ ਅਤੇ ਸੰਮਲਿਤ ਬਣਾਇਆ ਹੈ। ਨੇੜਲੇ ਕਸਟਮ ਹਾਇਰਿੰਗ ਸੈਂਟਰਾਂ ਅਤੇ ਨਿੱਜੀ ਮਸ਼ੀਨ ਮਾਲਕਾਂ ਤੋਂ ਆਸਾਨ ਬੁਕਿੰਗ ਨੂੰ ਯਕੀਨੀ ਬਣਾ ਕੇ ਇਹ ਐਪ ਪਰਾਲੀ ਦੀ ਸੰਭਾਲ ਦਾ ਸਾਇੰਟੀਫਿਕ ਵਿਕਲਪ ਪ੍ਰਦਾਨ ਕਰਦੀ ਹੈ ਤੇ ਪੰਜਾਬ ਸਰਕਾਰ ਦੇ ਵਾਤਾਵਰਨ ਤੇ ਟਿਕਾਊ ਖੇਤੀਬਾੜੀ ਸਬੰਧੀ ਟੀਚਿਆਂ ਦਾ ਸਮਰਥਨ ਕਰਦੀ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਨੇ ਪੰਜਾਬ 'ਚ ਖੇਤੀਬਾੜੀ ਖੇਤਰ ਦੇ ਵਿਕਾਸ 'ਚ 'ਉੱਨਤ ਕਿਸਾਨ' ਐਪ ਦੀ ਅਹਿਮ ਭੂਮਿਕਾ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਇਹ ਐਪ ਕਿਸਾਨਾਂ ਨੂੰ ਸੀ.ਆਰ.ਐਮ. ਮਸ਼ੀਨਰੀ ਤੱਕ ਆਸਾਨ ਪਹੁੰਚ ਪ੍ਰਦਾਨ ਕਰ ਰਹੀ ਹੈ ਤੇ ਸੂਬੇ 'ਚ ਟਿਕਾਊ ਖੇਤੀਬਾੜੀ ਅਭਿਆਸਾਂ ਨੂੰ ਉਤਸ਼ਾਹਿਤ ਕਰ ਰਹੀ ਹੈ। ਉਨ੍ਹਾਂ ਨੇ ਖੇਤੀਬਾੜੀ ਖੇਤਰ ਵਿੱਚ ਭਵਿੱਖੀ ਪ੍ਰਗਤੀ ਲਈ ਇਸ ਦੀ ਡਿਜੀਟਲ ਨੀਂਹ ਨੂੰ ਹੋਰ ਮਜ਼ਬੂਤ ਕਰਨ ਦੀ ਵਚਨਬੱਧਤਾ ਪ੍ਰਗਟਾਈ।

## ਚੰਡੀਗੜ੍ਹ ਦੀ 40 ਸਾਲ ਪੁਰਾਣੀ ਕਾਲੋਨੀ ਢਹਿ-ਢੇਰੀ, ਭਾਰੀ ਗਿਣਤੀ 'ਚ ਪੁਲਸ ਫੋਰਸ ਤਾਇਨਾਤ

ਚੰਡੀਗੜ੍ਹ 6 ਅਕਤੂਬਰ। ਚੰਡੀਗੜ੍ਹ ਦੇ ਸੈਕਟਰ-38 ਵੈਸਟ 'ਚ 40 ਸਾਲ ਪੁਰਾਣੀ ਸ਼ਾਹਪੁਰ ਕਾਲੋਨੀ ਮੰਗਲਵਾਰ ਨੂੰ ਢਹਿ-ਢੇਰੀ ਹੋ ਗਈ ਅਤੇ ਇਸ 'ਤੇ ਪੀਲਾ ਪੰਜਾ ਚਲਾ ਦਿੱਤਾ ਗਿਆ। ਇਸ ਕਾਲੋਨੀ 'ਚ 200 ਤੋਂ ਜ਼ਿਆਦਾ ਪਰਿਵਾਰ ਰਹਿ ਰਹੇ ਸਨ। ਪੁਲਸ ਨੇ ਸੋਮਵਾਰ ਰਾਤ ਨੂੰ ਹੀ ਪੂਰੀ ਕਾਲੋਨੀ ਨੂੰ ਘੇਰ ਲਿਆ ਸੀ ਅਤੇ ਬਿਜਲੀ-ਪਾਣੀ ਦੀ ਸਪਲਾਈ ਕੱਟ ਦਿੱਤੀ ਸੀ। ਸਵੇਰੇ ਬੁਲਡੋਜ਼ਰ ਚੱਲਣ ਦੀ ਕਾਰਵਾਈ ਸ਼ੁਰੂ ਹੋਈ ਤਾਂ ਕੁੱਝ ਲੋਕਾਂ ਵਲੋਂ ਵਿਰੋਧ ਕੀਤਾ ਗਿਆ। ਇੱਥੇ 500 ਤੋਂ ਜ਼ਿਆਦਾ ਪੁਲਸ ਮੁਲਾਜ਼ਮਾਂ ਨੇ ਮੋਰਚਾ ਸੰਭਾਲਿਆ ਹੋਇਆ ਸੀ। ਪ੍ਰਸ਼ਾਸਨ ਵਲੋਂ 450 ਦੇ ਕਰੀਬ ਘਰਾਂ 'ਤੇ ਕਾਰਵਾਈ ਕੀਤੀ ਜਾ ਰਹੀ ਹੈ, ਹਾਲਾਂਕਿ ਜਿਨ੍ਹਾਂ ਘਰਾਂ ਨੂੰ ਅਦਾਲਤ ਤੋਂ ਸਟੇਅ ਮਿਲਿਆ ਹੈ, ਉਨ੍ਹਾਂ ਦੇ ਘਰਾਂ ਨੂੰ ਨਹੀਂ ਢਾਹਿਆ ਜਾ ਰਿਹਾ ਹੈ। ਕਾਲੋਨੀ ਦੇ ਲੋਕਾਂ ਦਾ ਦੋਸ਼ ਹੈ ਕਿ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਗੁੰਮਰਾਹ ਕੀਤਾ ਹੈ ਕਿ ਇੰਡਸਟਰੀਅਲ ਏਰੀਏ 'ਚ ਉਨ੍ਹਾਂ ਨੂੰ ਘਰ ਦਿੱਤੇ ਗਏ ਹਨ, ਜਦੋਂ ਕਿ ਇਹ ਘਰ 40 ਸਾਲ ਪੁਰਾਣੇ ਹਨ ਅਤੇ ਖ਼ਸਤਾਹਾਲ ਸਥਿਤੀ 'ਚ ਹਨ। ਇਨ੍ਹਾਂ ਦੇ ਲੈਂਟਰ ਟੁੱਟ ਚੁੱਕੇ ਹਨ ਅਤੇ ਕੰਧਾਂ 'ਚ ਵੀ ਸੈਲਾਬ?ਹ ਹੈ। ਕਾਲੋਨੀ ਦੇ ਲੋਕਾਂ ਦਾ ਕਹਿਣਾ ਹੈ ਕਿ ਤਿਉਹਾਰਾਂ ਦੇ ਸੀਜ਼ਨ ਦੌਰਾਨ ਇਹ ਕਾਰਵਾਈ ਗਲਤ ਹੈ ਅਤੇ ਪ੍ਰਸ਼ਾਸਨ ਉਨ੍ਹਾਂ ਨੂੰ ਪਰੇਸ਼ਾਨ ਕਰ ਰਿਹਾ ਹੈ।

## ਫਿਰ ਵੱਡੀ ਵਾਰਦਾਤ ਨਾਲ ਕੰਬਿਆ ਪੰਜਾਬ, ਭਰੇ ਬਾਜ਼ਾਰ ਚੱਲੀਆਂ ਗੋਲੀਆਂ

ਮੋਹਾਲੀ 6 ਅਕਤੂਬਰ। ਜ਼ੀਰਕਪੁਰ ਦੇ ਬਿੱਗ ਬਾਜ਼ਾਰ ਚੌਂਕ ਦੇ ਸਾਹਮਣੇ ਸਥਿਤ ਲਾਟਰੀ ਬਾਜ਼ਾਰ 'ਚ ਐਤਵਾਰ ਰਾਤ ਕਿਸੇ ਗੱਲ ਨੂੰ ਲੈ ਕੇ ਦੋ ਧਿਰਾਂ ਵਿਚ ਬਹਿਸ ਹੋ ਗਈ। ਇਸ ਦੌਰਾਨ ਗੱਲ ਇਥੋਂ ਵੱਧ ਗਈ ਕਿ ਇਕ ਵਿਅਕਤੀ ਨੇ ਪਿਸਤੌਲ ਨਾਲ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ 2 ਲੋਕ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਆਲੇ-ਦੁਆਲੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲਣੀ ਸ਼ੁਰੂ ਕਰ ਦਿੱਤੀ ਹੈ। ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਮਾਮਲਾ ਪੈਸਿਆਂ ਦੇ ਲੈਣ ਦੇਣ ਦਾ ਸੀ ਪਰ ਇਹ ਵਿਵਾਦ ਇਨ੍ਹਾਂ ਵੱਧ ਗਿਆ ਕਿ ਗੋਲੀਆਂ ਚਲ ਗਈਆਂ ਅਤੇ 2 ਲੋਕ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਉਧਰ ਜ਼ੀਰਕਪੁਰ ਪੁਲਸ ਦੇ ਐੱਸ.ਪੀ.-ਕਮ-ਡੀ.ਐੱਸ.ਪੀ. ਜਸਪਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਜ਼ਖਮੀਆਂ ਦੇ ਬਿਆਨ ਦਰਜ ਕਰ ਲਏ ਗਏ ਹਨ ਅਤੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਜਾਂਚ ਜਾਰੀ ਹੈ।

## ਅੰਨਾ ਡੋਸਾ ਰੈਸਟੋਰੈਂਟ ਤੇ ਡਾ: ਅੰਮ੍ਰਿਤਪਾਲ ਤੇ ਸਲੂਜਾ ਨੇ ਸਾਂਭਰ ਵੜਾ ਅਤੇ ਡੋਸੇ ਦਾ ਸਵਾਦ ਚਖਿਆ

ਲੁਧਿਆਣਾ 6 ਅਕਤੂਬਰ: ਅੰਨਾ ਡੋਸਾ ਰੈਸਟੋਰੈਂਟ ਤੇ ਸਪੈਸ਼ਲ ਸਵਾਦ ਚੱਖਣ ਲਈ ਸੀਨੀਅਰ ਸਿਟੀਜ਼ਨ ਫਰੈਂਡਜ ਕਲੱਬ ਦੇ ਚੇਅਰਮੈਨ ਹਰਬੰਸ ਸਿੰਘ ਸਲੂਜਾ, ਡਾ: ਅੰਮ੍ਰਿਤਪਾਲ ਸਿੰਘ ਪ੍ਰਧਾਨ ਸੀਨੀਅਰ ਸਿਟੀਜ਼ਨ ਫਰੈਂਡਜ ਕਲੱਬ ਗੋਲ ਮਾਰਕੀਟ ਜਮਾਲਪੁਰ ਵਿਖੇ ਗਏ ਅਤੇ ਸਾਂਭਰ ਵੜਾ ਅਤੇ ਡੋਸੇ ਦਾ ਸਵਾਦ ਚਖਿਆ ਅਤੇ ਕਿਹਾ ਮਦਰਾਸ ਦਾ ਸਵਾਦ ਹੁਣ ਜਮਾਲਪੁਰ ਲੁਧਿਆਣਾ ਵਿੱਚ ਮਿਲਣ ਲੱਗ ਗਿਆ ਹੈ । ਡਾ: ਅੰਮ੍ਰਿਤਪਾਲ ਸਿੰਘ ਅਤੇ ਹਰਬੰਸ ਸਿੰਘ ਸਲੂਜਾ ਨੇ ਰਮੇਸ਼ ਕੁਮਾਰ ਟੀ ਐਨ ਆਰ ਅਤੇ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਕੋਕਿਲਾ ਦੀ ਰੱਜ ਕੇ ਤਾਰੀਫ਼ ਕੀਤੀ। ਤਾਮਿਲਨਾਡੂ ਕੇਰਲ ਤੋਂ ਆ ਕੇ ਪੰਜਾਬ ਵਿੱਚ ਬਿਜਨਸ ਕੀਤਾ ਹੈ। ਦੋਵੇਂ ਬੜੀ ਮਿਹਨਤ ਅਤੇ ਲਗਨ ਨਾਲ ਕੰਮ ਕਰ ਰਹੇ ਹਨ। ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਪਰਮਾਤਮਾ ਇਹਨਾਂ ਨੂੰ ਦਿਨ ਦੁਗਣੀ ਅਤੇ ਰਾਤ ਚੌਗੁਣੀ ਤਰੱਕੀ ਬਖਸ਼ੇ। ਮੈਂ ਪੰਜਾਬੀਆਂ ਨੂੰ ਕਹਿੰਦਾ ਹਾਂ ਕਿ ਕੰਮ ਕਰਨ ਲੱਗਿਆਂ ਕੋਈ ਸ਼ਰਮ ਨਹੀਂ ਕਰਨੀ ਚਾਹੀਦੀ । ਪੰਜਾਬ ਦੀਆਂ ਬਹੁਤ ਸਾਰੀਆਂ ਹੋਮ ਮੇਡ ਟੈਡੀਸ਼ਨਲ ਡਿਸ਼ਾਂ ਹਨ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਕਿਸਾਨ ਮੇਲੇ ਵਿੱਚ ਬਹੁਤ ਸਾਰੀਆ ਪੇਡੂ ਔਰਤਾਂ ਅਤੇ ਮਰਦ ਖੇਤੀ ਦੇ ਨਾਲ-ਨਾਲ ਸਹਾਇਕ ਧੰਦੇ ਕਰਦੇ ਹਨ ।

## ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਘੇਰੀ ਪੰਜਾਬ ਸਰਕਾਰ

ਪਠਾਨਕੋਟ 6 ਅਕਤੂਬਰ। ਪਠਾਨਕੋਟ ਵਿੱਚ ਭਾਜਪਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਵੱਲੋਂ ਇਕ ਪ੍ਰੈਸ ਕਾਨਫ਼ਰੰਸ ਕੀਤੀ ਗਈ, ਜਿਸ ਵਿੱਚ ਉਨ੍ਹਾਂ ਪੰਜਾਬ ਵਿਚ ਆਏ ਹੜ੍ਹਾਂ ਨੂੰ ਲੈ ਕੇ ਪੰਜਾਬ ਸਰਕਾਰ ਨੂੰ ਲੰਮੇ ਹੱਥੀ ਲਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ। ਜਦੋਂ ਸਰਕਾਰਾਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਦੀਆਂ ਹਨ ਤਾਂ ਇਕ ਨਿੰਦਾ ਮਤਾ ਪਾਸ ਕਰਨਾ ਪੈਂਦਾ ਹੈ। ਪੰਜਾਬ ਸਰਕਾਰ ਨੇ ਸਦਨ ਦੀ ਦੁਰਵਰਤੋਂ ਕੀਤੀ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੂੰ 12,000 ਕਰੋੜ ਰੁਪਏ ਦਾ ਹਿਸਾਬ ਦੇਣਾ ਪਵੇਗਾ। ਪੰਜਾਬ ਸਰਕਾਰ ਨੂੰ ਆਫ਼ਤ ਨਾਲ ਨਜਿੱਠਣ ਲਈ ਪੈਸੇ ਦਿੱਤੇ ਸਨ। ਉਹ ਪੈਸੇ



ਪੰਜਾਬ ਦੇ ਪੰਜਾਬੀਆਂ ਲਈ ਆਇਆ ਸੀ, ਜਿਨ੍ਹਾਂ ਦੇ ਖੇਤ ਬਰਬਾਦ ਹੋਏ ਹਨ। ਪਸ਼ੂ ਮਰੇ ਹਨ। 1600 ਕਰੋੜ ਰੁਪਏ ਵਿੱਚੋਂ 805 ਕਰੋੜ ਰੁਪਏ ਪਹਿਲਾਂ ਹੀ ਪ੍ਰਾਪਤ ਹੋ ਚੁੱਕੇ ਹਨ ਪਰ ਉਨ੍ਹਾਂ ਨੇ ਅਜੇ ਤੱਕ ਇਸ ਦਾ ਕੋਈ ਹਿਸਾਬ ਨਹੀਂ ਦਿੱਤਾ ਹੈ। ਉਹ ਸਿਰਫ਼ ਚੁਟਕਲੇ ਹੀ ਸੁਣਾ ਸਕਦੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ 'ਆਪ' ਦੋਵੇਂ ਇਕੋ ਜਿਹੇ ਹਨ, ਉਹ ਸਿਰਫ਼ ਇਕ ਦੂਜੇ 'ਤੇ ਦੋਸ਼ ਲਗਾ ਰਹੇ ਹਨ ਪਰ ਨਤੀਜਾ ਕੁਝ ਨਹੀਂ ਨਿਕਲਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਹੜ੍ਹ ਪ੍ਰਬੰਧਨ ਨੂੰ ਰੋਕਣ ਲਈ ਕਿੰਨੀਆਂ ਮੀਟਿੰਗਾਂ ਕੀਤੀਆਂ ਗਈਆਂ ਹਨ। ਕ੍ਰਿਸ਼ਨ ਕੁਮਾਰ ਸਕੱਤਰ ਨੂੰ ਕਿਉਂ ਬਚਾਇਆ ਜਾ ਰਿਹਾ ਹੈ? ਰਾਵੀ ਵਿੱਚ ਆਇਆ ਹੜ੍ਹ ਕੁਦਰਤੀ ਹੜ੍ਹ ਨਹੀਂ ਹੈ, ਇਸ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਇਹ ਮਨੁੱਖ ਦੁਆਰਾ ਬਣਾਇਆ ਹੜ੍ਹ ਹੈ। ਉਨ੍ਹਾਂ ਨੇ ਬਹੁਤ ਜ਼ਿਆਦਾ ਪਾਣੀ ਛੱਡਿਆ, ਜਿਸ ਕਾਰਨ ਹੜ੍ਹ ਆਇਆ। ਮਾਧੋਪੁਰ ਹੈੱਡ ਵਰਕਸ ਦੇ ਗੇਟ ਤੋੜਨ ਵਾਲੀ ਕੰਪਨੀ ਦਿੱਲੀ ਦੀ ਸੀ ਅਤੇ ਅਜੇ ਤੱਕ ਕਾਲੀ ਸੂਚੀ ਵਿੱਚ ਨਹੀਂ ਪਾਈ ਗਈ ਹੈ। ਉਨ੍ਹਾਂ ਕਿਹਾ ਕਿ ਇਕ ਦੂਜੇ ਨੂੰ ਦੋਸ਼ ਦੇਣ ਦੀ ਬਜਾਏ ਪੰਜਾਬ ਸਰਕਾਰ ਨੂੰ ਕੰਮ ਕਰਨਾ ਚਾਹੀਦਾ ਹੈ। ਸਦਨ ਵਿੱਚ ਹੜ੍ਹਾਂ ਬਾਰੇ ਚਰਚਾ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਆਪਣੇ ਦਿੱਤੇ ਪੈਸੇ ਬਾਰੇ ਦੱਸਿਆ ਹੈ, ਹੁਣ ਤੁਹਾਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਤੁਸੀਂ ਪੰਜਾਬ ਨੂੰ ਵਾਪਸ ਪਟੜੀ 'ਤੇ ਲਿਆਉਣ ਲਈ ਕੀ ਕੀਤਾ ਹੈ ? ਹੁਣ ਉਹ ਝੂਠ ਬੋਲ ਕੇ ਆਪਣਾ ਰਸਤਾ ਨਹੀਂ ਬਣਾਉਣਗੇ, ਉਹ ਸਿਰਫ਼ ਖਾਲੀ ਵਾਅਦੇ ਕਰ ਰਹੇ ਹਨ।

## ਮ੍ਰਿਤਕ ਦੇ ਪਰਿਵਾਰ ਦਾ ਐਲਾਨ ਜਦੋਂ ਤਕ ਨਹੀਂ ਹੁੰਦੀ ਕਾਰਵਾਈ, ਉਦੋਂ ਤਕ ਜਾਰੀ ਰਹੇਗਾ ਧਰਨਾ

ਗੁਰੂਹਰਸਹਾਏ 6 ਅਕਤੂਬਰ। ਬੀਤੇ ਦਿਨੀਂ ਬਸਤੀ ਕੇਸਰ ਸਿੰਘ ਵਾਲੀ ਦੇ ਨੌਜਵਾਨ ਅਮਰਜੀਤ ਸਿੰਘ ਜਿਸਦੀ ਪੰਜਾਬ ਰੋਡਵੇਜ਼ ਦੇ ਬੱਸ ਡਰਾਈਵਰ ਅਤੇ ਕੰਡਕਟਰ ਵੱਲੋਂ ਬੁਰੀ ਤਰ੍ਹਾਂ ਨਾਲ ਮਾਰਕੁੱਟ ਕਰਕੇ ਜ਼ਖਮੀ ਕਰਕੇ ਸੜਕ ਉੱਤੇ ਸੁੱਟ ਦਿੱਤਾ ਸੀ। ਇਸ ਤੋਂ ਬਾਅਦ ਉਸ ਉਪਰੋਂ ਇਕ ਕਾਰ ਲੰਘਣ ਕਰਕੇ ਉਸਦੀ ਮੌਤ ਹੋ ਗਈ ਸੀ। ਪੁਲਸ ਪ੍ਰਸ਼ਾਸਨ ਵੱਲੋਂ ਬਸ ਡਰਾਈਵਰ ਅਤੇ ਕੰਡਕਟਰ ਉਪਰ 304/323 ਧਾਰਾ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਸੀ ਪਰ ਪਰਿਵਾਰ ਪੁਲਸ ਵਲੋਂ ਲਗਾਈ ਗਈ ਇਨ੍ਹਾਂ ਧਾਰਾ ਤੋਂ ਖੁਸ਼ ਨਹੀਂ ਹੈ। ਮ੍ਰਿਤਕ ਨੌਜਵਾਨ ਅਤੇ ਪਰਿਵਾਰ ਨੂੰ ਇਨਸਾਫ ਨਾ ਮਿਲਣ ਕਰਕੇ ਪਰਿਵਾਰ ਵੱਲੋਂ ਇੱਥੇ ਕੱਲ ਤੋਂ ਲਾਈਟਾਂ ਵਾਲੇ ਚੌਂਕ ਵਿਚ ਲਾਸ਼ ਰੱਖ ਕੇ ਧਰਨਾ ਲਗਾਇਆ ਗਿਆ ਅਤੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਜਿੰਨੀ ਦੇਰ ਤੱਕ ਦੋਸ਼ੀਆਂ ਖਿਲਾਫ 302 ਦਾ ਮੁਕੱਦਮਾ ਦਰਜ ਨਹੀਂ ਕੀਤਾ ਜਾਂਦਾ ਉਦੋਂ ਤਕ ਪ੍ਰਦਰਸ਼ਨ ਜਾਰੀ ਰਹੇਗਾ। ਪਰਿਵਾਰ ਉਦੋਂ ਤਕ ਨੌਜਵਾਨ ਦਾ ਅੰਤਿਮ ਸਸਕਾਰ ਨਹੀਂ ਕਰੇਗਾ ਜਦੋਂ ਤਕ ਮੁਲਜ਼ਮਾਂ ਖ਼?ਲਾਫ਼ ਸਖ਼ਤ ਕਾਰਵਾਈ ਨਹੀਂ ਹੁੰਦੀ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਵੱਲੋਂ ਪਰਿਵਾਰ ਨਾਲ ਧਰਨੇ ਵਿਚ ਸ਼ਾਮਲ ਹੋ ਕੇ ਇਨਸਾਫ ਦੀ ਮੰਗ ਕੀਤੀ ਗਈ।

# ਸਿਹਤ ਵਿਭਾਗ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਡੇਂਗੂ ਤੋਂ ਬਚਾਅ ਦੀ ਅਪੀਲ

**ਕੌਮੀ ਪਤ੍ਰਿਕਾ**

ਦੀਨਾਨਗਰ 6 ਅਕਤੂਬਰ। ਸਿਹਤ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਘਰਾਂ ਅਤੇ ਆਲੇ-ਦੁਆਲੇ, ਕਿਤੇ ਵੀ ਪਾਣੀ ਜਮ?ਹਾ ਨਾ ਹੋਣ ਦੇਣ ਅਤੇ ਸਰੀਰ ਨੂੰ ਪੂਰੀ ਤਰ੍ਹਾਂ ਢੱਕਣ ਵਾਲੇ ਕੱਪੜੇ ਪਾਉਣ। ਪੀ.ਐੱਚ.ਸੀ. ਬਹਿਰਾਮਪੁਰ ਦੇ ਐੱਸ.ਐੱਮ.ਓ. ਡਾ. ਰਵਿੰਦਰ ਸਿੰਘ ਮਠਾਰੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਂਗੂ ਜਿਹੇ ਮਾਰੂ ਬੁਖ਼ਾਰ ਤੋਂ ਬਚਾਅ ਲਈ ਸਾਰਿਆਂ ਨੂੰ ਜਾਗਰੂਕ ਹੋਣ ਅਤੇ ਸਾਵਧਾਨੀਆਂ ਵਰਤਣ ਦੀ ਲੋੜ ਹੈ। ਉਨ੍ਹਾਂ ਡੇਂਗੂ ਦੀ ਰੋਕਥਾਮ ਲਈ ਆਮ ਪਬਲਿਕ ਨੂੰ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਲੋਕਾਂ ਦੀ ਮਦਦ ਨਾਲ ਹੀ ਆਪਣੇ ਜ਼ਿਲ੍ਹੇ ਨੂੰ ਡੇਂਗੂ ਮੁਕਤ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਿਹਤ ਵਿਭਾਗ ਡੇਂਗੂ ਦੀ ਰੋਕਥਾਮ ਲਈ ਲਈ ਆਪਣੀ ਪੂਰੀ ਵਾਹ ਲਾ ਰਿਹਾ ਹੈ ਪਰ ਲੋਕਾਂ ਨੂੰ ਵੀ ਇਸ ਮੁਹਿੰਮ ਵਿਚ ਵਿਭਾਗ ਦਾ ਸਾਥ ਦੇਣ ਦੀ ਲੋੜ ਹੈ। ਕਿਸੇ ਤਰ੍ਹਾਂ ਦੀ ਜਾਣਕਾਰੀ ਲਈ ਸਿਹਤ ਵਿਭਾਗ ਦੇ ਹੈਲਪ-ਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਡਾ. ਰਵਿੰਦਰ ਸਿੰਘ ਮਠਾਰੂ ਨੇ ਕਿਹਾ ਕਿ ਜੇ ਕਿਸੇ ਕਾਰਨ ਡੇਂਗੂ ਬੁਖ਼ਾਰ ਹੋ ਜਾਂਦਾ ਹੈ ਤਾਂ ਘਬਰਾਉਣ ਦੀ ਲੋੜ ਨਹੀਂ। ਮਰੀਜ਼ ਨੂੰ ਸਰਕਾਰੀ ਸਿਹਤ ਸੰਸਥਾ ਵਿਚ ਲਿਆਂਦਾ ਜਾਵੇ ਜਿੱਥੇ ਡੇਂਗੂ ਦਾ ਟੈੱਸਟ ਅਤੇ ਇਲਾਜ ਬਿਲਕੁਲ ਮੁਫ਼ਤ ਹੈ। ਉਨ੍ਹਾਂ ਆਖਿਆ ਕਿ ਆਮ ਤੌਰ 'ਤੇ ਹਰ ਕਿਸਮ ਦੇ ਬੁਖ਼ਾਰ ਦੌਰਾਨ ਸਰੀਰ ਵਿਚਲੇ ਪਲੇਟਲੈੱਟਸ ਘੱਟ ਜਾਂਦੇ ਹਨ। ਬੱਕਰੀ ਦਾ ਦੁੱਧ, ਕੀਵੀ ਫਲ ਜਾਂ ਨਾਰੀਅਲ ਦਾ ਪਾਣੀ ਵਿਸ਼ੇਸ਼ ਤੌਰ 'ਤੇ



ਪਲੇਟਲੈੱਟਸ ਵਧਾਉਣ ਵਿਚ ਸਹਾਈ ਨਹੀਂ ਹੁੰਦੇ। ਮਰੀਜ਼ ਤਰਲ ਪਦਾਰਥਾਂ ਜਿਵੇਂ ਪਾਣੀ, ਜੂਸ, ਨਿੰਬੂ ਪਾਣੀ, ਨਾਰੀਅਲ ਪਾਣੀ ਆਦਿ ਦਾ ਵੱਧ ਤੋਂ ਵੱਧ ਸੇਵਨ ਕਰੇ ਅਤੇ ਆਰਾਮ ਕਰੇ। ਰੋਜ਼ਾਨਾ ਘੱਟੋ-ਘੱਟ ਦੋ ਲੀਟਰ ਪਾਣੀ ਦਾ ਸੇਵਨ ਕੀਤਾ ਜਾਵੇ ਜੋ ਆਮ ਤੰਦਰੁਸਤ ਵਿਅਕਤੀ ਲਈ ਵੀ ਫ਼ਾਇਦੇਮੰਦ ਹੁੰਦਾ ਹੈ। ਤਰਲ ਪਦਾਰਥ ਜਿੱਥੇ ਸਰੀਰ ਵਿਚ ਪਾਣੀ ਦੀ ਕਮੀ ਨਹੀਂ ਹੋਣ ਦਿੰਦੇ, ਉੱਥੇ ਸਰੀਰ ਨੂੰ ਜ਼ਰੂਰੀ ਪੋਸ਼ਕ ਵੀ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਲੋਕਾਂ ਨੂੰ ਇਸ ਬਿਮਾਰੀ ਤੋਂ ਬਚਾਉਣ ਅਤੇ ਇਸ ਦੇ ਫੈਲਾਅ ਨੂੰ ਰੋਕਣ ਲਈ ਪੂਰੀ ਤਰ੍ਹਾਂ ਡਟੀਆਂ ਹੋਈਆਂ ਹਨ। ਇਹ ਟੀਮਾਂ ਉੱਚ ਜੋਖ਼ਮ ਵਾਲੇ ਖੇਤਰਾਂ ਅਤੇ ਹੋਰ ਖੇਤਰਾਂ ਵਿਚ ਜਾ ਕੇ ਜਾਂਚ ਦਾ ਕੰਮ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪਿੰਡਾਂ ਅਤੇ ਸ਼ਹਿਰਾਂ ਵਿਚ ਜਾਂਚ ਤੇ ਜਾਗਰੂਕਤਾ ਮੁਹਿੰਮ ਜੰਗੀ ਪੱਧਰ 'ਤੇ ਚੱਲ ਰਹੀ ਹੈ। ਡਾ. ਰਵਿੰਦਰ ਸਿੰਘ ਨੇ ਦੱਸਿਆ ਕਿ ਡੇਂਗੂ ਇਕ ਬੁਖ਼ਾਰ ਹੈ ਜੋ ਏਡੀਜ਼ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਡੇਂਗੂ ਦੇ ਆਮ ਲੱਛਣਾਂ ਵਿਚ ਤੇਜ਼ ਸਿਰਦਰਦ ਅਤੇ ਤੇਜ਼ ਬੁਖ਼ਾਰ, ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ, ਅੱਖ ਦੇ ਪਿਛਲੇ ਹਿੱਸੇ ਵਿਚ ਦਰਦ, ਹਾਲਤ ਖ਼ਰਾਬ ਹੋਣ 'ਤੇ ਨੱਕ, ਮੂੰਹ ਅਤੇ ਮਸੂੜ੍ਹਿਆਂ ਵਿਚੋਂ ਖ਼ੂਨ ਵਗਣਾ, ਜੀ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਆਦਿ ਸ਼ਾਮਲ ਹਨ। ਡੇਂਗੂ ਫੈਲਾਉਣ ਵਾਲੇ ਮੱਛਰ ਖੜ੍ਹੇ ਸਾਫ਼ ਪਾਣੀ ਵਿਚ ਪਲਦੇ ਹਨ ਜਿਵੇਂ ਕੂਲਰਾਂ, ਪਾਣੀ ਦੀਆਂ ਟੈਂਕੀਆਂ, ਫੁੱਲਾਂ ਦੇ ਗਮਲਿਆਂ, ਫ਼ਰਿਜਾਂ ਪਿੱਛੇ ਲੱਗੀ ਟਰੇਅ, ਟੁੱਟੇ-ਭੱਜੇ ਸੁੱਟੇ ਭਾਂਡਿਆਂ ਅਤੇ ਖ਼ਾਲੀ ਪਏ ਟਾਇਰਾਂ ਅਤੇ ਪਾਣੀ ਵਾਲੇ ਢੋਲਾਂ ਆਦਿ ਵਿਚ। ਇਨ੍ਹਾਂ ਵਿਚ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ।

# ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਗੁਰਦਾਸਪੁਰ ਦਾਣਾ ਮੰਡੀ 'ਚ ਝੋਨੇ ਦੀ ਖਰੀਦ ਦਾ ਲਿਆ ਜਾਇਜ਼ਾ

**ਕੌਮੀ ਪਤ੍ਰਿਕਾ**

ਗੁਰਦਾਸਪੁਰ 6 ਅਕਤੂਬਰ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਝੋਨੇ ਦੀ ਖਰੀਦ ਲਈ ਰਾਜ ਭਰ ਵਿੱਚ 1822 ਖਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ ਅਤੇ ਸਾਰੀਆਂ ਹੀ ਮੰਡੀਆਂ ਵਿੱਚ 16 ਸਤੰਬਰ ਤੋਂ ਝੋਨੇ ਦੀ ਖਰੀਦ ਨਿਰਵਿਘਨ ਜਾਰੀ ਹੈ। ਇਹ ਪ੍ਰਗਟਾਵਾ ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਗੀ ਲਾਲ ਚੰਦ ਕਟਾਰੂਚੱਕ ਨੇ ਅੱਜ ਦਾਣਾ ਮੰਡੀ ਗੁਰਦਾਸਪੁਰ ਵਿਖੇ ਝੋਨੇ ਦੀ ਖ਼ਰੀਦ ਦਾ ਜਾਇਜ਼ਾ ਲੈਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਗੁਰਦਾਸਪੁਰ ਦੇ ਹਲਕਾ ਇੰਚਾਰਜ ਰਮਨ ਬਹਿਲ, ਵਧੀਕ ਡਿਪਟੀ ਕਮਿਸ਼ਨਰ ਜਨਰਲ ਡਾ. ਹਰਜਿੰਦਰ ਸਿੰਘ ਬੇਦੀ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਹੁਣ ਤੱਕ ਰਾਜ ਭਰ ਦੀਆਂ ਮੰਡੀਆਂ ਵਿੱਚ 4.21 ਲੱਖ ਮੀਟਰਿਕ ਟਨ ਝੋਨਾ ਆਇਆ ਹੈ ਜਿਸ ਵਿੱਚੋਂ 4 ਲੱਖ ਮੀਟਰਿਕ ਟਨ ਖ਼ਰੀਦਿਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਮੰਡੀਆਂ ਵਿਚ ਖ਼ਰੀਦੇ ਗਏ ਝੋਨੇ ਦੀ ਨਾਲੋ-ਨਾਲ ਲਿਫ਼ਟਿੰਗ ਕੀਤੀ ਜਾ ਰਹੀ ਹੈ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਤਹਿਤ ਕਿਸਾਨਾਂ ਨੂੰ 24 ਘੰਟੇ ਵਿੱਚ ਅਦਾਇਗੀ ਯਕੀਨੀ ਬਣਾਈ ਜਾ ਰਹੀ ਹੈ। ਉਹਨਾਂ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਕਿਸਾਨਾਂ ਨੂੰ 721 ਕਰੋੜ ਰੁਪਏ ਝੋਨੇ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਕੇਂਦਰੀ ਪੂਲ ਵਿੱਚ 172 ਲੱਖ ਮੀਟਰਕ ਟਨ ਝੋਨੇ ਦਾ ਟਾਰਗੇਟ ਪੰਜਾਬ ਨੂੰ ਦਿੱਤਾ ਗਿਆ ਹੈ ਅਤੇ ਸਾਨੂੰ ਪੂਰੀ ਉਮੀਦ ਹੈ ਕਿ ਹੜਾਂ ਦੇ ਬਾਵਜੂਦ ਵੀ ਸੂਬਾ ਪੰਜਾਬ ਆਪਣੇ ਇਸ ਟਾਰਗੇਟ ਨੂੰ ਪੂਰਾ ਕਰ ਲਵੇਗਾ। ਉਹਨਾਂ ਕਿਹਾ ਕਿ ਸੂਬਾ ਸਰਕਾਰ ਨੂੰ 27 ਹਜਾਰ ਕਰੋੜ ਰੁਪਏ ਦੀ ਸੀਸੀਐਲ ਵੀ ਜਾਰੀ ਹੋ ਚੁੱਕੀ ਹੈ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸੂਬੇ ਦੀਆਂ ਸਾਰੀਆਂ ਮੰਡੀਆਂ ਵਿੱਚ ਸਫ਼ਾਈ, ਬਿਜਲੀ, ਪੀਣ ਵਾਲਾ ਪਾਣੀ, ਵਾਸ਼ਰੂਮ, ਸ਼ੈੱਡ ਅਤੇ ਬੈਠਣ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਦੇ ਕੰਮਕਾਜ ਨੂੰ ਸੁਚਾਰੂ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਗਈ ਫ਼ਸਲ ਦਾ ਇੱਕ-ਇੱਕ ਦਾਣਾ ਖ਼ਰੀਦਿਆ ਜਾਵੇਗਾ। ਕੈਬਨਿਟ ਮੰਤਰੀ ਨੇ ਕਿਹਾ ਕਿ ਜਿੱਥੇ ਉਹ ਖੁਦ ਪੂਰੇ ਪੰਜਾਬ ਦੀਆਂ ਮੰਡੀਆਂ ਵਿੱਚ ਜਾ ਕੇ ਖ਼ਰੀਦ ਪ੍ਰਬੰਧਾਂ ਦੀ ਨਿਗਰਾਨੀ ਕਰ ਰਹੇ ਹਨ ਓਥੇ ਉਨ੍ਹਾਂ ਦੇ ਸਾਥੀ ਮੰਤਰੀ, ਵਿਧਾਇਕ, ਚੇਅਰਮੈਨ, ਰਾਜ ਸਰਕਾਰ ਦੇ ਉੱਚ ਅਧਿਕਾਰੀ ਵੀ ਮੰਡੀਆਂ ਵਿੱਚ ਖਰੀਦ ਪ੍ਰਬੰਧਾਂ ਦੀ ਨਿਗਰਾਨੀ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਸੂਬੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਫ਼ਸਲ ਨੂੰ ਪੂਰੀ ਤਰ੍ਹਾਂ ਪੱਕਣ 'ਤੇ ਕਟਾਉਣ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਝੋਨੇ ਦੀ ਫ਼ਸਲ ਵਿੱਚ ਨਮੀਂ ਦੀ ਮਾਤਰਾ 17 ਫ਼ੀਸਦੀ ਨਿਰਧਾਰਿਤ ਕੀਤੀ ਗਈ ਹੈ ਇਸ ਲਈ ਸਾਰੇ ਕਿਸਾਨ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਝੋਨੇ ਦੀ ਪਰਾਲੀ ਨੂੰ ਅੱਗ ਬਿਲਕੁਲ ਨਾ ਲਗਾਉਣ। ਇਸ ਮੌਕੇ ਸ੍ਰੀ ਕਟਾਰੂਚੱਕ ਨੇ ਮੰਡੀ ਵਿੱਚ ਆਏ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਵੀ ਗੱਲਬਾਤ ਕੀਤੀ। ਇਸ ਮੌਕੇ ਮਾਰਕਿਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ, ਜ਼ਿਲਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਸੁਖਜਿੰਦਰ ਸਿੰਘ, ਜ਼ਿਲਾ ਮੰਡੀ ਅਫ਼ਸਰ ਜਸਵਿੰਦਰ ਸਿੰਘ ਰਿਆੜ ਤੋਂ ਇਲਾਵਾ ਖ਼ਰੀਦ ਏਜੰਸੀਆਂ ਦੇ ਅਧਿਕਾਰੀ ਅਤੇ ਆੜ੍ਹਤੀਆ ਐਸੋਸੀਏਸ਼ਨ ਦੇ ਨੁਮਾਇੰਦੇ ਵੀ ਹਾਜ਼ਰ ਸਨ ।

## ਮੀਂਹ ਦੀ ਭਵਿੱਖਬਾਣੀ ਦੇ ਮੱਦੇ ਨਜ਼ਰ ਹਲਕਾ ਵਿਧਾਇਕ ਅਤੇ ਡਿਪਟੀ ਕਮਿਸ਼ਨਰ ਵੱਲੋਂ ਰਾਵੀ ਦੇ ਨਾਲ ਲੱਗਦੇ ਇਲਾਕਿਆਂ ਦਾ ਦੌਰਾ

ਅੰਮ੍ਰਿਤਸਰ, 6 ਅਕਤੂਬਰ: ਮੌਸਮ ਵਿਭਾਗ ਵਲੋਂ ਪੰਜਾਬ ਅਤੇ ਨਾਲ ਲੱਗਦੇ ਰਾਜਾਂ ਦੇ ਕੁੱਝ ਹਿੱਸਿਆਂ ਵਿੱਚ ਬਾਰਿਸ਼ ਦੀ ਸੰਭਾਵਨਾ ਨੂੰ ਮੁੱਖ ਰੱਖਦੇ ਹੋਏ ਅੱਜ ਅਜਨਾਲਾ ਹਲਕੇ ਦੇ ਵਿਧਾਇਕ ਸ ਕੁਲਦੀਪ ਸਿੰਘ ਧਾਲੀਵਾਲ ਅਤੇ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਰਾਵੀ ਦਰਿਆ ਦੇ ਨੇੜਲੇ ਇਲਾਕੇ ਦਾ ਦੌਰਾ ਕੀਤਾ। ਉਨਾਂ ਦੱਸਿਆ ਕਿ ਮੀਂਹ ਦੌਰਾਨ ਡੈਮਾਂ ਤੋਂ ਪਾਣੀ ਛੱਡਣ ਕਾਰਨ ਰਾਵੀ ਅਤੇ ਬਿਆਸ ਦਰਿਆ ਦੇ ਪਾਣੀ ਦੇ ਪੱਧਰ ਵਿੱਚ ਕੁੱਝ ਉਤਾਰ ਚੜਾਅ ਹੋ ਸਕਦਾ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਫਿਲਹਾਲ ਰਾਵੀ ਅਤੇ ਬਿਆਸ ਵਿੱਚ ਪਾਣੀ ਬਿਲਕੁਲ ਕੰਟਰੋਲ ਵਿੱਚ ਅਤੇ ਆਪਣੀ ਕ੍ਰੀਕ ਵਿੱਚ ਚੱਲ ਰਿਹਾ ਹੈ ਪਰ ਪਹਾੜਾਂ ਵਿੱਚ ਮੀਂਹ ਪੈਣ ਦੀ ਸੰਭਾਵਨਾਵਾਂ ਕਾਰਨ ਡੈਮਾਂ ਤੋਂ ਪਾਣੀ ਛੱਡਿਆ ਗਿਆ ਹੈ, ਜਿਸ ਕਾਰਨ ਪਾਣੀ ਦਾ ਪੱਧਰ ਵੱਧ ਸਕਦਾ ਹੈ, ਇਸ ਲਈ ਦਰਿਆ ਪਾਰ ਜਾਣ ਤੋਂ ਸੰਕੋਚ ਕੀਤਾ ਜਾਵੇ। ਵਿਧਾਇਕ ਸ ਕੁਲਦੀਪ ਸਿੰਘ ਧਾਲੀਵਾਲ ਨੇ ਵੀ ਸਮੂਹ ਵਸਨੀਕਾਂ ਨੂੰ ਬੇਨਤੀ ਕੀਤੀ ਕਿ ਇਸ ਸਮੇਂ ਦੌਰਾਨ ਦਰਿਆ ਪਾਰ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ ਅਤੇ ਕਿਸਾਨ ਤੇ ਪਸ਼ੂ ਪਾਲਕ ਆਪਣੇ ਪਸ਼ੂਆਂ ਨੂੰ ਦਰਿਆ ਦੇ ਕੰਢੇ ਜਾਂ ਦਰਿਆ ਦੇ ਅੰਦਰ ਨਾ ਜਾਣ ਦੇਣ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਰਾਵੀ ਵਿੱਚ 21 ਚੋਅ, ਖੱਡਾਂ ਅਤੇ ਨਾਲਿਆਂ ਦੇ ਨਾਲ-ਨਾਲ ਉੱਝ ਨਦੀ ਤੋਂ ਅਣ-ਨਿਯੰਤ੍ਰਿਤ ਪਾਣੀ ਆ ਕੇ ਪੈਂਦਾ ਹੈ, ਇਸ ਲਈ ਘੋਨੇਵਾਲ ਵਿਖੇ ਪਾਣੀ ਦੇ ਸਹੀ ਪੱਧਰ ਦੀ ਜਾਂਚ ਕਰਨ ਲਈ ਇੱਕ ਗੇਜ ਲਗਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਵਿਭਾਗ ਨੂੰ ਵੱਖ-ਵੱਖ ਚੋਅ ਥਾਵਾਂ 'ਤੇ ਗੇਜ ਵੀ ਸਥਾਪਤ ਕਰਨ ਲਈ ਹਦਾਇਤ ਕੀਤੀ ਗਈ ਹੈ। ਦੱਸਣ ਯੋਗ ਹੈ ਕਿ ਹੁਣ ਤੱਕ ਆਈ ਐਮ ਡੀ ਤੋਂ ਮੌਸਮ ਦੀ ਭਵਿੱਖਬਾਣੀ ਅਜੇ ਵੀ ਕਠੂਆ, ਗੁਰਦਾਸਪੁਰ, ਸਾਂਭਾ ਆਦਿ ਵਿੱਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਦਿਖਾ ਰਹੀ ਹੈ ਜੋ ਰਾਵੀ ਨਦੀ ਦੇ ਚੋਅ ਅਤੇ ਖੱਡਾਂ ਵਿੱਚ ਪਾਣੀ ਭਰਦੀ ਹੈ। ਜ਼ਿਲ੍ਹਾ ਪ੍ਰਸ਼ਾਸਨ ਦਿਨ-ਰਾਤ ਸਥਿਤੀ ਦੀ ਨਿਗਰਾਨੀ ਕਰ ਰਿਹਾ ਹੈ ਅਤੇ 24∅7 ਡਿਊਟੀਆਂ ਉੱਤੇ ਅਧਿਕਾਰੀ ਤੈਨਾਤ ਕੀਤੇ ਹੋਏ ਹਨ। ਜਿਲ੍ਹਾ ਪ੍ਰਸਾਸ਼ਨ ਵੱਲੋਂ ਜਿਲ੍ਹਾ ਪੱਧਰ ਉਤੇ ਹੈਲਪ ਲਾਈਨ ਨੰਬਰ 0183-2229125 ਅਤੇ ਅਜਨਾਲਾ ਵਿਖੇ ਹੈਲਪ ਲਾਈਨ ਨੰਬਰ 01858-245510 ਵੀ ਸਥਾਪਿਤ ਕੀਤੇ ਹੋਏ ਹਨ।

# ਨਕਲੀ ਅਤੇ ਮਿਲਾਵਟੀ ਖੁਰਾਕ ਪਦਾਰਥ ਵੇਚਣ ਵਾਲਿਆਂ ਖਿਲਾਫ ਸਖਤ ਕਾਰਵਾਈ ਹੋਵੇਗੀ

**ਏਜੰਸੀਆਂ**

ਚੰਡੀਗੜ੍ਹ, 6 ਅਕਤੂਬਰ: ਹਰਿਆਣਾ ਦੀ ਸਿਹਤ ਮੰਤਰੀ ਸ੍ਰੀਮਤੀ ਆਰਤੀ ਸਿੰਘ ਰਾਓ ਨੇ ਸਪਸ਼ਟ ਕਿਹਾ ਕਿ ਤਿਉਹਾਰੀ ਸੀਜਨ ਵਿੱਚ ਆਮਜਨਤਾ ਨੂੰ ਸ਼ੁੱਧ ਅਤੇ ਸੁਰੱਖਿਅਤ ਖੁਰਾਕ ਸਮੱਗਰੀ ਉਪਲਬਧ ਕਰਾਉਣਾ ਸੂਬਾ ਸਰਕਾਰ ਦੀ ਸਰਵੋਚ ਪ੍ਰਾਥਮਿਕਤਾ ਹੈ। ਉਨ੍ਹਾਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਸਖਤ ਨਿਰਦੇਸ਼ ਦਿੱਤੇ ਹਨ ਕਿ ਨਕਲੀ ਅਤੇ ਮਿਲਾਵਟੀ ਖੁਰਾਕ ਪਦਾਰਥ ਵੇਚਣ ਵਾਲਿਆਂ ਖਿਲਾਫ ਕਿਸੇ ਵੀ ਤਰ੍ਹਾ ਦੀ ਢਿੱਲ ਨਾ ਵਰਤੀ ਜਾਵੇ ਅਤੇ ਦੋਸ਼ੀ ਪਾਏ ਜਾਣ 'ਤੇ ਉਨ੍ਹਾਂ ਦੇ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਸਿਹਤ ਮੰਤਰੀ ਨੇ ਕਿਹਾ ਕਿ ਤਿਉਹਾਰਾ ਦੇ ਮੌਕੇ 'ਤੇ ਦੁੱਧ, ਦੁੱਧ ਨਾਲ ਬਣੇ ਉਤਪਾਦਾਂ ਅਤੇ ਮਿਠਾਈਆਂ ਦੀ ਮੰਗ ਵਿੱਚ ਅਚਾਨਕ ਵਾਧਾ ਹੋ ਜਾਂਦਾ ਹੈ। ਅਜਿਹੇ ਵਿੱਚ ਕੁੱਝ ਅਸਮਾਜਿਕ ਤੱਤ ਅਤੇ ਵਪਾਰੀ ਮਿਲਾਵਟਖੋਰੀ ਕਰਨ ਤੋਂਵੀ ਬਾਜ ਨਹੀਂ ਆਉਂਦੇ, ਜਿਸ ਨਾਲ ਲੋਕਾਂ ਦੀ ਸਿਹਤ 'ਤੇ ਗੰਭੀਰ ਖਤਰਾ ਉਤਪਨ ਹੋ ਸਕਦਾ ਹੈ। ਇਸ 'ਤੇ ਰੋਕ ਲਗਾਉਣ ਲਈ ਸਿਹਤ ਵਿਭਾਗ ਦੇ ਸਾਰੇ ਅਧਿਕਾਰੀਆਂ ਨੂੰ ਆਪਣੇ-ਆਪਣੇ ਖੇਤਰ ਵਿੱਚ ਅਚਾਨਕ ਨਿਰੀਖਣ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਨੇ ਦਸਿਆ ਕਿ ਵਿਸ਼ੇਸ਼ ਰੂਪ ਨਾਲ ਮਿਠਾਈ ਦੀ ਦੁਕਾਨਾਂ, ਡੇਅਰੀਆਂ, ਪੈਕਡ ਮਿਲਕ ਪ੍ਰੋਡਕਟਸ ਬਨਾਉਣ ਵਾਲੀ ਫੈਕਟਰੀਆਂ ਅਤੇ ਹੋਰ ਖੁਰਾਕ ਦੁਕਾਨਾਂ 'ਤੇ ਨਜਰ ਰੱਖੀ ਜਾਵੇਗੀ। ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਹਨ ਕਿ ਉਹ ਨਿਯਮਤ ਅੰਤਰਾਲ 'ਤੇ ਜਾਂਚ ਕਰਨ, ਸ਼ੱਕੀ ਖੁਰਾਕ ਸਮੱਗਰੀ ਦੇ ਸੈਂਪਲ ਭਰਨ ਅਤੇ ਰਿਪੋਰਟ ਆਉਣ 'ਤੇ ਦੋਸ਼ੀ ਪਾਏ ਜਾਣ ਵਾਲੇ ਵਿਕਰੇਤਾਵਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਾ ਜਾਵੇ। ਸਿਹਤ ਮੰਤਰੀ ਨੇ ਇਹ ਵੀ ਕਿਹਾ ਕਿ ਆਮਜਨਤਾ ਦਾ ਸਿਹਤ ਅਤੇ ਸੁਰੱਖਿਆ ਸੂਬਾ ਸਰਕਾਰ ਦੀ ਜਿਮੇਵਾਰੀ ਹੈ ਅਤੇ ਇਸ ਵਿੱਚ ਕਿਸੇ ਤਰ੍ਹਾ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕੋਈ ਮਿਲਾਵਟੀ ਖੁਰਾਕ ਪਦਾਰਥ ਦੀ ਵਿਕਰੀ ਹੁੰਦੀ ਦਿਖਾਈ ਦਵੇ ਤਾਂ ਤੁਰੰਤ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਸੂਚਨਾ ਦੇਣ। ਇਸ ਮੌਕੇ 'ਤੇ ਖੁਰਾਕ ਅਤੇ ਔਸ਼ਧੀ ਪ੍ਰਸਾਸ਼ਨ ਵਿਭਾਗ ਦੇ ਕਮਿਸ਼ਨਰ ਨੇ ਜਾਣਕਾਰੀ ਦਿੱਤੀ ਕਿ ਵਿਭਾਗ ਵੱਲੋਂ ਸਾਲ 2025 ਵਿੱਚ ਹੁਣ ਤੱਕ ਵਿਆਪਕ ਪੱਧਰ 'ਤੇ ਨਿਰੀਖਣ ਕੀਤੇ ਗਏ ਹਨ। ਉਨ੍ਹਾਂ ਨੇ ਦਸਿਆ ਕਿ 1 ਜਨਵਰੀ, 2025 ਤੋਂ 31 ਅਗਸਤ 2025 ਤੱਕ ਕੁੱਲ 1289 ਸੈਂਪਲ ਲਏ ਗਏ, ਜਿਨ੍ਹਾਂ ਵਿੱਚੋਂ 987 ਸੈਂਪਲ ਸਹੀ ਪਾਏ ਗਏ ਜਦੋਂ ਕਿ 302 ਸੈਂਪਲ ਫੇਲ ਪਾਏ ਗਏ। ਇੰਨ੍ਹਾਂ ਫੇਲ ਸੈਂਪਲਾਂ 'ਤੇ ਸਬੰਧਿਤ ਦੁਕਾਨਦਾਰਾਂ ਅਤੇ ਵਿਕਰੇਤਾਵਾਂ ਦੇ ਵਿਰੁੱਧ ਨਿਯਮ ਅਨੁਸਾਰ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਕਮਿਸ਼ਨਰ ਨੇ ਇਹ ਵੀ ਕਿਹਾ ਕਿ ਨਿਯਮਤ ਰੂਪ ਨਾਲ ਚਲਾਏ ਜਾ ਰਹੇ ਇਸ ਮੁਹਿੰਮ ਦੇ ਚਲਦੇ ਸੂਬੇ ਵਿੱਚ ਮਿਲਾਵਟੀ ਖੁਰਾਕ ਪਦਾਰਥ ਵੇਚਣ ਵਾਲਿਆਂ 'ਤੇ ਸਖਤ ਸ਼ਿਕੰਜਾਂ ਕਸਿਆ ?ਾ ਰਿਹਾ ਹੈ। ਵਿਭਾਗ ਨੇ ਚੇਤਾਵਨੀ ਦਿੱਤੀ ਕਿ ਕਿਸੇ ਵੀ ਦੁਕਾਨਦਾਰ ਜਾਂ ਖੁਰਾਕ ਕਾਰੋਬਾਰੀ ਨੂੰ ਸਿਹਤ ਨਾਲ ਖਿਲਵਾੜ ਕਰਨ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ।

# ਭਾਈ ਰਾਜੋਆਣਾ ਮਾਮਲੇ 'ਚ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਖੇਡਣ ਦੀ ਕੋਸ਼ਿਸ਼ ਨਾ ਕਰੇ ਕੇਂਦਰ: ਗਿਆਨੀ ਹਰਪ੍ਰੀਤ ਸਿੰਘ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 6 ਅਕਤੂਬਰ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਹੈ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਸਬੰਧੀ ਕੋਈ ਵੀ ਅਜਿਹਾ ਫੈਸਲਾ ਨਾ ਲਿਆ ਜਾਵੇ ਜਿਸ ਨਾਲ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੇ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨੇ ਕਈ ਦਹਾਕਿਆਂ ਤੱਕ ਕਾਲਾ ਦੌਰ ਦੇਖਿਆ ਹੈ ਅਤੇ ਹੁਣ ਮੁੜ ਉਹ ਜਖ਼ਮਾਂ ਨੂੰ ਉਚੇੜਣ ਦੀ ਕੋਸ਼ਿਸ਼ ਬਹੁਤ ਹੀ ਗੰਭੀਰ ਸਾਜ਼ਿਸ਼ ਹੈ। ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਭਾਈ ਰਾਜੋਆਣਾ ਨਾਲ ਜੁੜਿਆ ਮਾਮਲਾ ਕੋਈ ਵਿਅਕਤੀਗਤ ਨਹੀਂ ਸਗੋਂ ਪੂਰੀ ਸਿੱਖ ਕੌਮ ਦੀਆਂ ਆਸਥਾਵਾਂ ਅਤੇ ਸਤਿਕਾਰ ਨਾਲ ਜੁੜਿਆ ਹੈ। 2012 ਵਿਚ ਜਦੋਂ ਰਾਜੋਆਣਾ ਦੀ ਫਾਂਸੀ ਦਾ ਖਤਰਾ ਮੰਡਰਾਇਆ ਸੀ, ਤਾਂ ਪੂਰੀ ਸਿੱਖ ਕੌਮ ਇਕਜੁੱਟ ਹੋ ਕੇ ਸੰਘਰਸ਼ ਲਈ ਖੜੀ ਹੋਈ ਸੀ ਜਿਸ ਕਰਕੇ ਉਸ ਵੇਲੇ ਦੀ ਕੇਂਦਰ ਸਰਕਾਰ ਨੂੰ ਪਿੱਛੇ ਹਟਣਾ ਪਿਆ ਸੀ। ਹੁਣ ਮੁੜ ਇਸ ਮਾਮਲੇ ਨੂੰ ਉੱਠਾਉਣਾ ਕੇਂਦਰ ਦੇ ਸਿੱਖ ਵਿਰੋਧੀ ਮਨਸੂਬਿਆਂ ਨੂੰ ਬੇਨਕਾਬ ਕਰਦਾ ਹੈ। ਅਕਾਲੀ ਦਲ ਪ੍ਰਧਾਨ ਨੇ ਪੰਜਾਬ ਸਰਕਾਰ ਨੂੰ ਵੀ ਸਿੱਧਾ ਚੁਣੌਤੀ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਤੁਰੰਤ ਆਪਣਾ ਸਪਸ਼ਟ ਸਟੈਂਡ ਜਨਤਾ ਸਾਹਮਣੇ ਰੱਖੇ। ਸਿੱਖ ਕੌਮ ਜਾਣਨਾ ਚਾਹੁੰਦੀ ਹੈ ਕਿ ਕੀ ਪੰਜਾਬ ਸਰਕਾਰ ਆਪਣੇ ਲੋਕਾਂ ਅਤੇ ਸਿੱਖ ਭਾਵਨਾਵਾਂ ਦੇ ਨਾਲ ਖੜੀ ਹੈ ਜਾਂ ਕੇਂਦਰ ਦੇ ਦਬਾਅ ਹੇਠ ਕੰਮ ਕਰ ਰਹੀ ਹੈ। ਚੁੱਪ ਰਹਿਣਾ ਜਾਂ ਦੋਹਰੇ ਮਾਪਦੰਡ ਰੱਖਣਾ ਸਰਕਾਰ ਲਈ ਘਾਤਕ ਸਾਬਤ ਹੋਵੇਗਾ। ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ



ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਹਾਲੀਆ ਮੀਟਿੰਗ 'ਤੇ ਵੀ ਗੰਭੀਰ ਸਵਾਲ ਉਠਾਉਂਦੇ ਕਿਹਾ ਕਿ ਇਹ ਮੀਟਿੰਗ ਕਿਸੇ ਵੱਡੇ ਭੇਦ ਅਤੇ ਛੁਪੀ ਯੋਜਨਾ ਵੱਲ ਇਸ਼ਾਰਾ ਕਰਦੀ ਹੈ। ਮੀਡੀਆ ਰਿਪੋਰਟਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿਚ 50 ਮਿਲਟਰੀ ਕੰਪਨੀਆਂ ਦੀ ਤਾਇਨਾਤੀ ਕਰਕੇ ਡਰ ਅਤੇ ਸਹਿਮ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਇਹ ਪੰਜਾਬੀ ਲੋਕਾਂ ਦੇ ਹੌਸਲੇ ਤੋੜਣ ਦੀ ਸਾਜ਼ਿਸ਼ ਹੈ ਪਰ ਇਤਿਹਾਸ ਗਵਾਹ ਹੈ ਕਿ ਸਿੱਖ ਕੌਮ ਕਦੇ ਵੀ ਕਿਸੇ ਦਬਾਅ ਜਾਂ ਜ਼ਬਰ ਅੱਗੇ ਨਹੀਂ ਝੁਕੀ। ਉਨ੍ਹਾਂ ਨੇ ਯਾਦ ਦਿਵਾਇਆ ਕਿ ਭਾਈ ਰਾਜੋਆਣਾ ਆਪਣੀ ਮਿਲੀ ਸਜ਼ਾ ਤੋਂ ਕਈ ਗੁਣਾ ਵੱਧ ਸਮਾਂ ਪਹਿਲਾਂ ਹੀ ਜੇਲ੍ਹ ਦੀ ਕਾਲ ਕੋਠੜੀ ਵਿੱਚ ਬਿਤਾ ਚੁੱਕੇ ਹਨ। ਕੋਈ ਵੀ ਕਾਨੂੰਨ ਅਜਿਹੀ ਇਜਾਜ਼ਤ ਨਹੀਂ ਦਿੰਦਾ ਕਿ ਕਿਸੇ ਕੈਦੀ ਨੂੰ ਉਸਦੀ ਸਜ਼ਾ ਤੋਂ ਵੱਧ ਸਮੇਂ ਲਈ ਬੰਦ ਰੱਖਿਆ ਜਾਵੇ। ਅੰਤ ਵਿਚ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਚਿਤਾਵਨੀ ਦਿੰਦੇ ਕਿਹਾ ਕਿ ਜੇਕਰ ਕੇਂਦਰ ਅਤੇ ਪੰਜਾਬ ਸਰਕਾਰ ਨੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਅਣਦੇਖਾ ਕੀਤਾ ਤਾਂ ਇਸ ਦੇ ਗੰਭੀਰ ਨਤੀਜੇ ਨਿਕਲਣਗੇ ਅਤੇ ਪੂਰੀ ਜ਼ਿੰਮੇਵਾਰੀ ਦੋਵੇਂ ਸਰਕਾਰਾਂ ਉੱਪਰ ਹੋਵੇਗੀ। ਉਨ੍ਹਾਂ ਨੇ ਅਪੀਲ ਕੀਤੀ ਕਿ ਸਿੱਖ ਕੌਮ ਦੇ ਜਜ਼ਬਾਤਾਂ ਦੀ ਕਦਰ ਕਰਦਿਆਂ ਇਸ ਮਾਮਲੇ ਵਿੱਚ ਸੰਵੇਦਨਸ਼ੀਲਤਾ ਨਾਲ ਫ਼ੈਸਲਾ ਕੀਤਾ ਜਾਵੇ ਕਿਉਂਕਿ ਸਿੱਖ ਕੌਮ ਪਹਿਲਾਂ ਹੀ ਕਈ ਜ਼ਖ਼ਮਾਂ ਨਾਲ ਗੁਜ਼ਰ ਚੁੱਕੀ ਹੈ।